ISSN 2394-8507
ਭੇਟਾ : ₹ ੫/-


ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੪ ਮਾਘ-ਫੱਗਣ ਸੰਮਤ ਨਾਨਕਸ਼ਾਹੀ ੫੫੨ ਫਰਵਰੀ 2021 ਅੰਕ : ੧੧
Vol. : 64 February 2021 Issue : 11

ਵਿਸ਼ੇਸ਼ ਅੰਕ

## ਸਾਕਾ ਸ੍ਰੀ ਨਨਕਾਣਾ ਸਾਹਿਬ ਦਾ ਦ੍ਰਿਸ਼



# ਸੰਦੇਸ਼

ਸਿੱਖ ਕੌਮ ਨੂੰ ਵੱਖ-ਵੱਖ ਸਮਿਆਂ ਦੀਆਂ ਜਾਬਰ ਹਕੂਮਤਾਂ ਵੱਲੋਂ ਵੰਗਾਰਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਜਿਸ ਦਾ ਕਾਰਨ ਇਸ ਦਾ ਇਤਿਹਾਸ ਅਤੇ ਵਿਰਸਾ ਬਾਕੀ ਕੌਮਾਂ ਨਾਲੋਂ ਵਿਲੱਖਣ ਹੈ। ਸਿੱਖ ਇਤਿਹਾਸ ਦਾ ਹਰੇਕ ਪੰਨਾ ਮਹਾਨ ਸੂਰਬੀਰ ਯੋਧਿਆਂ ਦੀਆਂ ਲਾਸਾਨੀ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਸਾਕਿਆਂ, ਮੋਰਚਿਆਂ ਅਤੇ ਘੱਲੂਘਾਰਿਆਂ ਦਾ ਇਤਿਹਾਸ ਸਿੱਖ ਗ਼ੈਰਤ ਦਾ ਪ੍ਰਮਾਣ ਹੈ। ਆਪਣੇ ਪ੍ਰਾਣਾਂ ਨਾਲੋਂ ਪਿਆਰੇ ਗੁਰਦੁਆਰਾ ਸਾਹਿਬਾਨ ਨੂੰ ਮਹੰਤਾਂ ਕੋਲੋਂ ਅਜ਼ਾਦ ਕਰਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸ਼ੁਰੂ ਕੀਤੀ। ਮਹੰਤਾਂ ਦੇ ਕੁਕਰਮਾਂ ਦੀ ਮੈਲ ਨੂੰ ਸਿੱਖ ਬੱਚਿਆਂ, ਬਜ਼ੁਰਗਾਂ ਤੇ ਮਾਤਾਵਾਂ ਨੇ ਆਪਣੇ ਖ਼ੂਨ ਨਾਲ ਧੋ ਕੇ ਗੁਰਦੁਆਰਾ ਸਾਹਿਬਾਨ ਨੂੰ ਸੰਗਤੀ ਪ੍ਰਬੰਧ ਹੇਠ ਲਿਆਂਦਾ। ਇਸੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਅਸਥਾਨ ਸ੍ਰੀ ਨਨਕਾਣਾ ਸਾਹਿਬ ਨੂੰ ਮਹੰਤ ਨਰੈਣ ਦਾਸ ਕੋਲੋਂ ਅਜ਼ਾਦ ਕਰਾਉਣ ਲਈ ਬੇਅੰਤ ਸਿੰਘਾਂ-ਸਿੰਘਣੀਆਂ ਨੇ ਸ਼ਾਂਤਮਈ ਰਹਿੰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। 21 ਫਰਵਰੀ, 2021 ਈ. ਨੂੰ ਸਾਕਾ ਸ੍ਰੀ ਨਨਕਾਣਾ ਸਾਹਿਬ ਦੀ ਪਹਿਲੀ ਸ਼ਤਾਬਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸੰਗਤ ਦੇ ਸਹਿਯੋਗ ਨਾਲ ਪੰਥਕ ਰਵਾਇਤਾਂ ਅਨੁਸਾਰ ਮਨਾਈ ਜਾ ਰਹੀ ਹੈ। ਇਸ ਮੌਕੇ ਇਸ ਲਾਸਾਨੀ ਸਾਕੇ ਦੇ ਇਤਿਹਾਸ ਬਾਰੇ 'ਗੁਰਮਤਿ ਪ੍ਰਕਾਸ਼' ਦਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਗਿਆ ਹੈ। ਜਿਨ੍ਹਾਂ ਵਿਦਵਾਨ ਲੇਖਕਾਂ ਨੇ ਇਸ ਅੰਕ ਲਈ ਆਪਣੇ ਵਡਮੁੱਲੇ ਲੇਖ ਭੇਜੇ ਹਨ ਮੈਂ ਉਨ੍ਹਾਂ ਦਾ ਧੰਨਵਾਦ ਕਰਦੀ ਹਾਂ। ਆਸ ਹੈ ਕਿ ਪਾਠਕ ਇਸ ਅੰਕ ਨੂੰ ਪੜ੍ਹ ਕੇ ਆਪਣੇ ਸ਼ਾਨਾਂਮੱਤੇ ਇਤਿਹਾਸ ਤੋਂ ਜਾਣੂ ਹੋਣਗੇ ਅਤੇ ਆਪਣੇ ਵਿਰਸੇ ਉੱਪਰ ਮਾਣ ਕਰਨਗੇ। ਅੱਜ ਸਾਨੂੰ ਲੋੜ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖੀ ਦੀ ਰਹਿਤ ਨਾਲ ਜੋੜ ਕੇ ਉਨ੍ਹਾਂ ਦੇ ਉੱਚੇ-ਸੁੱਚੇ ਕਿਰਦਾਰ ਘੜੀਏ। ਆਪਣੇ ਬੱਚਿਆਂ ਦੀ ਇਨ੍ਹਾਂ ਸ਼ਤਾਬਦੀ ਸਮਾਗਮਾਂ ਵਿਚ ਸ਼ਮੂਲੀਅਤ ਕਰਵਾਈਏ ਤਾਂ ਜੋ ਉਹ ਅਜੋਕੀ 21ਵੀਂ ਸਦੀ ਦੇ ਸਰੋਕਾਰਾਂ ਦੇ ਨਾਲ-ਨਾਲ ਆਪਣੇ ਲਾਸਾਨੀ ਇਤਿਹਾਸ ਤੇ ਅਮੀਰ ਵਿਰਸੇ ਨੂੰ ਜਾਣ ਸਕਣ। ਇਹੋ ਸਾਡੀ ਆਪਣੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਗੁਰੂ-ਪੰਥ ਦੀ ਦਾਸ

(ਜਗੀਰ ਕੌਰ)

ਪ੍ਰਧਾਨ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮਾਘ-ਫੱਗਣ, ਸੰਮਤ ਨਾਨਕਸ਼ਾਹੀ ੫੫੨ ਫਰਵਰੀ 2021

ਜਿਲਦ ੬੪ *(Vol. 64)* ਅੰਕ ੧੦ *(Issue 11)*

**ਮੁੱਖ ਸੰਪਾਦਕ**
**ਸਿਮਰਜੀਤ ਸਿੰਘ**

**ਸੰਪਾਦਕ**
**ਸਤਵਿੰਦਰ ਸਿੰਘ**

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

***Secretary***
***Dharam Parchar Committee***
***(S.G.P.C.)***
***Sri Amritsar-143006***

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net
e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੭ |
| ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (ਸਾਕਾ ਨਨਕਾਣਾ ਸਾਹਿਬ) | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੮ |
| ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ | -ਸਿਮਰਜੀਤ ਸਿੰਘ | ੧੩ |
| ਸਾਕਾ ਨਨਕਾਣਾ ਸਾਹਿਬ ਅਤੇ ਬਾਬਾ ਕਰਤਾਰ ਸਿੰਘ ਬੇਦੀ | -ਡਾ. ਪਰਮਵੀਰ ਸਿੰਘ | ੩੭ |
| ਗਾਥਾ ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ | -ਸ. ਹਰਵਿੰਦਰ ਸਿੰਘ ਖਾਲਸਾ | ੪੩ |
| ਸ਼ਹੀਦ ਲਛਮਣ ਸਿੰਘ ਦੀ ਵਾਰ | -ਡਾ. ਧਰਮ ਸਿੰਘ | ੪੮ |
| ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ | -ਜਨਾਬ ਬਸ਼ੀਰ ਮੁਹੰਮਦ | ੫੭ |
| ਸਾਕਾ ਨਨਕਾਣਾ ਸਾਹਿਬ-ਇਕ ਨਜ਼ਰੀਆ | -ਪ੍ਰੋ. ਦਲਜੀਤ ਸਿੰਘ | ੬੧ |
| ਸ੍ਰੀ ਗੁਰੂ ਹਰਿਰਾਇ ਸਾਹਿਬ : ਜੀਵਨ ਝਾਤ | -ਗਿ. ਸੁਰਿੰਦਰ ਸਿੰਘ ਨਿਮਾਣਾ | ੬੪ |
| ਭਗਤ ਰਵਿਦਾਸ ਜੀ ਦੀ ਵਿਚਾਰਧਾਰਾ | -ਬਿਕਰਮਜੀਤ ਸਿੰਘ ਜੀਤ | ੬੭ |
| ਵੱਡਾ ਘਲੂੱਘਾਰਾ | -ਸ. ਨਰਿੰਦਰ ਸਿੰਘ | ੭੩ |
| ਲੱਦਾਖ ਦਾ ਹੀਰੋ : ਜਰਨਲ ਬਿਕਰਮ ਸਿੰਘ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੭੫ |
| . . . ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ | -ਡਾ. ਪਰਮਵੀਰ ਸਿੰਘ | ੯੦ |
| ਪੁਸਤਕ ਰੀਵਿਊ | -ਸਤਵਿੰਦਰ ਸਿੰਘ ਫੂਲਪੁਰ | ੯੮ |
| ਸ੍ਰੀ ਗੁਰੂ ਹਰਿਰਾਇ ਸਾਹਿਬ ਜੀ (ਕਵਿਤਾ) | -ਡਾ. ਹਰੀ ਸਿੰਘ ਜਾਚਕ | ੯੯ |
| ਚੱਲ ਸਿੰਘਾ! ਨਨਕਾਣੇ ਚੱਲੀਏ (ਕਵਿਤਾ) | -ਗਿਆਨੀ ਸੋਹਣ ਸਿੰਘ ਸੀਤਲ | ੧੦੦ |
| ਹਾਇ! ਪਕੜ ਕੇ ਜ਼ਿੰਦਾ ਜਲਾ ਦਿੱਤਾ (ਕਵਿਤਾ) | -ਸ. ਬਿਸ਼ਨ ਸਿੰਘ | ੧੦੩ |
| ਖ਼ਬਰਨਾਮਾ | | ੧੦੫ |

# ਗੁਰਬਾਣੀ ਵਿਚਾਰ

*ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥*
*ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥*
*ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥*
*ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥*
*ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥*
*ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥੧੩॥*
*ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥*
*ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥*
*ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥*
*ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥*
*ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥*
*ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥*
*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥੧੪॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਰਾਗ ਮਾਂਝ ਦੇ ਬਾਰਹ ਮਾਹਾ ਵਿਚ ਇਸ ਪਦੇ ਰਾਹੀਂ ਫੱਗਣ ਮਹੀਨੇ ਦੀ ਰੁੱਤ ਅਤੇ ਮਾਹੌਲ ਦੇ ਪ੍ਰਥਾਏ ਜੀਵ-ਇਸਤਰੀ ਨੂੰ ਪਰਮਾਤਮਾ ਦੇ ਨਾਮ-ਰੰਗ 'ਚ ਰੰਗੇ ਜਾਣ ਦਾ ਅਧਿਆਤਮਿਕ ਮਾਰਗ ਦਰਸਾਉਂਦੇ ਹਨ।

ਗੁਰੂ ਜੀ ਫੁਰਮਾਨ ਕਰਦੇ ਹਨ ਕਿ ਫੱਗਣ ਮਹੀਨੇ ਵਿਚ ਜਿਹੜੀ ਜੀਵ-ਇਸਤਰੀ ਦੇ ਸਾਹਮਣੇ ਪਰਮਾਤਮਾ ਰੂਪੀ ਪ੍ਰੀਤਮ ਪਿਆਰਾ ਪ੍ਰਤੱਖ ਹੋ ਜਾਂਦਾ ਹੈ, ਉਸ ਨੂੰ ਅਨੰਦ ਹੀ ਅਨੰਦ ਅਨੁਭਵ ਹੁੰਦਾ ਹੈ। ਸੰਤ ਭਾਵ ਪਰਮਾਤਮਾ ਨਾਲ ਇੱਕਮਿੱਕ ਹੋ ਚੁੱਕੇ ਗੁਰਮੁਖ-ਜਨ ਅਰਥਾਤ ਸਤਿਗੁਰੂ ਪਰਮਾਤਮਾ ਦਾ ਮਿਲਾਪ ਕਰਾਉਣ 'ਚ ਮਿਹਰ ਦ੍ਰਿਸ਼ਟੀ ਕਰ ਕੇ ਸਹਾਇਕ ਸਿੱਧ ਹੁੰਦੇ ਹਨ। ਪ੍ਰੀਤਮ ਪਿਆਰਾ ਮਿਲ ਜਾਣ ਕਰਕੇ ਜੀਵ-ਇਸਤਰੀ ਦਾ ਦਿਲ ਸੁੰਦਰ ਸੇਜਾ ਬਣ

ਜਾਂਦਾ ਹੈ। ਉਸ ਦੇ ਹਿਰਦੇ 'ਚ ਸਾਰੇ ਸੁੱਖ ਹਾਸਲ ਹੁੰਦੇ ਹਨ। ਹੁਣ ਦੁੱਖਾਂ ਦੀ ਕੋਈ ਥਾਂ ਹੀ ਨਹੀਂ ਰਹਿ ਜਾਂਦੀ। ਖੁਸ਼ਕਿਸਮਤ ਜੀਵ-ਇਸਤਰੀ ਦੀ ਖਾਹਿਸ਼ ਪੂਰੀ ਹੋ ਜਾਂਦੀ ਹੈ; ਉਸ ਨੂੰ ਪਰਮਾਤਮਾ ਰੂਪੀ ਰਾਜਾ ਪਤੀ ਜੁ ਮਿਲ ਗਿਆ। ਉਹ ਸਤਿਸੰਗੀ ਸਹੇਲੀਆਂ ਨਾਲ ਖੁਸ਼ੀ ਦੇ ਗੀਤ ਗਾਉਂਦੀ ਹੈ। ਉਹ ਪਰਮਾਤਮਾ ਦੀ ਸੱਚੀ ਉਸਤਤੀ ਦਾ ਅਲਾਪ ਕਰਦੀ ਹੈ। ਉਸ ਨੂੰ ਪਰਮਾਤਮਾ ਵਰਗਾ ਹੋਰ ਕੋਈ ਦਿੱਸਦਾ ਹੀ ਨਹੀਂ। ਕੋਈ ਦੂਸਰਾ ਪਰਮਾਤਮਾ ਤੁਲ ਨਜ਼ਰ ਨਹੀਂ ਆਉਂਦਾ। ਵੱਡੇ ਭਾਗਾਂਵਾਲੀ ਜੀਵ-ਇਸਤਰੀ ਦਾ ਇਹ ਲੋਕ ਅਤੇ ਪਰਲੋਕ ਉਸ ਪਿਆਰੇ ਪ੍ਰਭੂ ਨੇ ਸੁਆਰ ਦਿੱਤਾ ਹੈ। ਉਸ ਨੂੰ ਸਦੀਵੀ ਥਾਂ-ਟਿਕਾਣਾ ਪ੍ਰਦਾਨ ਕਰ ਦਿੱਤਾ ਹੈ। ਉਸ ਨੇ ਐਸੀ ਜੀਵ-ਇਸਤਰੀ ਦਾ ਸੰਸਾਰ ਤੋਂ ਪਾਰ-ਉਤਾਰਾ ਕਰ ਦਿੱਤਾ ਭਾਵ ਉਸ ਦੇ ਸਭ ਸੰਸਾਰਕ ਸੰਸੇ ਅਤੇ ਦੁੱਖੜੇ ਖ਼ਤਮ ਹੋ ਗਏ। ਉਹ ਵਾਰ-ਵਾਰ ਜਨਮ ਨਹੀਂ ਲੈਂਦੀ।

ਗੁਰੂ ਜੀ ਕਥਨ ਕਰਦੇ ਹਨ ਕਿ ਭਾਵੇਂ ਮਨੁੱਖ ਦੀ ਇਕ ਹੀ ਜੀਭ ਹੈ ਅਤੇ ਉਸ ਪਰਮਾਤਮਾ ਦੇ ਗੁਣ ਅਨੇਕਾਂ ਹਨ ਪਰੰਤੂ ਇਸ ਨਾਲ ਪਰਮਾਤਮਾ ਦੇ ਗੁਣਾਂ ਦਾ ਹੀ ਗਾਇਨ ਕਰਨਾ ਹੈ। ਹੇ ਨਾਨਕ! ਮਨੁੱਖ ਨੂੰ ਅਧਿਆਤਮਿਕ ਓਟ ਤੱਕਦਿਆਂ ਪਰਮਾਤਮਾ ਦੀ ਚਰਨ-ਸ਼ਰਨ 'ਚ ਆ ਕੇ ਪਾਰ ਉਤਾਰਾ ਮਿਲਦਾ ਹੈ। ਫੱਗਣ ਦੀ ਠੰਡ ਮੁੱਕ ਜਾਣ ਵਾਲੇ ਮਹੀਨੇ ਵਿਚ ਵੱਡੇ ਭਾਗਾਂ ਵਾਲੀ ਜੀਵ-ਇਸਤਰੀ (ਬਾਹਰੀ ਸੰਸਾਰਕ ਰੰਗਾਂ ਨਾਲ ਹੋਲੀ ਖੇਡਣ ਦੀ ਥਾਂ) ਸਦਾ ਪ੍ਰਭੂ ਦੀ ਸਿਫਤ-ਸਾਲਾਹ ਦਾ ਰਸਤਾ ਗੁਰੂ-ਗਿਆਨ ਦੀ ਸੇਧ ਵਿਚ ਅਪਣਾਉਂਦੀ ਹੈ, ਜਿਸ ਪ੍ਰਭੂ ਨੂੰ ਰੰਚਕ-ਮਾਤਰ ਵੀ ਕੋਈ ਲਾਲਚ ਨਹੀਂ। ਅਰਥਾਤ ਸੰਸਾਰ ਸਾਗਰ ਤੋਂ ਪਾਰ-ਉਤਾਰਾ ਸੱਚਾ ਗੁਰੂ ਹੀ ਕਰਵਾ ਸਕਦਾ ਹੈ ਤੇ ਪਰਮਾਤਮਾ ਨਾਲ ਮਿਲਾ ਸਕਦਾ ਹੈ।

ਬਾਰਹ ਮਾਹਾ ਦੇ ਅੰਤਮ ਪਦੇ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਵੀ ਕਿਸੇ ਇਨਸਾਨ ਨੇ ਪਰਮਾਤਮਾ ਦੇ ਸੱਚੇ ਨਾਮ ਨੂੰ ਯਾਦ ਕੀਤਾ ਉਸੇ ਦੇ ਹੀ ਕੰਮ ਪੂਰੇ ਹੋਏ। ਜਿਸ ਕਿਸੇ ਨੇ ਪੂਰਨ ਗੁਰੂ ਨੂੰ ਚਿਤਵਿਆ ਹੈ, ਉਹ ਪ੍ਰਭੂ-ਦਰਬਾਰ 'ਚ ਸਹੀ-ਸੱਚਾ ਸਿੱਧ ਹੁੰਦਾ ਹੈ। ਪਰਮਾਤਮਾ ਦੇ ਚਰਨ-ਕਮਲਾਂ ਰੂਪੀ ਸਾਰੇ ਸੁਖਾਂ ਦਾ ਖ਼ਜ਼ਾਨਾ ਉਸ ਦੇ ਪਾਸ ਹੁੰਦਾ ਹੈ ਜਿਸ ਕਰਕੇ ਉਹ ਡਰ ਦਾ ਸਮੁੰਦਰ ਤਰ ਜਾਂਦਾ ਹੈ, ਜੋ ਤਰਨਾ ਬੜਾ ਕਠਿਨ ਹੈ। ਅਜਿਹੇ ਮਨੁੱਖਾਂ ਨੇ ਪਿਆਰ-ਭਗਤੀ ਪਾ ਲਈ ਹੁੰਦੀ ਹੈ। ਉਹ ਸੰਸਾਰਕ ਵਿਕਾਰਾਂ ਦੀ ਜ਼ਹਿਰ ਖਾਣਾ ਨਹੀਂ ਸਵੀਕਾਰਦੇ।

ਗੁਰੂ ਜੀ ਕਥਨ ਕਰਦੇ ਹਨ ਕਿ ਵਡਭਾਗੀ ਮਨੁੱਖਾਂ ਤੋਂ ਝੂਠ ਦੂਰ ਦੌੜ ਜਾਂਦਾ ਹੈ। ਉਹ ਮੁਕੰਮਲ ਤੌਰ 'ਤੇ ਸੱਚ 'ਚ ਭਰਪੂਰ ਹੁੰਦੇ ਹਨ। ਉਹ ਕੇਵਲ ਇਕ ਪਰਮਾਤਮਾ ਨੂੰ ਹੀ ਮਨ-ਚਿੱਤ 'ਚ ਰੱਖ ਕੇ ਸਿਮਰਦੇ ਹਨ। ਜਿਸ ਮਨੁੱਖ ਉੱਪਰ ਉਸ ਸੱਚੇ ਸਤਿਗੁਰੂ ਦੀ ਕਿਰਪਾ-ਦ੍ਰਿਸ਼ਟੀ ਹੋ ਜਾਂਦੀ ਹੈ, ਉਸ ਲਈ ਉਸ ਦੇ ਜੀਵਨ-ਕਾਲ ਦੇ ਸਾਰੇ ਮਹੀਨੇ, ਸਾਰੇ ਦਿਨ, ਮਹੂਰਤ ਸ਼ੁਭ ਜਾਂ ਚੰਗੇ ਹਨ। ਹੇ ਨਾਨਕ ! ਮੈਂ ਵੀ ਉਸ ਪਰਮਾਤਮਾ ਦਾ ਦਰਸ਼ਨ ਰੂਪੀ ਦਾਨ ਮੰਗਦਾ ਹਾਂ। ਹੇ ਪਰਮਾਤਮਾ! ਆਪ ਜੀ ਮੇਰੇ ਉੱਪਰ ਵੀ ਕਿਰਪਾ ਕਰੋ, ਮੈਨੂੰ ਆਪਣੇ ਦਰਸ਼ਨ ਬਖ਼ਸ਼ ਕੇ ਨਿਵਾਜੋ! ■

## ਸੰਪਾਦਕੀ...

# ਸਿੱਖੀ ਕਿਰਦਾਰ ਦੀ ਤਸਵੀਰ : ਸਾਕਾ ਸ੍ਰੀ ਨਨਕਾਣਾ ਸਾਹਿਬ

*ਗੁਰੂ ਸਾਹਿਬਾਨ ਦੁਆਰਾ ਦਰਸਾਈ ਨਿਰੋਈ ਜੀਵਨ-ਜਾਚ ਸਤ, ਸੰਤੋਖ, ਦਇਆ, ਨੇਕੀ, ਪਰਉਪਕਾਰ ਵਾਲਾ ਜੀਵਨ ਜੀਉਂਦਿਆਂ ਸਿੱਖਾਂ ਨੇ ਧਰਮ ਅਤੇ ਮਨੁੱਖਤਾ ਦੇ ਭਲੇ ਦੀ ਖਾਤਰ ਜੰਗਾਂ, ਮੋਰਚਿਆਂ, ਸਾਕਿਆਂ ਅਤੇ ਘੱਲੂਘਾਰਿਆਂ ਦੇ ਲਾਸਾਨੀ ਇਤਿਹਾਸ ਨੂੰ ਸਿਰਜਿਆ ਹੈ। ਅਜਿਹਾ ਲਾਸਾਨੀ ਇਤਿਹਾਸ ਰੂਹਾਨੀ ਕਿਰਦਾਰ ਦੇ ਧਾਰਨੀ ਹੋ ਕੇ ਹੀ ਸਿਰਜਿਆ ਜਾ ਸਕਦਾ ਹੈ। ਰੂਹਾਨੀ ਜੀਵਨ ਵਿਚ ਯੁੱਗ ਪਲਟਾਉ ਬਲ ਹੈ। ਇਹ ਬਲ ਅਣਹੋਣੀ ਨੂੰ ਹੋਣੀ ਵਿਚ ਬਦਲ ਦਿੰਦਾ ਹੈ। ਇਸ ਕਰਕੇ ਲੋਕਾਈ ਲਈ ਇਹ ਬਲ ਕਰਾਮਾਤ ਹੈ। ਕਮਜ਼ੋਰਾਂ ਨੂੰ ਬਹਾਦਰ ਬਣਾ ਦੇਣਾ, ਲੱਖਾਂ ਦਾ ਮੁਕਾਬਲਾ ਚਾਲੀ ਸਿੱਖਾਂ ਨੇ ਕਰਨਾ, ਹੱਸ-ਹੱਸ ਕੇ ਸ਼ਹੀਦੀਆਂ ਪਾਉਣੀਆਂ, ਹਜ਼ਾਰਾਂ ਸਾਲਾਂ ਤੋਂ ਦੇਸ਼ ਅੰਦਰ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਚੂਰ-ਚੂਰ ਕਰ ਸੁੱਟਣਾ ਆਦਿ ਇਹ ਕਿਸੇ ਕਰਾਮਾਤ ਤੋਂ ਘੱਟ ਤਾਂ ਨਹੀਂ ਸੀ। ਅਜਿਹਾ ਲਾਸਾਨੀ ਅਤੇ ਪਰਉਪਕਾਰੀ ਇਤਿਹਾਸ ਗੁਰਬਾਣੀ ਵਿਚ ਰੱਤੀਆਂ ਰੂਹਾਂ ਹੀ ਸਿਰਜ ਸਕਦੀਆਂ ਹਨ। ਧਰਮ ਦੀ ਖ਼ਾਤਰ ਸੀਸ ਦੇਣ ਵਾਲੇ, ਬੰਦ-ਬੰਦ ਕਟਾਉਣ ਵਾਲੇ, ਖੋਪਰੀਆਂ ਲੁਹਾਉਣ ਵਾਲੇ, ਚਰਖੀਆਂ 'ਤੇ ਚੜ੍ਹਨ ਵਾਲੇ ਅਤੇ ਆਰਿਆਂ ਨਾਲ ਚਿਰਾਏ ਜਾਣ ਵਾਲੇ ਸਿਦਕੀ ਸਿੱਖਾਂ ਨੂੰ ਰੋਜ਼ਾਨਾ ਅਰਦਾਸ ਵਿਚ ਯਾਦ ਕੀਤਾ ਜਾਂਦਾ ਹੈ। ਆਪਣੀ ਜਾਨ ਨਾਲੋਂ ਪਿਆਰੇ ਗੁਰਦੁਆਰਾ ਸਾਹਿਬਾਨ ਦੀ ਸੇਵਾ ਲਈ ਕੁਰਬਾਨੀਆਂ ਕਰਨ ਵਾਲੇ ਧਰਮੀ ਜੀਉੜਿਆਂ ਦੀ ਫਹਿਰਿਸ਼ਤ ਬਹੁਤ ਲੰਮੇਰੀ ਹੈ। ਗੁਰਧਾਮਾਂ ਦੀ ਪਵਿੱਤਰਤਾ ਲਈ ਕੀਤੀ ਅਰਦਾਸ ਦੇ ਬੋਲ ਪੁਗਾਉਂਦਿਆਂ ਪੁਰਜਾ-ਪੁਰਜਾ ਕੱਟੇ ਜਾਣਾ ਅਤੇ ਜੀਉਂਦੇ ਜੀ ਬਲਦੀ ਸ਼ਮ੍ਹਾਂ ਵਿਚ ਸੜ ਕੇ ਸ਼ਹੀਦੀਆਂ ਪਾਉਣੀਆਂ ਰੂਹਾਨੀ ਜੀਵਨ ਜੀਊਣ ਵਾਲੇ ਇਹ ਗੁਰੂ-ਚਰਨਾਂ ਦੇ ਭੌਰੇ ਹੀ ਕਰ ਸਕਦੇ ਹਨ। ਜਿਸ ਕੌਮ ਦੇ ਕੋਲ ਅਣਖ, ਨਿਰਭੈਤਾ ਨਾਲ ਜੀਊਂਦਿਆਂ ਧਰਮ ਅਤੇ ਮਨੁੱਖਤਾ ਲਈ ਕੀਤੀਆਂ ਕੁਰਬਾਨੀਆਂ ਦਾ ਇੰਨਾ ਲਾਸਾਨੀ ਇਤਿਹਾਸ ਹੋਵੇ ਉਹ ਕੌਮ ਕਦੇ ਵੀ ਢਹਿੰਦੀਆਂ ਕਲਾ ਵੱਲ ਨਹੀਂ ਜਾ ਸਕਦੀ। ਗੁਰੂ ਸਾਹਿਬਾਨ ਦੁਆਰਾ ਦ੍ਰਿੜ੍ਹ ਕਰਵਾਈ ਹੱਕ-ਸੱਚ, ਨਿਆਂ ਦੀ ਖਾਤਰ ਜੂਝਣ ਵਾਲੀ ਜੀਵਨ-ਜਾਚ ਦੀ ਕਣੀ ਅੱਜ ਵੀ ਸਿੱਖਾਂ ਅੰਦਰ ਮੌਜੂਦ ਹੈ।*

*ਫਰਵਰੀ ੨੦੨੧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸਾਕਾ ਸ੍ਰੀ ਨਨਕਾਣਾ ਸਾਹਿਬ ਦੀ ੧੦੦ ਸਾਲਾ ਸ਼ਤਾਬਦੀ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਜਾ ਰਹੀ ਹੈ। ਅਜਿਹੇ ਕੁਰਬਾਨੀਆਂ ਭਰੇ ਪਾਵਨ ਦਿਹਾੜਿਆਂ ਨੂੰ ਮਨਾਉਂਦਿਆਂ ਆਪਣੇ ਹਿਰਦਿਆਂ ਵਿਚ ਗੁਰਧਾਮਾਂ, ਪਰੰਪਰਾਵਾਂ ਪ੍ਰਤੀ ਪਿਆਰ-ਸਤਿਕਾਰ, ਪੰਥਕ ਜਜ਼ਬਾ ਅਤੇ ਏਕਤਾ ਇਤਫ਼ਾਕ ਜਿਹੇ ਗੁਣਾਂ ਨੂੰ ਧਾਰਨ ਕਰ ਕੇ ਕੌਮੀ ਮਜ਼ਬੂਤੀ ਲਈ ਯਤਨਸ਼ੀਲ ਹੋਣ ਦੀ ਲੋੜ ਹੈ। ਇਸ ਸੰਬੰਧੀ 'ਗੁਰਮਤਿ ਪ੍ਰਕਾਸ਼' ਦਾ ਹਥਲਾ ਅੰਕ ਇਸ ਮਹਾਨ ਸਾਕੇ ਨੂੰ ਸਮਰਪਿਤ ਕਰ ਕੇ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਆਸ ਹੈ ਕਿ ਪਾਠਕ-ਜਨ ਆਪਣੇ ਇਸ ਲਾਸਾਨੀ ਸ਼ਹੀਦੀ ਸਾਕੇ ਦੇ ਇਤਿਹਾਸ ਨੂੰ ਪੜ੍ਹ ਕੇ ਬਹੁਮੁੱਲੀ ਜਾਣਕਾਰੀ ਹਾਸਲ ਕਰਨਗੇ।*

***-ਸਤਵਿੰਦਰ ਸਿੰਘ ਫੂਲਪੁਰ***
***ਮੋ. +੯੧੯੯੧੪੪-੧੯੪੮੪***

# ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (ਸਾਕਾ ਨਨਕਾਣਾ ਸਾਹਿਬ)

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਗੁਰਮਤਿ ਵਿਚ ਅਰਦਾਸ ਦਾ ਵਿਸ਼ੇਸ਼ ਮਹੱਤਵ ਹੈ। ਅਧਿਆਤਮਿਕ ਅਤੇ ਦੁਨਿਆਵੀ ਦੋਵੇਂ ਪ੍ਰਕਾਰ ਦੇ ਕਾਰਜਾਂ ਲਈ ਅਰਦਾਸ ਦਾ ਵਿਧਾਨ ਹੈ। ਗੁਰਮਤਿ ਦਰਸ਼ਨ ਅਨੁਸਾਰ ਪ੍ਰਭੂ ਇਸ ਸ੍ਰਿਸ਼ਟੀ ਦਾ ਰਚਨਹਾਰਾ ਕਰਤਾ ਪੁਰਖ ਮਾਲਕ ਹੈ। ਸਾਰਾ ਸੰਸਾਰ *ਹੁਕਮੈ ਅੰਦਰ ਸਭ ਕੋ* ਦੇ ਸਿਧਾਂਤ ਅਨੁਸਾਰ ਉਸ ਦੇ ਹੁਕਮ ਵਿਚ ਹੀ ਕਾਰਜਸ਼ੀਲ ਹੈ। ਉਸ ਦੀ ਮਰਜ਼ੀ ਤੋਂ ਬਿਨਾਂ ਕੁਝ ਨਹੀਂ ਹੋ ਸਕਦਾ। ਗੁਰਬਾਣੀ ਵਿਚ ਉਪਦੇਸ਼ ਹੈ ਕਿ ਕੋਈ ਕਾਰਜ ਕਰਨਾ ਹੋਵੇ ਤਾਂ ਉਹਦੇ ਲਈ ਅਕਾਲ ਪੁਰਖ ਦਾ ਓਟ ਆਸਰਾ ਲੈਣ ਲਈ— *ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ* ਦੇ ਮਹਾਂਵਾਕ ਅਨੁਸਾਰ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਜਾਵੇ ਇਸ ਕਰਕੇ ਗੁਰਮਤਿ ਵਿਚ ਹਰ ਕਾਰਜ ਦੇ ਅਰੰਭ ਕਰਨ ਲਈ ਅਰਦਾਸ ਕੀਤੀ ਜਾਂਦੀ ਹੈ। ਗੁਰਸਿੱਖ ਕਾਰਜ ਦੀ ਸਫ਼ਲਤਾ ਲਈ ਪਰਮਾਤਮਾ ਤੋਂ ਸ਼ਕਤੀ ਮੰਗਦਾ ਹੈ ਤਾਂ ਕਿ ਉਹ ਆਪਣੇ ਮਿਸ਼ਨ ਵਿਚ ਦ੍ਰਿੜ੍ਹ ਰਹੇ। ਸਿਦਕ ਰੱਖਣਾ ਅਤੇ ਆਪਣੇ ਉਦੇਸ਼ ਵਿਚ ਦ੍ਰਿੜ੍ਹ ਰਹਿਣਾ ਸਿੱਖ ਧਰਮ ਦਾ ਬੁਨਿਆਦੀ ਸਿਧਾਂਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਲਈ ਪਹਿਲੀ ਸ਼ਰਤ ਹੀ ਇਹ ਰੱਖੀ ਸੀ ਕਿ ਇਸ ਮਾਰਗ ’ਤੇ ਪੈਰ ਧਰ ਕੇ ਫਿਰ ਪਿੱਛੇ ਨਹੀਂ ਹਟਣਾ। ਗੁਰਵਾਕ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੧੪੧੨)*

ਗੁਰਮਤਿ ਦੇ ਮਹਾਨ ਆਦਰਸ਼ਾਂ ਨੂੰ ਦ੍ਰਿੜ੍ਹ ਕਰਵਾਉਣ ਲਈ ਗੁਰੂ ਸਾਹਿਬ ਨੂੰ ਆਪ ਵੀ ਬੇਮਿਸਾਲ ਕੁਰਬਾਨੀਆਂ ਦੇਣੀਆਂ ਪਈਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦੀ ਦਿੱਤੀ। ਦਸਵੇਂ ਗੁਰੂ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਸਿੱਖੀ ਸਿਦਕ ’ਤੇ ਕਾਇਮ ਰਹਿੰਦਿਆਂ ਚਮਕੌਰ ਦੀ ਜੰਗ ਵਿਚ ਲੜਦੇ ਹੋਏ ਸ਼ਹੀਦ ਹੋ ਗਏ। ਉਨ੍ਹਾਂ ਦੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੇ ਮੁਗ਼ਲ ਹਿਰਾਸਤ ਵਿਚ ਡਰਾਉਣ ਧਮਕਾਉਣ ਤੇ ਤਸੀਹੇ ਦੇਣ ਦੇ ਬਾਵਜੂਦ ਵੀ ਸਿੱਖੀ ਵਿਸ਼ਵਾਸ ਨੂੰ ਆਂਚ ਨਹੀਂ ਲੱਗਣ ਦਿੱਤੀ ਅਤੇ ਸ਼ਹੀਦੀ ਦੇ ਦਿੱਤੀ। ਗੁਰੂ ਸਾਹਿਬਾਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਬਾਬਾ ਦੀਪ ਸਿੰਘ ਤੇ ਹੋਰ ਅਣਗਿਣਤ ਸਿੰਘਾਂ ਸਿੰਘਣੀਆਂ

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੮-੦੫੧੦੦*

ਨੇ ਸਿੱਖੀ ਮਾਰਗ 'ਤੇ ਦ੍ਰਿੜ੍ਹਤਾ ਨਾਲ ਚਲਦਿਆਂ ਸ਼ਹੀਦੀਆਂ ਪਾਈਆਂ ਜੰਗਲਾਂ ਵਿਚ ਭੁੱਖੇ ਤਿਹਾਏ ਰਹਿੰਦਿਆਂ ਵੀ ਉਨ੍ਹਾਂ ਸਿੱਖੀ ਸਿਦਕ ਨੂੰ ਕਾਇਮ ਰੱਖਿਆ।

ਭਾਈ ਮਨੀ ਸਿੰਘ ਦੀ ਸ਼ਹੀਦੀ ਪਿੱਛੋਂ ਸਿੱਖਾਂ ਦੇ ਜਥੇ ਬੀਕਾਨੇਰ ਵੱਲ ਚਲੇ ਗਏ ਸਨ। ਉਸ ਸਮੇਂ ਮੱਸਾ ਰੰਘੜ ਮੰਡਿਆਲੀ ਦੇ ਫੌਜਦਾਰ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਚ ਡੇਰਾ ਲਾ ਲਿਆ ਅਤੇ ਬੇਅਦਬੀ ਕਰਨ ਲੱਗਾ। ਭਾਈ ਬੁਲਾਕਾ ਸਿੰਘ ਨੇ ਬੀਕਾਨੇਰ ਜਾ ਕੇ ਸਿੰਘਾਂ ਨੂੰ ਉਸ ਦੀ ਕਰਤੂਤ ਬਾਰੇ ਦੱਸਿਆ। ਜਥੇਦਾਰ ਬਾਬਾ ਬੁੱਢਾ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਖ਼ਬਰ ਸੁਣ ਕੇ ਬਹੁਤ ਕ੍ਰੋਧ ਆਇਆ। ਉਨ੍ਹਾਂ ਨੇ ਜਥੇ ਅੱਗੇ ਤਲਵਾਰ ਕੱਢ ਕੇ ਰੱਖ ਦਿੱਤੀ ਅਤੇ ਲਲਕਾਰਿਆ ਕਿ ਕੋਈ ਸਿੰਘ ਆਵੇ ਤੇ ਮੱਸਾ ਰੰਘੜ ਦਾ ਸਿਰ ਵੱਢ ਕੇ ਲਿਆਵੇ। ਇਹ ਸੁਣ ਕੇ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਅੱਗੇ ਆਏ। ਉਨ੍ਹਾਂ ਨੇ ਤੇਗ ਉਠਾਈ ਤੇ ਮੱਸਾ ਰੰਘੜ ਦਾ ਸਿਰ ਵੱਢ ਕੇ ਲਿਆਉਣ ਦਾ ਪ੍ਰਣ ਕੀਤਾ ਅਤੇ ਅਰਦਾਸਾ ਸੋਧ ਕੇ ਪੰਜਾਬ ਵੱਲ ਚੜ੍ਹਾਈ ਕਰ ਦਿੱਤੀ। ਉਨ੍ਹਾਂ ਦਾ ਕੰਮ ਬਹੁਤ ਔਖਾ ਤੇ ਜਾਨ-ਜੋਖੋਂ ਵਾਲਾ ਸੀ ਫਿਰ ਵੀ ਉਨ੍ਹਾਂ ਨੇ ਬੜੀ ਹੁਸ਼ਿਆਰੀ ਤੇ ਬਹਾਦਰੀ ਨਾਲ ਮੱਸਾ ਰੰਘੜ ਦਾ ਸਿਰ ਵੱਢ ਲਿਆ। ਦੁਸ਼ਮਣ ਦੀਆਂ ਫੌਜਾਂ ਤੋਂ ਬਚ ਕੇ ਨਿਕਲ ਗਏ ਅਤੇ ਉਸ ਦਾ ਸਿਰ ਜਾ ਕੇ ਪੰਥ ਦੇ ਅੱਗੇ ਪੇਸ਼ ਕਰ ਦਿੱਤਾ। ਪੰਥ ਵੱਲੋਂ ਉਨ੍ਹਾਂ ਦਾ ਵੱਡਾ ਸਤਿਕਾਰ ਕੀਤਾ ਗਿਆ। ਕੌਮ ਨੂੰ ਅਜਿਹੇ ਸਿਦਕੀ ਸਿੱਖਾਂ ਉੱਤੇ ਬਹੁਤ ਮਾਣ ਹੈ।

ਆਪਣੇ ਸੱਤਵੇਂ ਹਮਲੇ ਸਮੇਂ ਅਹਿਮਦਸ਼ਾਹ ਅਬਦਾਲੀ ਨੇ ਆਪਣੇ ਲੜਾਕੂ ਜਰਨੈਲ ਬਖਸ਼ੀ ਜਹਾਨ ਖਾਨ ਨੂੰ ਸਿੱਖਾਂ ਦੇ ਵਿਰੁੱਧ ਭੇਜਿਆ। ਉਹ ਸ੍ਰੀ ਅੰਮ੍ਰਿਤਸਰ ਵਿਚ ਬੈਠ ਕੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਲੱਗਾ ਅਤੇ ਸਰੋਵਰ ਨੂੰ ਮਿੱਟੀ ਨਾਲ ਭਰਵਾਉਣ ਲੱਗਾ। ਮਾਲਵੇ ਵਿਚ ਬਾਬਾ ਦੀਪ ਸਿੰਘ ਨੂੰ ਇਸ ਦੀ ਖ਼ਬਰ ਲੱਗੀ ਤਾਂ ਉਨ੍ਹਾਂ ਦਾ ਮਨ ਬਹੁਤ ਦੁਖੀ ਹੋਇਆ। ਉਨ੍ਹਾਂ ਨੇ ਮੁਗ਼ਲਾਂ ਨਾਲ ਦੋ ਹੱਥ ਕਰਨ ਅਤੇ ਲੜ ਮਰਨ ਦਾ ਫੈਸਲਾ ਕਰ ਲਿਆ। ਉਹ ਆਪਣੇ ਨਾਲ ਸਿਰਲੱਥ ਯੋਧੇ ਲੈ ਕੇ ਦੁਰਾਨੀਆਂ ਦੇ ਟਾਕਰੇ ਲਈ ਅਰਦਾਸ ਕਰ ਕੇ ਸ੍ਰੀ ਅੰਮ੍ਰਿਤਸਰ ਵੱਲ ਚੱਲ ਪਏ। ਸ੍ਰੀ ਅੰਮ੍ਰਿਤਸਰ ਤੋਂ ਕਈ ਮੀਲ ਬਾਹਰ ਉਨ੍ਹਾਂ ਦਾ ਮੁਗ਼ਲ ਫੌਜ ਨਾਲ ਟਾਕਰਾ ਹੋ ਗਿਆ। ਬਾਬਾ ਜੀ ਦੁਰਾਨੀਆਂ ਨਾਲ ਲੜਦੇ ਲਗਾਤਾਰ ਸ੍ਰੀ ਅੰਮ੍ਰਿਤਸਰ ਵੱਲ ਵਧਦੇ ਗਏ। ਅਖੀਰ ਰਾਮਸਰ ਦੇ ਸਰੋਵਰ ਕੋਲ ਆ ਕੇ ਉਨ੍ਹਾਂ ਨੇ ਸ਼ਹੀਦੀ ਪਾਈ। ਇਸ ਜੰਗ ਤੋਂ ਬਾਅਦ ਜਹਾਨ ਖਾਨ ਵੀ ਸ੍ਰੀ ਅੰਮ੍ਰਿਤਸਰ ਛੱਡ ਕੇ ਚਲਾ ਗਿਆ ਸੀ। ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਨੇ ਅਰਦਾਸ ਦੀ ਮਰਯਾਦਾ ਨਿਭਾਈ ਅਤੇ ਸਿੱਖੀ ਦਾ ਨਾਂ ਰੋਸ਼ਨ ਕੀਤਾ। ੧੭੬੪ ਈ. ਵਿਚ ਅਬਦਾਲੀ ਦੀਆਂ ਫੌਜਾਂ ਨੇ ਫਿਰ ਸ੍ਰੀ ਅੰਮ੍ਰਿਤਸਰ 'ਤੇ ਹਮਲਾ ਕੀਤਾ। ਇਸ ਸਮੇਂ ਬਾਬਾ ਗੁਰਬਖਸ਼ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸੁਰੱਖਿਆ ਲਈ ਤੈਨਾਤ ਸਨ। ਉਨ੍ਹਾਂ ਨਾਲ ਸਿਰਫ਼ ੩੦ ਕੁ ਮਰਜੀਵੜੇ ਸਿੱਖ ਸਨ। ਸਿੰਘਾਂ ਨੇ ਅਕਾਲ ਪੁਰਖ ਅੱਗੇ ਅਰਦਾਸ ਕਰ ਕੇ ਅਬਦਾਲੀ ਦੀਆਂ ਫੌਜਾਂ ਅੱਗੇ ਸੀਨੇ

ਡਾਹ ਦਿੱਤੇ। ਗਹਿਗੱਚ ਦੀ ਲੜਾਈ ਹੋਈ, ਸਿੰਘ ਸ਼ਹੀਦੀਆਂ ਪਾ ਗਏ ਪਰ ਗੁਰੂ ਵੱਲ ਪਿੱਠ ਨਹੀਂ ਵਿਖਾਈ ਇਹ ਸਿੰਘਾਂ ਦੀ ਅਦੁੱਤੀ ਦ੍ਰਿੜ੍ਹਤਾ, ਸਿਦਕ-ਦਿਲੀ ਅਤੇ ਗੁਰੂ ਪ੍ਰਤੀ ਮੁਕੰਮਲ ਸਮਰਪਣ ਦੀ ਲਾਸਾਨੀ ਮਿਸਾਲ ਸੀ।

੧੮੨੩ ਈ. ਵਿਚ ਮੁਹੰਮਦ ਅਜ਼ੀਮ ਖਾਂ ਪਿਸ਼ਾਵਰ ਨੂੰ ਅਜ਼ਾਦ ਕਰਵਾਉਣ ਲਈ ਆਇਆ। ਇਸ ਦੀ ਅਗਵਾਈ ਹੇਠ ਬਹੁਤ ਸਾਰਾ ਮੁਲਖਈਆ ਇਕੱਠਾ ਹੋ ਗਿਆ। ਪਿਸ਼ਾਵਰ ਦਾ ਸੂਬੇਦਾਰ ਯਾਰ ਮੁਹੰਮਦ ਖਾਂ ਸਾਜ਼ਿਸ਼ ਅਧੀਨ ਡਰਦਾ ਦੌੜ ਗਿਆ। ਮਹਾਰਾਜਾ ਰਣਜੀਤ ਸਿੰਘ ਫੌਜ ਲੈ ਕੇ ਪਿਸ਼ਾਵਰ ਪਹੁੰਚੇ। ਜਥੇਦਾਰ ਅਕਾਲੀ ਫੂਲਾ ਸਿੰਘ ਮਹਾਰਾਜਾ ਸਾਹਿਬ ਤੋਂ ਪਹਿਲਾਂ ਹੀ ਪਹੁੰਚ ਚੁੱਕੇ ਸਨ। ਉਹ ਹਮਲਾ ਕਰਨ ਦੀ ਤਿਆਰੀ ਕਰ ਰਹੇ ਸਨ। ਮਹਾਰਾਜਾ ਸਾਹਿਬ ਦਾ ਤੋਪਖਾਨਾ ਅਜੇ ਪਹੁੰਚਿਆ ਨਹੀਂ ਸੀ। ਇਸ ਲਈ ਮਹਾਰਾਜਾ ਰਣਜੀਤ ਸਿੰਘ ਕੁਝ ਦੇਰ ਹੋਰ ਰੁਕ ਜਾਣਾ ਚਾਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਜਥੇਦਾਰ ਜੀ ਨੂੰ ਹਮਲਾ ਕਰਨ ਤੋਂ ਰੋਕਣ ਲਈ ਆਪ ਉਨ੍ਹਾਂ ਦੇ ਕੈਂਪ ਵਿਚ ਗਏ ਅਤੇ ਇਸ ਸਥਿਤੀ ਤੋਂ ਜਾਣੂ ਕਰਵਾਇਆ। ਜਥੇਦਾਰ ਅਕਾਲੀ ਫੂਲਾ ਸਿੰਘ ਇਸ ਸਮੇਂ ਤਕ ਅਰਦਾਸ ਕਰ ਚੁੱਕੇ ਸਨ। ਇਸ ਲਈ ਉਨ੍ਹਾਂ ਨੇ ਇਕ ਪਲ ਲਈ ਵੀ ਰੁਕਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਮਹਾਰਾਜਾ ਸਾਹਿਬ ਨੂੰ ਕਿਹਾ ਕਿ ਤੈਨੂੰ ਆਪਣੀਆਂ ਫੌਜਾਂ ਅਤੇ ਤੋਪਖਾਨੇ ਉੱਤੇ ਮਾਣ ਹੋਵੇਗਾ ਪਰ ਮੈਨੂੰ ਆਪਣੇ ਗੁਰੂ 'ਤੇ ਭਰੋਸਾ ਹੈ। ਮੈਂ ਗੁਰੂ ਅੱਗੇ ਅਰਦਾਸ ਕਰ ਚੁੱਕਾ ਹਾਂ ਤੁਸੀ ਮੈਨੂੰ ਅਰਦਾਸ ਦੀ ਮਰਯਾਦਾ ਦੀ ਪਾਲਣਾ ਕਰਨ ਦਿਉ। ਇਸ ਜੰਗ ਵਿਚ ਜਥੇਦਾਰ ਅਕਾਲੀ ਫੂਲਾ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ। ਆਖਰ ਜਿੱਤ ਖਾਲਸੇ ਦੀ ਹੋਈ ਤੇ ਪਿਸ਼ਵਾਰ ਪੱਕੇ ਤੌਰ 'ਤੇ ਸਿੱਖ ਰਾਜ ਵਿਚ ਸ਼ਾਮਲ ਕਰ ਲਿਆ ਗਿਆ।

ਅੰਗਰੇਜ਼ਾਂ ਦੇ ਰਾਜ ਸਮੇਂ ਗੁਰਦੁਆਰਾ ਪ੍ਰਬੰਧ ਵਿਚ ਬਹੁਤ ਖਰਾਬੀਆਂ ਆ ਚੁਕੀਆਂ ਸਨ। ਗੁਰਦੁਆਰਾ ਸਾਹਿਬ ਵਿੱਚ ਖੁੱਲ੍ਹਮ-ਖੁੱਲ੍ਹਾ ਦੁਰਾਚਾਰ ਅਤੇ ਮਨਮੱਤ ਹੋਣ ਲੱਗ ਪਈ ਸੀ। ਇਹ ਪਵਿੱਤਰ ਅਸਥਾਨ ਗੁੰਡਾਗਰਦੀ ਅਤੇ ਬਦਕਾਰੀ ਦੇ ਕੇਂਦਰ ਬਣਾ ਕੇ ਰੱਖ ਦਿੱਤੇ ਗਏ ਸਨ। ਵਿਸ਼ੇਸ਼ ਕਰਕੇ ਸ੍ਰੀ ਨਨਕਾਣਾ ਸਾਹਿਬ ਵਿਖੇ ਮਹੰਤ ਨਰੈਣ ਦਾਸ ਵੱਲੋਂ ਅਨੇਕ ਕੁਕਰਮ ਕੀਤੇ/ਕਰਵਾਏ ਜਾ ਰਹੇ ਸਨ। ਅਕਤੂਬਰ ੧੯੨੦ ਈ. ਵਿਚ ਪਿੰਡ ਧਾਰੋਵਾਲੀ, ਜ਼ਿਲ੍ਹਾ ਸ਼ੇਖੂਪੁਰਾ ਵਿਚ ਸਿੱਖ ਕਾਨਫਰੰਸ ਕੀਤੀ ਗਈ। ਇਕ ਗੁਰਮਤੇ ਰਾਹੀਂ ਗੁਰਧਾਮਾਂ ਨੂੰ ਮਹੰਤਾਂ ਤੋਂ ਅਜ਼ਾਦ ਕਰਵਾ ਕੇ ਇਨ੍ਹਾਂ ਵਿਚ ਗੁਰਮਤਿ ਮਰਯਾਦਾ ਅਤੇ ਪਵਿੱਤਰਤਾ ਬਹਾਲ ਕਰਨ ਦਾ ਐਲਾਨ ਕੀਤਾ ਗਿਆ। ਇਸ ਮਨੋਰਥ ਲਈ ੪, ੫, ਤੇ ੬ ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਪੰਥਕ ਭਾਰੀ ਕਾਨਫਰੰਸ ਬੁਲਾਈ ਗਈ।

ਮਿੱਥੇ ਪ੍ਰੋਗਰਾਮ ਅਨੁਸਾਰ ਜਥੇਦਾਰ ਕਰਤਾਰ ਸਿੰਘ ਝੱਬਰ ਤੇ ਭਾਈ ਲਛਮਣ ਸਿੰਘ ਆਪਣੇ ਜਥੇ ਲੈ ਕੇ ਨਨਕਾਣਾ ਸਾਹਿਬ ਵੱਲ ਚੱਲ ਪਏ। ੧੯ ਫਰਵਰੀ ਸ਼ਾਮ ਨੂੰ ਦੋਵਾਂ ਨੇ ਚੰਦਰ ਕੋਟ ਵਿਖੇ ਇਕੱਠੇ ਹੋਣਾ ਸੀ। ਆਰਜ਼ੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਦੇ ਆਗੂਆਂ ਨੇ ਅਖੀਰੀ ਸਮੇਂ 'ਤੇ ਪ੍ਰੋਗਰਾਮ ਬਦਲ ਦਿੱਤਾ ਅਤੇ ਦੋਵੇ ਜਥਿਆਂ ਨੂੰ ਸ੍ਰੀ ਨਨਕਾਣਾ ਸਾਹਿਬ ਜਾਣ ਤੋਂ ਰੋਕਣ ਲਈ ਭਾਈ ਦਲੀਪ ਸਿੰਘ ਨੂੰ ਭੇਜਿਆ। ਭਾਈ ਦਲੀਪ ਸਿੰਘ ਨੇ ਭਾਈ ਕਰਤਾਰ ਸਿੰਘ ਨੂੰ ਪੰਥਕ ਆਗੂਆਂ ਦੇ ਫੈਸਲੇ ਦੀ ਸੂਚਨਾ ਦਿੱਤੀ। ਭਾਈ ਕਰਤਾਰ ਸਿੰਘ ਨੇ ਪੰਥ ਦਾ ਇਹ ਹੁਕਮ ਮੰਨ ਲਿਆ ਅਤੇ ਅੱਗੇ ਨਹੀਂ ਗਏ। ਭਾਈ ਦਲੀਪ ਸਿੰਘ ਹੁਣ ਚੰਦਰ ਕੋਟ ਵੱਲ ਗਏ। ਉੱਥੇ ਉਨ੍ਹਾਂ ਨੂੰ ਭਾਈ ਲਛਮਣ ਸਿੰਘ ਦਾ ਜਥਾ ਨਹੀਂ ਮਿਲ ਸਕਿਆ। ਇਹ ਕੁਝ ਲੇਟ ਹੋ ਗਿਆ ਸੀ। ਦੂਜੇ ਦਿਨ ਸਵੇਰੇ ੬:੦੦ ਵਜੇ ਭਾਈ ਲਛਮਣ ਸਿੰਘ ਦਾ ਜਥਾ ਸ੍ਰੀ ਨਨਕਾਣਾ ਸਾਹਿਬ ਦੇ ਉੱਤਰ ਵੱਲ ਇਕ ਭੱਠੇ ਕੋਲ ਪਹੁੰਚ ਗਿਆ ਸੀ। ਉੱਥੇ ਉਨ੍ਹਾਂ ਨੂੰ ਭਾਈ ਦਲੀਪ ਸਿੰਘ ਦਾ ਲਿਖਤੀ ਸੰਦੇਸ਼ ਪ੍ਰਾਪਤ ਹੋਇਆ। ਇਹ ਸੰਦੇਸ਼ ਮਿਲਣ ਤੇ ਵੀ ਜਥੇ ਦੇ ਸਿੰਘ ਵਾਪਸ ਜਾਣ ਨੂੰ ਤਿਆਰ ਨਹੀਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਅਰਦਾਸ ਕਰ ਕੇ ਤੁਰੇ ਹਨ ਤੇ ਉਹ ਨਨਕਾਣਾ ਸਾਹਿਬ ਦੇ ਦਰਸ਼ਨ ਹਰ ਹਾਲਤ ਵਿਚ ਕਰਕੇ ਹੀ ਵਾਪਸ ਪਰਤਣਗੇ। ਮਹੰਤ ਨੇ ਕਾਫ਼ੀ ਗੁੰਡੇ ਤੇ ਛਵੀਆਂ, ਗੰਡਾਸੇ ਤੇ ਤੇਲ ਆਦਿ ਪਹਿਲਾਂ ਹੀ ਇਕੱਤਰ ਕੀਤੇ ਹੋਏ ਸਨ। ਸਿੱਖਾਂ ਦਾ ਜਥਾ ਜਦੋਂ ਅੰਦਰ ਜਾ ਕੇ ਕੀਰਤਨ ਕਰਨ ਲੱਗਾ ਤਾਂ ਮਹੰਤ ਦੇ ਇਕੱਠੇ ਕੀਤੇ ਬਦਮਾਸ਼ਾਂ ਨੇ ਉਨ੍ਹਾਂ ਤੇ ਗੋਲੀਆਂ ਦੀ ਵਰਖਾ ਕਰ ਦਿੱਤੀ। ਛਵੀਆਂ-ਗੰਡਾਸਿਆਂ ਨਾਲ ਕੱਟਾ-ਵੱਢੀ ਕਰਨ ਲੱਗੇ। ਕਈ ਸਿੱਖਾਂ ਨੂੰ ਜਿਊਂਦੇ ਹੀ ਦਰੱਖਤਾਂ ਨਾਲ ਬੰਨ੍ਹ ਕੇ ਸਾੜਿਆ ਗਿਆ। ਥੋੜੇ ਸਮੇਂ ਵਿਚ ਹੀ ਭਾਈ ਲਛਮਣ ਸਿੰਘ ਤੇ ਉਨ੍ਹਾਂ ਦੇ ਸਾਥੀ ਸ਼ਹੀਦ ਹੋ ਗਏ। ਭਾਈ ਦਲੀਪ ਸਿੰਘ ਵੀ ਇਸ ਘਟਨਾ ਦੀ ਖ਼ਬਰ ਸੁਣ ਕੇ ਮਹੰਤ ਨੂੰ ਰੋਕਣ ਲਈ ਗੁਰਦੁਆਰਾ ਸਾਹਿਬ ਪਹੁੰਚੇ ਪਰ ਉਨ੍ਹਾਂ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਇਸ ਘਟਨਾ ਨੇ ਸਾਰੇ ਪੰਥ ਨੂੰ ਹਿਲਾ ਕੇ ਰੱਖ ਦਿੱਤਾ। ਸੰਗਤ ਭਾਰੀ ਗਿਣਤੀ ਵਿਚ ਸ੍ਰੀ ਨਨਕਾਣਾ ਸਾਹਿਬ ਪੁੱਜਣੀ ਸ਼ੁਰੂ ਹੋ ਗਈ। ਉਸੇ ਦਿਨ ਸ਼ਾਮ ਨੂੰ ਸਰਕਾਰ ਨੇ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਮਹੰਤ ਤੋਂ ਲੈ ਕੇ ਕਮੇਟੀ ਦੇ ਹਵਾਲੇ ਕਰ ਦਿੱਤੀਆਂ। ਇਸ ਤਰ੍ਹਾਂ ਭਾਈ ਲਛਮਣ ਸਿੰਘ ਦੇ ਸਿਦਕ ਤੇ ਕੁਰਬਾਨੀ ਨੇ ਪੰਥ ਦੀ ਇਕ ਵੱਡੀ ਸਮੱਸਿਆ ਦਾ ਹੱਲ ਕਰ ਦਿੱਤਾ। ਸਿੱਖਾਂ ਦੀ ਰੋਜ਼ਾਨਾ ਅਰਦਾਸ ਵਿਚ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਹੈ।

੧੯੨੩ ਈ. ਵਿਚ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀਓਂ ਉਤਾਰੇ ਜਾਣ ਦੇ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੋਰਚਾ ਲਾਉਣ ਦਾ ਮਤਾ ਪਾਸ ਕੀਤਾ। ਇਸ ਲਈ ਸਾਰੇ ਗੁਰਦੁਆਰਾ ਸਾਹਿਬਾਨ ਵਿਚ ਸ੍ਰੀ ਅਖੰਡ ਪਾਠ ਰੱਖੇ ਗਏ। ੨੭ ਅਗਸਤ, ੧੯੨੩ ਈ. ਨੂੰ ਗੁਰਦੁਆਰਾ ਗੰਗਸਰ ਜੈਤੋ ਵਿਖੇ ਸਰਕਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਖੰਡਿਤ ਕੀਤੇ ਜਾਣ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੋਰਚਾ ਲਾ ਦਿੱਤਾ ਗਿਆ। ੫੦੦-੫੦੦ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਅਤੇ ਅਰਦਾਸ ਕਰਕੇ ਪਿੰਡਾਂ-ਸ਼ਹਿਰਾਂ ਵਿੱਚੋਂ ਦੀ ਕੀਰਤਨ ਕਰਦਾ ਗੁਰਦੁਆਰਾ ਗੰਗਸਰ ਜੈਤੋ ਪੁੱਜਦਾ ਅਤੇ ਅਗਾਂਹ ਮਾਰਚ ਕਰਨ ਉੱਤੇ ਅੰਗਰੇਜ਼ ਸਰਕਾਰ ਦੀ ਪੁਲਿਸ ਵੱਲੋਂ

ਬੇਰਹਿਮੀ ਨਾਲ ਲਾਠੀਚਾਰਜ ਕੀਤਾ ਜਾਂਦਾ ਅਤੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾਂਦਾ। ਜਿਸ ਦਾ ਨਤੀਜਾ ਸੈਂਕੜੇ ਸਿੰਘ ਤੇ ਸਿੰਘਣੀਆਂ ਨੇ ਸਤਿਨਾਮੁ-ਵਾਹਿਗੁਰੂ ਦਾ ਜਾਪ ਕਰਦਿਆਂ ਸ਼ਹੀਦੀਆਂ ਪਾਈਆਂ, ਪਰ ਇਕ ਵਾਰ ਅਰਦਾਸ ਸੋਧਣ ਉਪਰੰਤ ਪਿਛਾਂਹ ਮੁੜ ਕੇ ਨਹੀਂ ਵੇਖਿਆ। ਅਖੀਰ ਸਰਕਾਰ ਨੂੰ ਝੁਕਣਾ ਪਿਆ, ੨੧ ਜੁਲਾਈ, ੧੯੨੫ ਈ. ਨੂੰ ਗੁਰਦਆਰਾ ਗੰਗਸਰ ਜੈਤੋ ਵਿਚ ਸ੍ਰੀ ਅਖੰਡ ਪਾਠ ਤੇ ਲਗਾਈ ਪਾਬੰਦੀ ਹਟਾ ਲਈ ਗਈ। ਸਿੰਘਾਂ ਦੀ ਇਸ ਜਿੱਤ ਤੋਂ ਬਾਅਦ ਜੈਤੋ ਦਾ ਮੋਰਚਾ ਸਮਾਪਤ ਕੀਤਾ ਗਿਆ ਸੀ।

ਪਰੰਤੂ ਅਫਸੋਸ ਹੈ ਕਿ ਅਸੀਂ ਆਪਣੇ ਅਦੁੱਤੀ ਸਿਧਾਂਤ, ਮਹਾਨ ਵਿਰਸੇ, ਲਾਮਿਸਾਲ ਪਰੰਪਰਾਵਾਂ ਅਤੇ ਲਾਸਾਨੀ ਰਵਾਇਤਾਂ ਨੂੰ ਅਣਗੌਲਿਆ ਹੀ ਨਹੀਂ ਸਗੋਂ ਭੁਲਾਈ ਹੀ ਬੈਠੇ ਹਾਂ। ਅਸੀਂ ਅਰਦਾਸ ਤਾਂ ਹਰ ਰੋਜ਼ ਕਰਦੇ ਹਾਂ ਪਰੰਤੂ ਆਪਣੇ ਨਿੱਜੀ ਮੁਫ਼ਾਦ ਲਈ ਕੇਵਲ ਅਣਗਿਣਤ ਚੀਜ਼ਾਂ ਮੰਗਣ ਲਈ ਅਤੇ ਉਸ ਵਿਚ— *ਅਪਨਾ ਬਿਗਾਰਿ ਬਿਰਾਂਨਾ ਸਾਂਢੈ* ਦੀ ਭਾਵਨਾ, ਸਮਰਪਣ, ਤਿਆਗ ਅਤੇ ਕੁਰਬਾਨੀ ਦੀ ਭਾਵਨਾ ਅਲੋਪ ਹੀ ਹੁੰਦੀ ਹੈ। ਅਜੋਕੇ ਇਤਿਹਾਸ ਵਿਚ ਬਹੁਤ ਵੱਡੇ-ਵੱਡੇ ਰਾਜਨੀਤਿਕ ਤੇ ਧਾਰਮਿਕ ਮਹਿਬੂਬ ਨੇਤਾਵਾਂ ਅਤੇ ਪੰਥ ਦੀਆਂ ਮਾਇਆਨਾਜ਼ ਹਸਤੀਆਂ ਅਖਵਾਉਣ ਵਾਲਿਆਂ ਨੇ ਸਤਿਗੁਰੂ ਦੇ ਸਨਮੁਖ ਕਈ ਵਾਰ ਅਰਦਾਸੇ ਸੋਧ ਕੇ, ਲੰਮੇ ਚੌੜੇ ਦਮਗਜੇ ਮਾਰ ਕੇ, ਮਾਅਰਕੇਬਾਜ਼ੀ ਦੇ ਸਾਰੇ ਰਿਕਾਰਡ ਤੋੜ ਕੇ ਆਪਣੇ ਲਫਜ਼ਾਂ ਨੂੰ ਆਪ ਹੀ ਸਮੇਟ ਕੇ ਘੱਏ ਵਿਚ ਰਲਾ ਦਿੱਤਾ। ਪਰੰਤੂ ਸਮਾਂ ਆਉਣ ਉੱਤੇ ਉਹ ਆਪ ਵੀ ਮਿੱਟੀ ਵਿਚ ਮਿਲ ਗਏ। ਐਸੀਆਂ ਘਟਨਾਵਾਂ ਨਾਲ ਸਾਡੇ ਮਹਾਨ ਸਿਧਾਂਤ ਅਤੇ ਪਰੰਪਰਾਵਾਂ ਨੂੰ ਡਾਢੀ ਸੱਟ ਵੱਜੀ ਅਤੇ ਸਾਡੀ ਨੌਜਵਾਨ ਪੀੜ੍ਹੀ, ਜਿਸ ਲਈ ਅਸੀਂ ਇਕ ਰੋਲ ਮਾਡਲ ਪੇਸ਼ ਕਰਨਾ ਸੀ, ਉਸ ਲਈ ਇਹ ਘੋਰ ਨਿਰਾਸ਼ਾ ਦਾ ਕਾਰਨ ਬਣੀਆਂ। ਸਾਡੇ ਜੀਵਨ ਵਿਚ ਆਏ ਖੋਟ ਅਤੇ ਖੋਖਲੇਪਣ ਨੇ ਨੌਜੁਆਨਾਂ ਦੇ ਨਾਜ਼ੁਕ ਤੇ ਸੰਵੇਦਨਸ਼ੀਲ ਮਨਾਂ ਨੂੰ ਝੰਜੋੜ ਦਿੱਤਾ ਜਿਸ ਦਾ ਕਾਰਨ ਹੈ ਕਿ ਅੱਜ ਸਾਡੀ ਨੌਜੁਆਨ ਪੀੜ੍ਹੀ ਕੁਰਾਹੇ ਪੈ ਰਹੀ ਹੈ। ਸੱਚਮੁਚ ਹੀ ਜੇਕਰ ਅਸੀਂ ਆਪਣੀ ਨੌਜੁਆਨ ਪੀੜ੍ਹੀ ਦਾ ਪੰਥਕ ਭਵਿੱਖ ਉੱਜਲਾ ਵੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਸੱਚ ਨੂੰ ਪਹਿਚਾਨਣਾ ਹੋਵੇਗਾ ਅਤੇ ਉਸ ਉੱਤੇ ਅਡੋਲ ਪਹਿਰਾ ਦੇਣਾ ਪਵੇਗਾ ਵਰਨਾ ਸਾਡੇ ਸਮਾਜ ਅਤੇ ਕੌਮ ਅੰਦਰ ਪਸਰ ਰਹੀਆਂ ਘੋਰ ਅਤੇ ਘਾਤਕ ਬੁਰਾਈਆਂ, ਪ੍ਰਫੁੱਲਤ ਹੋ ਰਿਹਾ ਡੇਰਾਵਾਦ, ਸਾਡੇ ਅੰਦਰ ਆ ਰਹੀ ਆਚਰਣਕ ਗਿਰਾਵਟ ਕੌਮੀ ਸਰਬਨਾਸ਼ ਦਾ ਰਾਹ ਪੱਧਰਾ ਕਰ ਦੇਵੇਗੀ। ਅੱਜ ਸਿੱਖ ਸਿਦਕ, ਸਿਧਾਂਤ, ਮਰਯਾਦਾ, ਮਹਾਨ ਪਰੰਪਰਾਵਾਂ, ਰਵਾਇਤਾਂ ਅਤੇ ਸਾਡਾ ਸ਼ਾਨਾਮੱਤਾਂ ਵਿਰਸਾ ਹੀ ਨਿਗੂਣੀਆਂ ਲਾਲਸਾਵਾਂ, ਫੋਕੀ ਚੌਧਰ ਅਤੇ ਹਉਮੈਂ ਦੀ ਭੇਟ ਚੜ੍ਹ ਰਿਹਾ ਹੈ। ਆਓ, ਸਮੂਹ ਪੰਥਦਰਦੀ ਸੰਸਥਾਵਾਂ, ਸੰਪਰਦਾਵਾਂ ਮਿਲ ਬੈਠ ਕੇ ਆਪਣੇ ਅੰਦਰ ਝਾਤੀ ਮਾਰੀਏ— *ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ* ਦੀ ਜੁਗਤ ਧਾਰਨ ਕਰੀਏ ਅਤੇ ਪੰਥ ਦੇ ਉੱਜਲ ਭਵਿੱਖ ਲਈ ਲਹਿਰ ਖੜ੍ਹੀ ਕਰੀਏ ਅਤੇ ਹਰ ਸਿੱਖ ਦੀ ਗੁਰੂ ਪ੍ਰਤੀ ਪ੍ਰਤੀਬੱਧਤਾ ਨੂੰ ਯਕੀਨੀ ਬਣਾਈਏ। ਇਹੋ ਹੀ ਸ੍ਰੀ ਨਨਕਾਣਾ ਸਾਹਿਬ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਹੋਵੇਗੀ। ■

# ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

*-ਸਿਮਰਜੀਤ ਸਿੰਘ**

ਅੱਜਕਲ੍ਹ ਦੇਸ਼ ਪਾਕਿਸਤਾਨ ਦੇ ਸੂਬਾ ਪੰਜਾਬ ਦੇ ਜ਼ਿਲ੍ਹਾ ਸ਼ੇਖ਼ੂਪੁਰਾ ਦਾ ਪ੍ਰਸਿੱਧ ਨਗਰ ਹੈ 'ਨਨਕਾਣਾ ਸਾਹਿਬ'। ਪਹਿਲਾਂ ਇਸ ਨਗਰ ਨੂੰ 'ਤਲਵੰਡੀ ਰਾਏ ਭੋਇ ਕੀ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਇੱਥੇ ਹੀ ਹੋਇਆ। ਗੁਰੂ ਜੀ ਦੀ ਪਵਿੱਤਰ ਚਰਨ-ਛੋਹ ਸਦਕਾ ਹੀ ਇਸ ਨਗਰ ਨੂੰ 'ਨਨਕਾਣਾ ਸਾਹਿਬ' ਦੇ ਨਾਂ ਨਾਲ ਜਾਣਿਆ ਜਾਣ ਲੱਗਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਵਾਲੇ ਸਥਾਨ 'ਤੇ ਗੁਰਦੁਆਰਾ 'ਜਨਮ-ਸਥਾਨ' ਸੁਸ਼ੋਭਿਤ ਹੈ। ਇਸ ਤੋਂ ਇਲਾਵਾ ਇਸ ਨਗਰ ਵਿਚ ਗੁਰੂ ਜੀ ਨਾਲ ਸੰਬੰਧਿਤ ਹੋਰ ਵੀ ਗੁਰਦੁਆਰਾ ਸਾਹਿਬਾਨ ਹਨ।

ਗੁਰਦੁਆਰਾ 'ਜਨਮ-ਸਥਾਨ' ਵਾਲੀ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ-ਪਿਤਾ ਦਾ ਨਿਵਾਸ ਸਥਾਨ ਸੀ। ਸਭ ਤੋਂ ਪਹਿਲਾਂ ਇੱਥੇ ਗੁਰੂ ਜੀ ਦੇ ਪੋਤਰੇ ਬਾਬਾ ਧਰਮਚੰਦ ਜੀ ਨੇ ਛੋਟੀ ਜਿਹੀ ਗੁਰੂ ਜੀ ਦੀ ਯਾਦ ਉਸਾਰੀ ਸੀ, ਜਿਸ ਨੂੰ 'ਕਾਲੂ ਦਾ ਕੋਠਾ' ਕਿਹਾ ਜਾਂਦਾ ਸੀ। ੧੬੧੩ ਈ. ਵਿਚ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਨਕਾਣਾ ਸਾਹਿਬ ਆਗਮਨ ਨਾਲ ਇੱਥੇ ਯਾਦਗਾਰੀ ਸਥਾਨ ਸਥਾਪਿਤ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਸਥਾਨ ਦੀ ਸੇਵਾ-ਸੰਭਾਲ ਉਦਾਸੀ ਸੰਪਰਦਾ ਦੇ ਮੁਖੀ ਬਾਬਾ ਅਲਮਸਤ ਜੀ ਨੂੰ ਸੌਂਪੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਮੁਗ਼ਲ ਹਕੂਮਤ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਤਤਪਰ ਹੋ ਗਈ। ਇਸ ਸਮੇਂ ਦੌਰਾਨ ਸਿੱਖਾਂ ਦਾ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨਾ ਬਹੁਤ ਮੁਸ਼ਕਿਲ ਹੋ ਗਿਆ ਸੀ। ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਦਾ ਸਾਰਾ ਕੰਮ ਸੰਪ੍ਰਦਾਈ ਸਾਧੂਆਂ ਪਾਸ ਚਲਾ ਗਿਆ, ਜੋ ਆਪਣੀ ਮਰਜ਼ੀ ਦੀ ਮਰਯਾਦਾ ਬਣਾ ਲੈਂਦੇ ਸਨ। ਕੁਝ ਸਮਾਂ ਬਾਅਦ ਜਦੋਂ 'ਸਿੱਖ ਮਿਸਲਾਂ' ਦਾ ਸਮਾਂ ਆਇਆ ਤਾਂ ਸਿੱਖ ਕੁਝ ਸੰਭਲੇ ਅਤੇ ਇਨ੍ਹਾਂ ਨੇ ਆਪਣੀਆਂ ਰਿਆਸਤਾਂ ਕਾਇਮ ਕਰ ਲਈਆਂ। ਇਨ੍ਹਾਂ ਰਿਆਸਤਾਂ 'ਚੋਂ ਹੀ ਸਿੱਖ ਰਾਜ ਪੈਦਾ ਹੋਇਆ। ਸਿੱਖ ਰਾਜ ਦੇ ਸਮੇਂ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਗੁਰਦੁਆਰਾ ਸਾਹਿਬਾਨ ਦੇ ਨਾਂ ਵੱਡੀਆਂ-ਵੱਡੀਆਂ ਜਾਗੀਰਾਂ ਲਗਵਾਈਆਂ ਗਈਆਂ। ਇਸ ਸਮੇਂ ਦੌਰਾਨ ਵੀ ਸਿੱਖ ਗੁਰਦੁਆਰਾ ਸਾਹਿਬਾਨ ਦੀ ਅੰਦਰਲੀ ਮਰਯਾਦਾ ਵੱਲ ਕੋਈ ਵਿਸ਼ੇਸ਼ ਧਿਆਨ ਨਾ ਦੇ ਸਕੇ ਅਤੇ ਪ੍ਰਬੰਧ ਪਹਿਲਾਂ ਵਾਂਗ ਹੀ ਉਦਾਸੀ ਜਾਂ ਸੰਪ੍ਰਦਾਈ ਸਾਧੂਆਂ ਪਾਸ ਹੀ ਰਿਹਾ।

*ਮੀਤ ਸਕੱਤਰ ਅਤੇ ਮੁੱਖ ਸੰਪਾਦਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੰਸ ਵਿੱਚੋਂ ਬਾਵਾ ਲਾਜਪਤ ਬੇਦੀ ੧੭ਵੀਂ ਸਦੀ ਦੇ ਅੱਧ ਵਿਚ ਸ੍ਰੀ ਨਨਕਾਣਾ ਸਾਹਿਬ ਪਹੁੰਚੇ। ਇਨ੍ਹਾਂ ਨੇ ਗੁਰਦੁਆਰਾ ਜਨਮ ਅਸਥਾਨ ਦੀ ਇਮਾਰਤ ਨੂੰ ਵੱਡੇ ਅਕਾਰ ਵਿਚ ਕਰਵਾਇਆ ਸੀ। ਇਸ ਤੋਂ ਬਾਅਦ ਗੁਰੂ ਸਾਹਿਬ ਜੀ ਦੀ ਯਾਦ ਵਿਚ ਹੋਰ ਵੀ ਗੁਰਦੁਆਰਾ ਸਾਹਿਬ ਤਾਮੀਰ ਹੋਏ। ਇਨ੍ਹਾਂ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਇਕ ਉਦਾਸੀ ਸਾਧੂ ਰਾਮ ਕਰਦਾ ਰਿਹਾ। ਇਸ ਦੀ ਸਹਾਇਤਾ ਭਾਈ ਦੁਨੀ ਚੰਦ ਉਦਾਸੀ ਅਤੇ ਭਾਈ ਨੱਥਾ ਸਿੰਘ ਨਿਰਮਲਾ ਕਰਦੇ ਸਨ। ਇਨ੍ਹਾਂ ਸਾਧੂਆਂ ਦੀ ਔਲਾਦ ਹੀ ਇਕ ਦੂਜੇ ਤੋਂ ਬਾਅਦ ਇਨ੍ਹਾਂ ਸਥਾਨਾਂ ਦੀ ਸੇਵਾ-ਸੰਭਾਲ ਕਰਦੀ ਰਹੀ ਅਤੇ ਅੰਤ ਨੂੰ ਆਪਣੀ ਨਿੱਜੀ ਸੰਪਤੀ ਸਮਝਣ ਲੱਗ ਪਈ। ਬਾਬਾ ਸਾਹਿਬ ਸਿੰਘ 'ਬੇਦੀ' ਅਤੇ ਅਕਾਲੀ ਫੂਲਾ ਸਿੰਘ ਦੀ ਪ੍ਰੇਰਨਾ ਸਦਕਾ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਜਨਮ-ਸਥਾਨ, ਸ੍ਰੀ ਨਨਕਾਣਾ ਸਾਹਿਬ ਦੀ ਸੁੰਦਰ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਬਹੁਤ ਸਾਰੀ ਜਾਗੀਰ ਵੀ ਨਾਂ ਲਗਵਾਈ।

ਸੰਨ ੧੮੪੯ ਈ. ਵਿਚ ਪੰਜਾਬ 'ਤੇ ਅੰਗਰੇਜ਼ਾਂ ਦਾ ਰਾਜ ਹੋ ਗਿਆ। ਅੰਗਰੇਜ਼ਾਂ ਨੇ ਪੰਜਾਬ ਦਾ ਰਾਜ ਸਿੱਖਾਂ ਤੋਂ ਧੋਖੇ ਨਾਲ ਖੋਹਿਆ ਸੀ। ਪੰਜਾਬ 'ਤੇ ਕਬਜ਼ਾ ਕਰਨ ਲਈ ਅੰਗਰੇਜ਼ਾਂ ਨੇ ਸਿੱਖਾਂ ਨਾਲ ਜੋ ਲੜਾਈਆਂ ਲੜੀਆਂ ਉਸ ਵਿਚ ਸਿੱਖਾਂ ਨੇ ਅੰਗਰੇਜ਼ਾਂ ਨੂੰ ਨੱਕੀਂ ਚਣੇ ਚਬਾ ਦਿੱਤੇ ਸਨ। ਜਦੋਂ ਅੰਗਰੇਜ਼ਾਂ ਨੇ ੧੭੬੫ ਈ. ਵਿਚ ਬੰਗਾਲ 'ਤੇ ਕਬਜ਼ਾ ਕੀਤਾ ਸੀ ਉਸ ਤੋਂ ਪਹਿਲਾਂ ਹੀ ਉਹ ਸਿੱਖਾਂ ਦੀ ਬਹਾਦਰੀ ਦੇ ਕਾਰਨਾਮੇ ਸੁਣਦੇ ਆ ਰਹੇ ਸਨ। ਅਹਿਮਦਸ਼ਾਹ ਅਬਦਾਲੀ ਦੇ ੧੭੬੧ ਈ. ਵਿਚ ਭਾਰਤ 'ਤੇ ਕੀਤੇ ਹਮਲੇ ਸਮੇਂ ਉਸ ਦੀ ਮੁੱਠਭੇੜ ਮਰਾਠਿਆਂ ਨਾਲ ਹੋਈ। ਮਰਾਠਿਆਂ ਨੂੰ ਪਾਣੀਪਤ ਦੀ ਲੜਾਈ ਵਿਚ ਲੱਕ-ਤੋੜਵੀਂ ਹਾਰ ਹੋਈ। ਇਸ ਉਪਰੰਤ ਸਿੱਖਾਂ ਨੇ ਆਪਣੀਆਂ ਜਾਨਾਂ ਹੂਲ ਕੇ ਅਫਗਾਨਾਂ ਤੋਂ ਦੇਸ਼ ਨੂੰ ਅਜ਼ਾਦ ਕਰਵਾਇਆ। ਫੋਰਟ ਵਿਲਿਅਮ ਕਲਕੱਤੇ ਵਿਚ ਸਿੱਖਾਂ ਦੀ ਬਹਾਦਰੀ ਦਾ ਗੌਰ ਨਾਲ ਮੁਲਾਂਕਣ ਕਰ ਰਿਹਾ ਸੀ। ਸਿੱਖਾਂ ਦੀ ਵਧ ਰਹੀ ਸ਼ਕਤੀ ਅੰਗਰੇਜ਼ਾਂ ਲਈ ਚਿੰਤਾ ਬਣੀ ਹੋਈ ਸੀ। ਅੰਗਰੇਜ਼ਾਂ ਨੂੰ ਇਸ ਗੱਲ ਦਾ ਗਿਆਨ ਹੋ ਗਿਆ ਸੀ ਕਿ ਜੇਕਰ ਉੱਤਰ-ਪੱਛਮ ਇਲਾਕੇ ਵਿਚ ਉਨ੍ਹਾਂ ਨੂੰ ਕੋਈ ਚੁਣੌਤੀ ਦੇਵੇਗਾ, ਤਾਂ ਉਹ ਸਿੱਖ ਹਨ। ਅੰਗਰੇਜ਼ਾਂ ਨੇ ਆਪਣੇ ਸਾਰੇ ਸੂਤਰਾਂ ਤੋਂ ਪਤਾ ਕਰ ਕੇ ਇਹ ਅੰਦਾਜ਼ਾ ਲਗਾ ਲਿਆ ਸੀ ਕਿ ਸਿੱਖ ਗ਼ੁਲਾਮ ਰਹਿਣ ਵਾਲੀ ਕੌਮ ਨਹੀਂ ਹੈ। ਇਨ੍ਹਾਂ ਦਾ ਪ੍ਰੇਰਨਾ-ਸ੍ਰੋਤ ਅਤੇ ਜਾਗ੍ਰਤੀ ਦਾ ਕੇਂਦਰ ਗੁਰਦੁਆਰਾ ਸਾਹਿਬਾਨ ਹਨ। ਅੰਗਰੇਜ਼ਾਂ ਨੇ ਸਿੱਖਾਂ ਨੂੰ ਕਮਜ਼ੋਰ ਕਰਨ ਲਈ ਗੁਰਦੁਆਰਾ ਸਾਹਿਬਾਨ ਵਿਚ ਘੁਸਪੈਠ ਕਰਨ ਦੀ ਸੋਚੀ ਅਤੇ ਇਸ ਮੰਤਵ ਲਈ ਉਨ੍ਹਾਂ ਨੇ ਮਹੰਤਾਂ ਨੂੰ ਆਪਣੇ ਹੱਕ ਵਿਚ ਕਰ ਕੇ ਸਿੱਖਾਂ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ। ਮਹੰਤਾਂ ਨੂੰ ਭ੍ਰਿਸ਼ਟ ਕਰਨ ਲਈ ਹਰ ਤਰ੍ਹਾਂ ਦੀ ਸਰਕਾਰੀ ਸਹਾਇਤਾ ਦਿੱਤੀ ਜਾਂਦੀ ਸੀ। ਅੰਗਰੇਜ਼ਾਂ ਨੇ ਮਹੰਤਾਂ ਨੂੰ ਆਪਣੇ ਮਤਲਬ ਲਈ ਵਰਤਣਾ ਸ਼ੁਰੂ ਕਰ ਦਿੱਤਾ ਸੀ। ਜਲੰਧਰ-ਦੁਆਬ ਦੇ ਕਮਿਸ਼ਨਰ ਜਹਾਨ ਲਾਰੈਂਸ ਨੇ ਸ੍ਰੀ ਦਰਬਾਰ ਸਾਹਿਬ ਦੇ ਨਾਂ ਜੋ ਜਾਗੀਰਾਂ ਸਨ, ਉਨ੍ਹਾਂ ਦਾ ਸਰਵੇ ਕਰਵਾਇਆ। ਗ੍ਰੰਥੀ ਮੱਖਣ ਸਿੰਘ ੧੮੩੨ ਈ. ਤੋਂ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਨਿਭਾਉਂਦਾ ਆ

ਰਿਹਾ ਸੀ। ਅੰਗਰੇਜ਼ਾਂ ਨੇ ਉਸ ਨੂੰ ਆਪਣੇ ਵੱਲ ਕਰਨ ਲਈ ਸ੍ਰੀ ਅੰਮ੍ਰਿਤਸਰ ਨੂੰ ਛੱਡ ਕੇ ਸ੍ਰੀ ਦਰਬਾਰ ਸਾਹਿਬ ਦੀਆਂ ਸਾਰੀਆਂ ਜਾਗੀਰਾਂ ਤਾ-ਉਮਰ ਉਸ ਦੇ ਨਿੱਜੀ ਨਾਂ 'ਤੇ ਕਰ ਦਿੱਤੀਆਂ। ੧੮੪੭ ਈ. ਵਿਚ ਅੰਗਰੇਜ਼ ਸਰਕਾਰ ਨੇ ਲਾਹੌਰ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨੂੰ ਕੜਾਹ ਪ੍ਰਸ਼ਾਦ ਲਈ ਨਿਯਤ ਕੀਤੀ ੧੧ ਰੁਪਏ ਰੋਜ਼ਾਨਾ ਦੀ ਰਾਸ਼ੀ ਨੂੰ ਘਟਾ ਕੇ ੩ ਰੁਪਏ ਕਰ ਦਿੱਤਾ। ੧੮੪੮ ਈ. ਵਿਚ ਸ. ਜੋਧ ਸਿੰਘ, ਜੋ ਡੇਰਾ ਬਾਬਾ ਨਾਨਕ ਵਿਖੇ ਨਾਇਬ ਅਦਾਲਤੀ ਅਤੇ ਅੰਗਰੇਜ਼-ਪ੍ਰਸਤ ਸੀ, ਦੀ ਬਦਲੀ ਸ੍ਰੀ ਅੰਮ੍ਰਿਤਸਰ ਵਿਖੇ ਕਰ ਦਿੱਤੀ ਗਈ। ਬਾਬਾ ਲਛਮਣ ਸਿੰਘ ਦਾ ਪ੍ਰਬੰਧ ਠੀਕ ਨਾ ਹੋਣ ਦਾ ਦੋਸ਼ ਲਾ ਕੇ ਇਨ੍ਹਾਂ ਦੀ ਛੁੱਟੀ ਕਰ ਦਿੱਤੀ ਗਈ। ਇਨ੍ਹਾਂ ਦੀ ਜਗ੍ਹਾ ਸ. ਜੋਧ ਸਿੰਘ ਨੂੰ ਨਿਯੁਕਤ ਕਰ ਦਿੱਤਾ ਗਿਆ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦਾ ਸਰਬਰਾਹ ਅੰਗਰੇਜ਼ਾਂ ਨੇ ਆਪਣੀ ਮਰਜ਼ੀ ਨਾਲ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ ਸੀ, ਜੋ ਆਮ ਕਰਕੇ ਸਰਕਾਰੀ ਆਦਮੀ ਹੁੰਦਾ ਸੀ। ੧੮੪੯ ਈ. ਵਿਚ ੩੦ ਮਾਰਚ ਨੂੰ ਜਦੋਂ ਅੰਗਰੇਜ਼ਾਂ ਨੇ ਪੂਰੀ ਤਰ੍ਹਾਂ ਸਿੱਖ ਰਾਜ 'ਤੇ ਕਬਜ਼ਾ ਕਰ ਲਿਆ ਤਾਂ ਇਨ੍ਹਾਂ ਅੰਗਰੇਜ਼-ਪ੍ਰਸਤਾਂ ਤੋਂ ਹੀ ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ ਕਰਵਾਈ ਗਈ। ਸੰਨ ੧੮੭੨ ਈ. ਵਿਚ ਅੰਗਰੇਜ਼ਾਂ ਨੇ ਇਨ੍ਹਾਂ ਮਹੰਤਾਂ ਨੂੰ ਅਜ਼ਾਦੀ ਘੁਲਾਟੀਏ ਬਾਬਾ ਰਾਮ ਸਿੰਘ ਜੀ ਭੈਣੀ ਸਾਹਿਬ ਵਾਲਿਆਂ ਵਿਰੁੱਧ ਵਰਤਿਆ। ਅੰਗਰੇਜ਼ ਸਰਕਾਰ ਨੇ ਸਿੱਖਾਂ ਵਿਚ ਸਤਿਕਾਰੀ ਜਾਂਦੀ ਹਸਤੀ ਬਾਬਾ ਕਰਤਾਰ ਸਿੰਘ ਬੇਦੀ ਨੂੰ ਵੀ ਆਪਣੇ ਝਾਂਸੇ ਵਿਚ ਫਸਾ ਲਿਆ। ਅੰਗਰੇਜ਼ ਸਰਕਾਰ ਨੇ ੭ ਫਰਵਰੀ, ੧੯੧੪ ਈ. ਵਿਚ ਇਨ੍ਹਾਂ ਨੂੰ ਆਨਰੇਰੀ ਲੈਫਟੀਨੈਂਟ ਪਦ 'ਤੇ ਨਿਯੁਕਤ ਕਰ ਦਿੱਤਾ। ਇਨ੍ਹਾਂ ਨਾਲ ਮਹੰਤਾਂ ਨੇ ਵੀ ਆਪਣੇ ਨਜ਼ਦੀਕੀ ਸੰਬੰਧ ਬਣਾ ਲਏ। ਸੰਨ ੧੯੧੪-੧੫ ਈ. ਵਿਚ ਅਮਰੀਕਨ ਅਤੇ ਕਨੇਡੀਅਨ ਸਿੱਖਾਂ ਦੇ ਵਿਰੁੱਧ ਸਰਬਰਾਹ ਅਰੂੜ ਸਿੰਘ ਨੂੰ ਵਰਤਿਆ ਗਿਆ। ਸੰਨ ੧੯੧੯ ਈ. ਵਿਚ ਨਿਹੱਥੇ ਭਾਰਤੀਆਂ ਨੂੰ ਜਲ੍ਹਿਆਂ ਵਾਲੇ ਬਾਗ ਵਿਚ ਮਸ਼ੀਨ-ਗੰਨਾਂ ਦੀਆਂ ਗੋਲੀਆਂ ਨਾਲ ਭੁੰਨਣ ਵਾਲੇ ਜਨਰਲ ਡਾਇਰ ਨੂੰ ਅੰਗਰੇਜ਼ਾਂ ਵੱਲੋਂ ਇਨ੍ਹਾਂ ਸਰਬਰਾਹਾਂ ਤੋਂ ਹੀ ਸਿਰੋਪਾ ਦਵਾਇਆ ਗਿਆ ਸੀ। ਇਸ ਤਰ੍ਹਾਂ ਅੰਗਰੇਜ਼ਾਂ ਦੀ ਸ਼ਹਿ 'ਤੇ ਮਹੰਤ ਆਪਣੀ ਸੇਵਾ-ਭਾਵਨਾ ਨੂੰ ਭੁਲਾ ਕੇ ਗੁਰਦੁਆਰਾ ਸਾਹਿਬਾਨ ਦੀਆਂ ਜਾਇਦਾਦਾਂ ਦੇ ਮਾਲਕ ਖ਼ੁਦ ਨੂੰ ਸਮਝਣ ਲੱਗ ਪਏ। ਗੁਰਦੁਆਰਾ ਰਕਾਬ ਗੰਜ ਸਾਹਿਬ, ਦਿੱਲੀ ਦੇ ਮਹੰਤ ਨੇ ਸਿੱਖ ਸੰਗਤ ਨੂੰ ਪੁੱਛੇ ਵਗੈਰ ਹੀ ਗੁਰਦੁਆਰਾ ਸਾਹਿਬ ਦੀ ਜ਼ਮੀਨ ਸਰਕਾਰ ਨੂੰ ਵੇਚ ਦਿੱਤੀ। ਗੁਰਦੁਆਰਾ ਬਾਬਾ ਫੂਲਾ ਸਿੰਘ ਦੇ ਮਹੰਤ ਹਰਨਾਮ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਵੇਚ ਦਿੱਤੀ। ਸ੍ਰੀ ਦਰਬਾਰ ਸਾਹਿਬ, ਤਰਨਤਾਰਨ ਸਾਹਿਬ ਦੇ ਮਹੰਤਾਂ ਨੇ ਗੁਰਦੁਆਰਾ ਸਾਹਿਬ ਦਾ ਬੁੰਗਾ ਪਾਦਰੀਆਂ ਨੂੰ ਵੇਚ ਦਿੱਤਾ। ਇਹ ਮਹੰਤ ਹਰ ਤਰ੍ਹਾਂ ਦਾ ਨਸ਼ਾ ਅਤੇ ਕੁਰੀਤੀਆਂ ਸਰਕਾਰ ਦੀ ਸ਼ਹਿ 'ਤੇ ਗੁਰਦੁਆਰਾ ਸਾਹਿਬਾਨ ਦੀ ਹਦੂਦ ਅੰਦਰ ਕਰਨ ਲੱਗ ਪਏ ਸਨ।

ਗੁਰਦੁਆਰਾ ਜਨਮ-ਸਥਾਨ ਸ੍ਰੀ ਨਨਕਾਣਾ ਸਾਹਿਬ ਦਾ ਮਹੰਤ ਨਰੈਣ ਦਾਸ ਵਲਦ ਕਿਸ਼ਨ ਦਾਸ ਵਲਦ ਸਾਧੂ ਰਾਮ ਸੀ। ਗੁਰਦੁਆਰਾ ਪੱਟੀ ਸਾਹਿਬ ਦਾ ਮਹੰਤ ਤੀਰਥ

ਸਿੰਘ ਸੀ। ਗੁਰਦੁਆਰਾ ਮਾਲ ਜੀ ਸਾਹਿਬ ਦਾ ਮਹੰਤ ਕਿਰਪਾ ਰਾਮ ਸੀ। ਗੁਰਦੁਆਰਾ ਕਿਆਰਾ ਸਾਹਿਬ ਦਾ ਮਹੰਤ ਫ਼ੌਜਾ ਸਿੰਘ ਸੀ। ਗੁਰਦੁਆਰਾ ਤੰਬੂ ਸਾਹਿਬ ਦੇ ਮਹੰਤ ਸਰਮ ਸਿੰਘ ਤੇ ਉਜਾਗਰ ਸਿੰਘ ਸਨ। ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਦਾ ਮਹੰਤ ਸੰਗਤ ਸਿੰਘ ਸੀ। ਇਹ ਗੁਰਦੁਆਰਾ ਸਾਹਿਬ ਵਿਚ ਸਿੱਖ-ਮਰਯਾਦਾ ਦੇ ਉਲਟ ਕਾਰਵਾਈਆਂ ਕਰਨ ਲੱਗ ਪਏ ਸਨ। ਮਹੰਤਾਂ ਨੇ ਸਰਕਾਰ ਦੀ ਮਿਲੀ-ਭੁਗਤ ਨਾਲ ਗੁਰਦੁਆਰਾ ਸਾਹਿਬ ਦੀਆਂ ਜਾਇਦਾਦਾਂ ਦਾ ਇੰਦਰਾਜ ਬਤੌਰ ਮਾਲਕ ਕਰਵਾਉਣਾ ਸ਼ੁਰੂ ਕਰ ਦਿੱਤਾ। ਸ੍ਰੀ ਨਨਕਾਣਾ ਸਾਹਿਬ ਅਸਟੇਟ ਦਾ ਕੁੱਲ ਰਕਬਾ ੧੭੬੭੫ ਏਕੜ ਦਾ ਸੀ। ਇਸ ਵਿੱਚੋਂ ੧੫੯੨੩ ਏਕੜ ਵਿਚ ਖੇਤੀ ਹੁੰਦੀ ਸੀ। ਬਾਕੀ ਰਕਬੇ ਵਿਚ ਸ੍ਰੀ ਨਨਕਾਣਾ ਸਾਹਿਬ, ਬਸਤੀਆਂ, ਸਰਕਾਰੀ ਇਮਾਰਤਾਂ, ਰੇਲਵੇ ਲਾਈਨਾਂ, ਸੜਕਾਂ, ਪਹੇ, ਨਹਿਰਾਂ, ਸੂਏ ਆਦਿ ਸਨ। ਸ੍ਰੀ ਨਨਕਾਣਾ ਸਾਹਿਬ ਅਸਟੇਟ ਵਿਚ ੨੪ ਪਿੰਡ ਆਬਾਦ ਸਨ। ੬ ਏਕੜ ਵਿਚ ਬਾਗ ਕੋਟ ਸਾਧੂ ਰਾਮ, ੫ ਏਕੜ ਵਿਚ ਬਾਗ ਕੋਟ ਦਰਬਾਰ ਸਾਹਿਬ, ੪ ਏਕੜ ਵਿਚ ਰਾਮ ਪੁਰਾ ਬਾਗ, ੧੨੫ ਏਕੜ ਵਿਚ ਗੁਰੂ ਨਾਨਕ ਗਾਰਡਨ ਅਤੇ ੧੭੦ ਏਕੜ ਵਿਚ ਸ਼ਹੀਦੀ ਬਾਗ ਸੀ। ਇਸ ਤੋਂ ਇਲਾਵਾ ਹੋਰ ਪਿੰਡਾਂ ਵਿਚ ਗੁਰਦੁਆਰਾ ਸਾਹਿਬਾਨ ਨਾਲ ਜ਼ਮੀਨ-ਜਾਇਦਾਦ ਸੀ, ਜਿਨ੍ਹਾਂ ਵਿੱਚੋਂ ਪਿੰਡ ਸ਼ਾਹਪੁਰ ਤੇ ਹਰੀਆ ਵਿਖੇ ੨੨ ਮਰੱਬੇ, ਪਿੰਡ ਬਿਹਾਰੀ ਪੁਰ ਵਿਚ ਪੌਣੇ ੪ ਮਰੱਬੇ, ਪਿੰਡ ਕਨਲ ਵਿਚ ੨੩ ਏਕੜ, ਪਿੰਡ ਪਿੰਡੀ ਚੇਰੀ ਵਿਚ ੩ ਮਰੱਬੇ (ਮੌਰੂਸੀ ਹੱਕ), ਪਿੰਡ ਨਾਨਕ ਕੋਟ ਵਿਚ ਪੌਣੇ ੫ ਮਰੱਬੇ, ਸਾਂਗਲ ਸ਼ਹਿਰ ਵਿਚ ੩ ਦੁਕਾਨਾਂ, ਸ਼ਾਹ ਕੋਟ ਵਿਚ ੨ ਦੁਕਾਨਾਂ ਅਤੇ ਗੁੱਜਰ ਖਾਨ ਵਿਚ ੧ ਦੁਕਾਨ ਸੀ। ਇਸ ਸੈਂਕੜੇ ਏਕੜ ਜ਼ਮੀਨ ਦਾ ਇਕੱਲਾ ਨਰਾਇਣ ਦਾਸ ਹੀ ਨਹੀਂ, ਬਲਕਿ ਬਾਵਾ ਸਾਹਿਬ ਦਾਸ, ਲਾਭ ਦਾਸ, ਗੰਗਾ ਰਾਮ, ਆਤਮਾ ਰਾਮ, ਅਤਰ ਦਾਸ ਆਦਿ ਕਿੰਨੇ ਹੀ ਮਾਲਕ ਬਣ ਗਏ ਸਨ। ਇਸ ਤੋਂ ਇਲਾਵਾ ਮਹੰਤ ਗੁਰਦੁਆਰਾ ਸਾਹਿਬ ਦੀਆਂ ਕੀਮਤੀ ਜਾਇਦਾਦਾਂ ਵੇਚ ਕੇ ਖਾ ਰਹੇ ਸਨ। ਸੰਨ ੧੯੧੭ ਈ. ਵਿਚ ਮਹੰਤ ਨਰੈਣ ਦਾਸ ਨੇ ਗੁਰਦੁਆਰਾ ਸਾਹਿਬ ਅੰਦਰ ਲਾਹੌਰ ਤੋਂ ਵੇਸਵਾ ਮੰਗਵਾ ਕੇ ਨਾਚ ਕਰਵਾਇਆ। ਸ੍ਰੀ ਨਨਕਾਣਾ ਸਾਹਿਬ ਦੇ ਹਾਲਾਤ ਬਾਰੇ ਸੰਤ ਸੂਰਜ ਸਿੰਘ ਨੇ ਆਪਣੀ ਪੁਸਤਕ 'ਜਾਗ੍ਰਤ ਖਾਲਸਾ' ਵਿਚ ਜ਼ਿਕਰ ਕੀਤਾ ਹੈ:

*ਹੋ ਮਹੰਤ ਗੁਰਧਾਮ ਦੇ ਕੀ ਕਿਰਤ ਕਮਾਈ।*
*ਇਕ ਡੂਮਣੀ ਉਸ ਨੇ ਘਰ ਵਿਚ ਵਸਾਈ।*
*ਵਿਸ਼ੇ ਪਰਾਇਣ ਹੋ ਰਿਹਾ ਸਭ ਬੁਧ ਨਸਾਈ।*
*ਪੁੱਤ੍ਰ ਧੀਆਂ ਉਸ ਤੋਂ ਬੈਠਾ ਉਪਜਾਈ।*
*ਨਾਮ ਉਨ੍ਹਾਂ ਦੇ ਲਾਂਵਦਾ ਸੀ ਵਿਰਸਾ ਭਾਈ।*
*ਲਾਜ ਨਾਂ ਸਾਧੂ ਭੇਖ ਦੀ ਭੈੜੇ ਨੂੰ ਆਈ।*
*ਪੀਏ ਸ਼ਰਾਬ ਨਿਤ ਹੀ ਬਣ ਰਿਹਾ ਸ਼ੁਦਾਈ।*
*ਚੋਰ ਉਚੱਕੇ ਧਾੜਵੀ ਬਹੁ ਪਾਸ ਬੁਲਾਈ।*

*ਦੇਖ ਦੇਖ ਰਹੇ ਸਿੰਘ ਦੁਖਾਈ।*

ਸਿੰਧ ਪ੍ਰਾਂਤ ਤੋਂ ਇਕ ਸਿੰਧੀ ਸੈਸ਼ਨ ਜੱਜ ਦੇ ਅਹੁਦੇ ਤੋਂ ਰਿਟਾਇਰ ਹੋਣ ਉਪਰੰਤ ਆਪਣੇ ਪਰਵਾਰ ਦੇ ਜੀਆਂ ਨਾਲ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਚੱਲਿਆ। ਜਦੋਂ ਉਹ ਗੁਰਦੁਆਰਾ ਜਨਮ-ਸਥਾਨ, ਸ੍ਰੀ ਨਨਕਾਣਾ ਸਾਹਿਬ ਵਿਖੇ ਪੁੱਜਾ ਤਾਂ ਰਾਤ ਬਿਤਾਉਣ ਲਈ ਇੱਥੇ ਹੀ ਰਹਿ ਗਿਆ। ਮਹੰਤ ਨੇ ਇਨ੍ਹਾਂ ਨੂੰ ਰਿਹਾਇਸ਼ ਲਈ ਗੁਰਦੁਆਰਾ ਸਾਹਿਬ ਦੇ ਅੰਦਰ ਦੱਖਣ ਵਾਲੇ ਪਾਸੇ ਜੋ ਰਿਹਾਇਸ਼ੀ ਕਮਰੇ ਸਨ, ਉਹ ਦੇ ਦਿੱਤੇ। ਰਾਤ ਹੋਣ 'ਤੇ ਇਨ੍ਹਾਂ ਨੇ ਰੋਸ਼ਨੀ ਕਰਨ ਲਈ ਮਹੰਤ ਪਾਸੋਂ ਦੀਵੇ ਦੀ ਮੰਗ ਕੀਤੀ ਤਾਂ ਮਹੰਤ ਨੇ ਕਮਰੇ ਵਿੱਚੋਂ ਹੀ ਪਿਆ ਦੀਵਾ ਦੇ ਦਿੱਤਾ, ਪਰ ਉਸ ਵਿਚ ਤੇਲ ਨਹੀਂ ਸੀ। ਮਹੰਤ ਨੇ ਉਸ ਜੱਜ ਦੀ ੧੩-੧੪ ਸਾਲ ਦੀ ਬੱਚੀ ਨੂੰ ਕਿਹਾ ਕਿ ਉਹ ਉਸ ਦੇ ਨਾਲ ਆ ਜਾਵੇ ਤੇ ਤੇਲ ਲੈ ਲਵੇ। ਜਦੋਂ ਉਹ ਲੜਕੀ ਉਸ ਨਾਲ ਤੇਲ ਲੈਣ ਲਈ ਗਈ ਤਾਂ ਭ੍ਰਸ਼ਟ ਮਹੰਤ ਨੇ ਉਸ ਦਾ ਸਤ ਭੰਗ ਕਰ ਦਿੱਤਾ। ਉਹ ਨਬਾਲਗ ਲੜਕੀ ਰੋਂਦੀ-ਪਿੱਟਦੀ ਵਾਪਸ ਆ ਗਈ। ਸੰਗਤ ਇਸ ਘੋਰ ਅਪਰਾਧ ਨੂੰ ਦੇਖ ਕੇ ਹੈਰਾਨ ਰਹਿ ਗਈ। ਜਦੋਂ ਮਹੰਤ ਨਰੈਣ ਦਾਸ ਨੂੰ ਸਿੰਧੀ ਦੇ ਰੌਲਾ ਪਾਉਣ ਦਾ ਪਤਾ ਲੱਗਾ ਤਾਂ ਉਸ ਨੇ ਆਪਣੇ ਗੁੰਡੇ ਭੇਜ ਕੇ ਧੱਕੇ ਨਾਲ ਲੜਕੀ ਨੂੰ ਚੁਕਵਾ ਲਿਆ। ਸਵੇਰ ਹੁੰਦੇ ਸਾਰ ਹੀ ਮਹੰਤ ਨੇ ਕਿਹਾ ਕਿ ਜੇਕਰ ਤੁਸੀਂ ਚੁੱਪ-ਚਾਪ ਰੇਲ ਚੜ੍ਹ ਕੇ ਚਲੇ ਜਾਵੋਗੇ ਤਾਂ ਤੁਹਾਡੀ ਲੜਕੀ ਸਟੇਸ਼ਨ 'ਤੇ ਪਹੁੰਚਾ ਦਿੱਤੀ ਜਾਵੇਗੀ। ਜਦੋਂ ਉਹ ਸਿੰਧੀ ਪਰਵਾਰ ਗੱਡੀ ਵਿਚ ਬੈਠ ਗਿਆ ਤਾਂ ਮਹੰਤ ਦੇ ਗੁੰਡੇ ਉਸ ਦੀ ਲੜਕੀ ਨੂੰ ਛੱਡ ਗਏ। ਇਸ ਤੋਂ ਇਲਾਵਾ ਇਲਾਕਾ ਜੜ੍ਹਾਂ ਵਾਲਾ, ਜ਼ਿਲ੍ਹਾ ਲਾਇਲਪੁਰ ਤੋਂ ਪੂਰਨਮਾਸ਼ੀ ਦੇ ਮੇਲੇ 'ਤੇ ਆਈਆਂ ਛੇ ਇਸਤਰੀਆਂ ਦਾ ਸਤ ਭੰਗ ਕੀਤਾ ਗਿਆ। ਭਾਈ ਬੂਟਾ ਸਿੰਘ ਪੋਠੋਹਾਰੀ ਦੀ ਕਿਰਪਾਨ ਤੇ ਰੁਪਏ ਖੋਹ ਲਏ ਗਏ।

ਅਪ੍ਰੈਲ, ੧੯੨੦ ਈ. ਵਿਚ ਸਾਂਝੇ ਪੰਜਾਬ ਦੇ ਜ਼ਿਲ੍ਹਾ ਗੁਜਰਾਤ ਦੇ ਨਗਰ 'ਡਿੰਗਾ' ਵਿਖੇ ਸਿੱਖ ਐਜੂਕੇਸ਼ਨ ਕਾਨਫਰੰਸ ਆਯੋਜਿਤ ਕੀਤੀ ਗਈ। ਇਸ ਕਾਨਫਰੰਸ ਵਿਚ ਉਹ ਸਿੰਧੀ, ਜਿਸ ਦੀ ਬੱਚੀ ਮਹੰਤ ਦੇ ਕੁਕਰਮ ਦਾ ਸ਼ਿਕਾਰ ਹੋਈ ਸੀ, ਪਹੁੰਚ ਗਿਆ। ਇਸ ਸਿੰਧੀ ਨੇ ਵਿਰਲਾਪ ਕਰ ਕੇ ਸ੍ਰੀ ਨਨਕਾਣਾ ਸਾਹਿਬ ਵਿਚ ਉਸ ਨਾਲ ਵਾਪਰੀ ਘਟਨਾ ਦੱਸੀ ਅਤੇ ਸਿੱਖਾਂ ਨੂੰ ਨੂਹਾਰਾ ਮਾਰਿਆ ਕਿ "ਸਿੱਖ ਹੈਨ ਕਿ ਮਰ-ਮੁੱਕ ਗਏ ਨੇ?" ਨਿਤਾ-ਪ੍ਰਤੀ ਦੀਆਂ ਅਜਿਹੀ ਘਟਨਾਵਾਂ ਕਰਕੇ ਸਿੱਖ ਜਗਤ ਗੁਰਦੁਆਰਾ ਸਾਹਿਬਾਨ ਨੂੰ ਇਨ੍ਹਾਂ ਮਹੰਤਾਂ ਤੋਂ ਅਜ਼ਾਦ ਕਰਵਾਉਣ ਲਈ ਸੁਚੇਤ ਹੋ ਗਿਆ। ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਅਤੇ ਸਰਦਾਰ ਬੂਟਾ ਸਿੰਘ ਵਕੀਲ ਸ਼ੇਖ਼ੂਪੁਰਾ ਨੇ ਕਈ ਵਾਰ ਮਹੰਤ ਨਰੈਣ ਦਾਸ ਨੂੰ ਸਹੀ ਰਸਤੇ 'ਤੇ ਲਿਆਉਣ ਲਈ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ। ਸ੍ਰੀ ਨਨਕਾਣਾ ਸਾਹਿਬ ਨੂੰ ਅਜ਼ਾਦ ਕਰਵਾਉਣ ਲਈ ਅਕਤੂਬਰ, ੧੯੨੦ ਈ. ਵਿਚ ਧਾਰੋਵਾਲੀ ਪਿੰਡ ਵਿਚ ਇਕ ਦੀਵਾਨ ਸਜਾਇਆ ਗਿਆ ਅਤੇ ਮਹੰਤ ਨੂੰ ਪ੍ਰਬੰਧ ਅਤੇ ਕਰਮਚਾਰੀਆਂ ਦੇ ਵਤੀਰੇ ਵਿਚ ਸੁਧਾਰ ਕਰਨ ਲਈ ਮਤਾ ਪਾਸ ਕੀਤਾ ਗਿਆ। ਜਦੋਂ ਮਹੰਤ ਨੂੰ ਇਸ ਮਤੇ ਦੀ ਸੂਚਨਾ ਦਿੱਤੀ ਗਈ ਤਾਂ ਉਸ ਨੇ ਸੁਧਾਰ ਕਰਨ ਦੀ ਥਾਂ

ਸਿੱਖਾਂ ਨੂੰ ਸਬਕ ਸਿਖਾਉਣ ਦਾ ਮਨ ਬਣਾ ਲਿਆ। ਉਸ ਨੇ ਪੂਰੀ ਜੰਗੀ ਤਿਆਰੀ ਕਰ ਲਈ। ਨਾਲ ਹੀ ਉਸ ਨੇ ਪੰਥਕ-ਮੁਖੀਆਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਸੁਲਾਹ ਦੀ ਗੱਲ ਤੋਰੀ ਰੱਖੀ। ੨੩ ਜਨਵਰੀ ਅਤੇ ੬ ਫਰਵਰੀ, ੧੯੨੧ ਈ. ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਚੇਚੇ ਸਮਾਗਮ ਕੀਤੇ ਗਏ। ਕਮੇਟੀ ਵੱਲੋਂ ਮਹੰਤ ਨਰੈਣ ਦਾਸ ਦੇ ਨਾਂ ਖੁੱਲ੍ਹੀ ਚਿੱਠੀ ਲਿਖੀ ਗਈ ਕਿ ਉਹ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਅਤੇ ਆਪਣੇ ਆਚਰਨ ਵਿਚ ਸੁਧਾਰ ਕਰੇ। ਪੰਜ ਉੱਘੇ ਸਿੰਘਾਂ ਦੀ ਕਮੇਟੀ ਬਣਾਈ ਗਈ, ਜਿਸ ਨੂੰ ਸ੍ਰੀ ਨਨਕਾਣਾ ਸਾਹਿਬ ਦੇ ਲੰਗਰ ਦਾ ਪ੍ਰਬੰਧ ਕਰਨ ਲਈ ਕਿਹਾ ਗਿਆ। ਸ੍ਰੀ ਪੰਜਾ ਸਾਹਿਬ, ਜ਼ਿਲ੍ਹਾ ਕੈਂਬਲਪੁਰ, ਸੱਚਾ ਸੌਦਾ, ਜ਼ਿਲ੍ਹਾ ਸ਼ੇਖੂਪੁਰ, ਚੋਹਲਾ ਸਾਹਿਬ ਦੇ ਪਵਿੱਤਰ ਗੁਰਦੁਆਰਾ ਸਾਹਿਬਾਨ ਅਮਨ-ਚੈਨ ਨਾਲ ਹੀ ਪੰਥਕ ਪ੍ਰਬੰਧ ਹੇਠ ਆ ਚੁੱਕੇ ਸਨ। ਸ੍ਰੀ ਤਰਨਤਾਰਨ ਸਾਹਿਬ ਦੇ ਮਹੰਤ ਨੇ ੨੬ ਜਨਵਰੀ, ੧੯੨੧ ਈ. ਨੂੰ ਸਿੰਘਾਂ 'ਤੇ ਹਮਲਾ ਕਰ ਕੇ ਕਈ ਸਿੰਘਾਂ ਨੂੰ ਫੱਟੜ ਕਰ ਦਿੱਤਾ ਸੀ ਅਤੇ ੨ ਸਿੰਘਾਂ ਭਾਈ ਹਜ਼ਾਰਾ ਸਿੰਘ ਅਲਾਦੀਨਪੁਰ ਅਤੇ ਭਾਈ ਹੁਕਮ ਸਿੰਘ ਵਸਾਊ ਕੋਟ ਨੂੰ ਸ਼ਹੀਦ ਕਰ ਦਿੱਤਾ ਸੀ। ਇਸ ਘਟਨਾ ਪ੍ਰਤੀ ਸਾਰੇ ਪੰਥ ਵਿਚ ਭਾਰੀ ਰੋਸ ਭਰ ਗਿਆ ਸੀ। ੧੪ ਫਰਵਰੀ, ੧੯੨੧ ਈ. ਨੂੰ ਸ. ਬੂਟਾ ਸਿੰਘ ਵਕੀਲ ਦੀ ਕੋਠੀ ਵਿਚ ਮਹੰਤ ਨਰੈਣ ਦਾਸ ਨਾਲ ਮੀਟਿੰਗ ਲਈ ਸਮਾਂ ਰੱਖਿਆ ਗਿਆ। ਮੌਕੇ 'ਤੇ "ਮਹੰਤ ਮੁੱਕਰ ਗਿਆ ਅਤੇ ਕਹਿ ਦਿੱਤਾ ਕਿ ਮੀਟਿੰਗ ੧੫ ਫਰਵਰੀ, ੧੯੨੧ ਈ. ਵਾਲੇ ਦਿਨ ਲਾਹੌਰ ਵਿਚ ਕੀਤੀ ਜਾਵੇਗੀ। ਸ. ਬੂਟਾ ਸਿੰਘ ਤੇ ਸ. ਕਰਤਾਰ ਸਿੰਘ ਝੱਬਰ 'ਲਾਇਲ ਗਜ਼ਟ' ਦੇ ਦਫ਼ਤਰ ਲਾਹੌਰ ਵਿਖੇ ਸ. ਅਮਰ ਸਿੰਘ ਪਾਸ ਪਹੁੰਚ ਗਏ। ਝੱਬਰ ਜੀ ਨੇ ਆਪਣੇ ਭਰੋਸੇਯੋਗ ਸ. ਵਰਿਆਮ ਸਿੰਘ ਜੀ ਨੂੰ ਸਾਰੇ ਮਾਮਲੇ ਦੀ ਸੂਹ ਲੈਣ ਲਈ ਜ਼ਿਲ੍ਹਾ ਮਿੰਟਗੁਮਰੀ ਦੇ ਸ. ਉੱਤਮ ਸਿੰਘ ਦੇ ਕਾਰਖਾਨੇ ਵਿਚ ਫਰਜ਼ੀ ਮੁਨਸ਼ੀ ਲਗਵਾਇਆ ਹੋਇਆ ਸੀ। ਇੱਥੇ ਮਹੰਤ ਨਰੈਣ ਦਾਸ ਦਾ ਆਉਣਾ-ਜਾਣਾ ਸੀ। ਸ. ਕਰਤਾਰ ਸਿੰਘ ਝੱਬਰ ਨੇ ਸ. ਅਵਤਾਰ ਸਿੰਘ ਰਾਹੀਂ ਸੂਚਨਾ ਦਿੱਤੀ ਕਿ ਮਹੰਤ ਨੇ ਆਪਣੇ ਰਾਮ ਗਲੀ ਵਾਲੇ ਮਕਾਨ ਵਿਚ ਗੁਪਤ ਮੀਟਿੰਗ ਕੀਤੀ ਹੈ, ਜਿਸ ਵਿਚ ਥੰਮਣ ਦਾ ਮਹੰਤ ਅਰਜਨ ਦਾਸ, ਬੱਘੀਆਂ ਵਾਲੇ ਜਗਨ ਨਾਥ ਅਤੇ ਮਾਨਕ ਗੁਰਦੁਆਰੇ ਦਾ ਮਹੰਤ ਬਸੰਤ ਸਿੰਘ ਆਪਣੇ ਚਾਰ-ਪੰਜ ਹੋਰ ਸਾਥੀਆਂ ਨਾਲ ਸ਼ਾਮਲ ਹੋਇਆ ਸੀ। ਮਹੰਤ ਨਰੈਣ ਦਾਸ ਨੇ ਬਦਮਾਸ਼ਾਂ ਨੂੰ ਡੇਢ ਲੱਖ ਰੁਪਈਆ ਦੇਣਾ ਕਰਕੇ ੧੨ ਭਗੌੜੇ ਕਾਤਲਾਂ ਨੂੰ ਨਾਲ ਲੈ ਕੇ ੬ ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਪੁੱਜਣ ਲਈ ਕਿਹਾ ਹੈ। ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਜਦੋਂ ਪੰਥਕ ਮੁਖੀਆਂ ਦਾ ਇਕੱਠ ਜਨਮ-ਸਥਾਨ 'ਤੇ ਹੋਵੇਗਾ ਤਾਂ ਇਹ ਭਾੜੇ ਦੇ ਕਾਤਲ ਇਨ੍ਹਾਂ 'ਤੇ ਹਮਲਾ ਕਰ ਕੇ ਰਫੂ-ਚੱਕਰ ਹੋ ਜਾਣ। ਮਹੰਤ ਅਤੇ ਉਸ ਦੇ ਸਾਥੀ, ਫੜ ਲਓ! ਫੜ ਲਓ!! ਮਾਰ ਗਏ! ਦਾ ਰੌਲਾ ਪਾਉਂਦੇ ਹੋਏ ਕੁਝ ਦੂਰ ਤਕ ਪਿੱਛਾ ਕਰਨਗੇ।" ਇਸ ਰਿਪੋਰਟ ਨੇ ਪੰਥਕ ਆਗੂਆਂ ਨੂੰ ਸੁਚੇਤ ਕਰ ਦਿੱਤਾ।

ਸੂਚਨਾ ਮਿਲਦੇ ਹੀ ਸਿੱਖ ਆਗੂਆਂ ਨੇ ਇਕ ਇਕੱਠ ਬੁਲਾ ਲਿਆ। ਭਾਈ ਲਛਮਣ

ਸਿੰਘ, ਭਾਈ ਟਹਿਲ ਸਿੰਘ, ਭਾਈ ਬੂਟਾ ਸਿੰਘ ਚੱਕ ਨੰਬਰ ੨੦੪ ਅਤੇ ਸ. ਤੇਜਾ ਸਿੰਘ ਵੱਲੋਂ ਮਿਲ ਕੇ ਇਹ ਪ੍ਰੋਗਰਾਮ ਬਣਾਇਆ ਗਿਆ ਕਿ, ਜਦੋਂ ੧੯-੨੦ ਫਰਵਰੀ ਨੂੰ ਮਹੰਤ ਨਰੈਣ ਦਾਸ ਲਾਹੌਰ ਵਿਖੇ ਸਨਾਤਨ ਸਿੱਖ ਕਾਨਫਰੰਸ ਵਿਚ ਭਾਗ ਲੈਣ ਜਾਵੇਗਾ ਤਾਂ ਉਸ ਤੋਂ ਮਗਰੋਂ ਗੁਰਦੁਆਰਾ ਜਨਮ-ਸਥਾਨ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ ਜਾਵੇ। ਇਸ ਬਾਰੇ ਸਾਰੇ ਸਿੱਖਾਂ ਨੂੰ ਸੂਚਨਾ ਭੇਜ ਕੇ ੨੦ ਫਰਵਰੀ, ੧੯੨੧ ਈ. ਨੂੰ ਸ੍ਰੀ ਨਨਕਾਣਾ ਸਾਹਿਬ ਪੁੱਜਣ ਲਈ ਕਹਿ ਦਿੱਤਾ ਗਿਆ। ਪ੍ਰੋਗਰਾਮ ਤੈਅ ਹੋ ਗਿਆ ਕਿ ਭਾਈ ਲਛਮਣ ਸਿੰਘ ਆਪਣੇ ਜਥੇ ਨਾਲ ਪਿੰਡ ਧਾਰੋਵਾਲ ਤੋਂ ਚੱਲ ਕੇ ਸ. ਕਰਤਾਰ ਸਿੰਘ ਝੱਬਰ ਦੇ ਜਥੇ ਨੂੰ ਸ੍ਰੀ ਨਨਕਾਣਾ ਸਾਹਿਬ ਤੋਂ ਪੰਜ ਕੁ ਮੀਲ ਦੂਰ ਚੰਦਰ ਕੋਟ ਦੀ ਝਾਲ 'ਤੇ ਮਿਲਣਗੇ। ਲਾਇਲਪੁਰ ਤੋਂ ਆਏ ਸਿੰਘ ਇਨ੍ਹਾਂ ਨੂੰ ੨੦ ਫਰਵਰੀ ਵਾਲੇ ਦਿਨ ਸਵੇਰੇ ੪:੦੦ ਵਜੇ ਸ੍ਰੀ ਨਨਕਾਣਾ ਸਾਹਿਬ ਦੇ ਕੋਲ ਭੱਠਿਆਂ 'ਤੇ ਮਿਲ ਕੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ ੫:੦੦ ਵਜੇ ਪਹੁੰਚਣਗੇ। ਸਿੱਖ ਆਗੂਆਂ ਦਾ ਇਕ ਇਕੱਠ ਚੂਹੜਕਾਣੇ ਵਿਚ ਹੋਇਆ। ਕੁਝ ਵਿਚਾਰਾਂ ਕਰਨ ਤੋਂ ਬਾਅਦ ਪੰਥਕ ਆਗੂਆਂ ਨੇ ਇਸ ਕਾਰਵਾਈ ਨੂੰ ਅੱਗੇ ਪਾਉਣਾ ਠੀਕ ਸਮਝਦਿਆਂ ਸੁਨੇਹੇ ਭੇਜ ਕੇ ਜਥਿਆਂ ਨੂੰ ਫਿਲਹਾਲ ਸ੍ਰੀ ਨਨਕਾਣਾ ਸਾਹਿਬ ਨਾ ਜਾਣ ਦੇ ਸੁਨੇਹੇ ਘੱਲ ਦਿੱਤੇ। ਮਾਸਟਰ ਤਾਰਾ ਸਿੰਘ ਅਤੇ ਸ. ਤੇਜਾ ਸਿੰਘ ਸਮੁੰਦਰੀ ਨੂੰ ਜਦੋਂ ਇਸ ਸਾਰੀ ਯੋਜਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ੧੯ ਫਰਵਰੀ ਸਵੇਰੇ ੫:੦੦ ਵਜੇ ਚੂਹੜਕਾਣੇ ਤੋਂ ਲੰਘਦੇ ਹੋਏ ਸ. ਸੁੱਚਾ ਸਿੰਘ ਜੈ ਚੱਕ ਵਾਲੇ ਹੱਥੀਂ ਸ. ਕਰਤਾਰ ਸਿੰਘ ਝੱਬਰ ਨੂੰ ਜਥਾ ਨਾ ਲਿਜਾਣ ਬਾਰੇ ਸੁਨੇਹਾ ਭੇਜਿਆ। ਜਿਨ੍ਹਾਂ ਆਗੂਆਂ ਨੂੰ ਇਸ ਪ੍ਰੋਗਰਾਮ ਦਾ ਪਤਾ ਲਗਦਾ ਗਿਆ ਉਹ ਨਾ ਗਏ। ਕਿਸੇ ਕਾਰਨ ਇਹ ਸੁਨੇਹਾ ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਨਾ ਮਿਲ ਸਕਿਆ। ਉਹ ਆਪਣੇ ਜਥੇ ਸਮੇਤ ਅਰਦਾਸਾ ਸੋਧ ਕੇ ਪਿੰਡਾਂ ਵਿਚ ਦੀ ਹੁੰਦੇ ਹੋਏ ਸ੍ਰੀ ਨਨਕਾਣਾ ਸਾਹਿਬ ਵੱਲ ਰਵਾਨਾ ਹੋ ਗਏ। ਜਥੇ ਵਿਚ ਸ. ਲਛਮਣ ਸਿੰਘ ਦੀ ਪਤਨੀ ਬੀਬੀ ਇੰਦਰ ਕੌਰ ਅਤੇ ਇਕ ਹੋਰ ਬੀਬੀ ਵੀ ਸ਼ਾਮਲ ਸੀ। ਇਹ ਜਥਾ ਨਜ਼ਾਮਪੁਰ, ਦੇਵਾ ਸਿੰਘ ਵਾਲਾ, ਧੰਨੂਵਾਲ, ਚੇਲਾਵਾਲ, ਠੱਠੀਆਂ, ਮੂਲ ਸਿੰਘ ਵਾਲਾ ਆਦਿ ਪਿੰਡਾਂ ਵਿਚ ਦੀ ਹੁੰਦਾ ਹੋਇਆ ਮੋਹਲਣ ਪੁੱਜ ਗਿਆ, ਜੋ ਸ੍ਰੀ ਨਨਕਾਣਾ ਸਾਹਿਬ ਤੋਂ ਸਿਰਫ ੬ ਮੀਲ ਦੀ ਦੂਰੀ 'ਤੇ ਸੀ।

੨੦ ਫਰਵਰੀ, ੧੯੨੧ ਈ. ਨੂੰ ਭਾਈ ਲਛਮਣ ਸਿੰਘ ੧੫੦ ਸਿੰਘਾਂ ਦਾ ਜਥਾ ਲੈ ਕੇ ਸ੍ਰੀ ਨਨਕਾਣਾ ਸਾਹਿਬ ਵੱਲ ਨੂੰ ਰਵਾਨਾ ਹੋ ਗਏ। ਗੁਰਦੁਆਰਾ ਜਨਮ-ਸਥਾਨ ਅੱਧਾ ਕੁ ਮੀਲ ਦੂਰ ਰਹਿ ਗਿਆ ਤਾਂ ਭੱਠੇ 'ਤੇ ਪੁੱਜ ਕੇ ਜਥੇ ਨਾਲ ਆਈਆਂ ਬੀਬੀਆਂ ਨੂੰ ਗੁਰਦੁਆਰਾ ਤੰਬੂ ਸਾਹਿਬ ਵੱਲ ਭੇਜ ਦਿੱਤਾ ਗਿਆ ਤੇ ਜਥੇਦਾਰ ਲਛਮਣ ਸਿੰਘ ਨੇ ਅਰਦਾਸਾ ਸੋਧ ਦਿੱਤਾ। ਇਸ ਸਮੇਂ ਭਾਈ ਵਰਿਆਮ ਸਿੰਘ ਚਿੱਠੀ ਲੈ ਪਹੁੰਚ ਗਏ ਜਿਸ ਵਿਚ ਕਿਹਾ ਗਿਆ ਸੀ ਕਿ ਜਥਾ ਫਿਲਹਾਲ ਸ੍ਰੀ ਨਨਕਾਣਾ ਸਾਹਿਬ ਲੈ ਕੇ ਨਾ ਜਾਇਆ ਜਾਵੇ। ਜਥੇਦਾਰ ਜੀ ਨੇ ਕਿਹਾ ਅਸੀਂ ਅਰਦਾਸਾ ਸੋਧ ਚੁੱਕੇ ਹਾਂ ਅਤੇ ਹੁਣ ਤਾਂ ਦਰਸ਼ਨ ਕਰਕੇ ਹੀ ਵਾਪਸ ਆਵਾਂਗੇ, ਚਾਹੇ ਜਾਨ ਹੀ ਕਿਉਂ ਨਾ ਚਲੀ ਜਾਵੇ। ਜਥਾ

ਸ਼ਾਂਤਮਈ ਢੰਗ ਨਾਲ ਗੁਰਦੁਆਰਾ ਜਨਮ-ਸਥਾਨ ਵੱਲ ਨੂੰ ਰਵਾਨਾ ਹੋ ਗਿਆ।

ਜਥੇ ਦੇ ਸਿੰਘ ਦਰਸ਼ਨੀ ਡਿਉੜੀ ਰਾਹੀਂ ਸ੍ਰੀ ਨਨਕਾਣਾ ਸਾਹਿਬ ਦੇ ਦਰਬਾਰ ਵਿਚ ਦਾਖ਼ਲ ਹੋ ਗਏ। ਭਾਈ ਲਛਮਣ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਬਿਆ ਬੈਠ ਗਏ ਅਤੇ ਬਾਕੀ ਦੇ ਸਿੰਘ ਸ਼ਬਦ ਪੜ੍ਹਨ ਲੱਗ ਪਏ। ਮਹੰਤ ਨਰੈਣ ਦਾਸ ਲਾਹੌਰ ਮੀਟਿੰਗ ਵਿਚ ਭਾਗ ਲੈਣ ਲਈ ਰੇਲਵੇ ਸਟੇਸ਼ਨ ਨੂੰ ਨਿਕਲ ਚੁੱਕਾ ਸੀ। ਜਦੋਂ ਮਹੰਤ ਦੇ ਗੁੰਡਿਆਂ ਨੇ ਸਿੰਘਾਂ ਨੂੰ ਦੇਖਿਆ ਤਾਂ ਉਹ ਘੋੜੇ ਲੈ ਕੇ ਸਟੇਸ਼ਨ ਵੱਲ ਰਵਾਨਾ ਹੋ ਗਏ। ਜਦੋਂ ਉਹ ਸਟੇਸ਼ਨ ’ਤੇ ਪੁੱਜੇ ਤਾਂ ਗੱਡੀ ਰਵਾਨਾ ਹੋ ਚੁੱਕੀ ਸੀ। ਉਨ੍ਹਾਂ ਨੇ ਘੋੜੇ ਦੁੜਾਏ ਤੇ ਅਗਲੇ ਸਟੇਸ਼ਨ ‘ਬਾਰਬਟਨ’ ’ਤੇ ਗੱਡੀ ਪਹੁੰਚਣ ਤੋਂ ਪਹਿਲਾਂ ਪਹੁੰਚ ਗਏ। ਉਹ ਮਹੰਤ ਨੂੰ ਸਾਰੀ ਘਟਨਾ ਦੱਸ ਕੇ ਗੱਡੀ ’ਚੋਂ ਉਤਾਰ ਕੇ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ। ਮਹੰਤ ਨਰੈਣ ਦਾਸ ਨੇ ਗੁਰਦੁਆਰਾ ਸਾਹਿਬ ਦੀ ਲਹਿੰਦੀ ਤੇ ਦੱਖਣ ਦੀ ਗੁੱਠ ਵਾਲੇ ਚੁਬਾਰੇ ’ਚੋਂ ਸਭ ਕੁਝ ਦੇਖ ਕੇ ਜਾਇਜ਼ਾ ਲਿਆ ਤੇ ਆਪਣੇ ਆਦਮੀਆਂ-- ਰਾਂਝਾ, ਰਿਹਾਣਾ, ਮਾਛੀ ਅਤੇ ਪਠਾਣਾ ਨੂੰ ਕਾਰਵਾਈ ਕਰਨ ਦਾ ਹੁਕਮ ਦਿੱਤਾ। ਗੁੰਡਿਆਂ ਨੇ ਛੱਤ ’ਤੇ ਬਣਾਏ ਮੋਰਚਿਆਂ ਤੋਂ ਜਥੇ ਉੱਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।ਅਨੇਕਾਂ ਸਿੰਘ ਸ਼ਹੀਦੀ ਪਾ ਗਏ, ਬਹੁਤ ਸਾਰੇ ਫੱਟੜ ਹੋ ਗਏ। ਭਾਈ ਲਛਮਣ ਸਿੰਘ ਦੇ ਤਾਬਿਆ ਬੈਠਿਆਂ ਦੇ ਹੀ ਗੋਲੀ ਲੱਗੀ ਅਤੇ ਗੰਭੀਰ ਜ਼ਖ਼ਮੀ ਹੋ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਵਿਚ ਵੀ ਗੋਲੀਆਂ ਲੱਗੀਆਂ। ਇਸ ਬੀੜ ਦੇ ੧੩੧੯ ਤੋਂ ੧੪੩੦ ਪੱਤਰਿਆਂ ਤਕ ਅਤੇ ਗੱਤੇ ਦੀ ਜਿਲਦ ਨੂੰ ਪਾੜ ਕੇ ਗੋਲੀ ਦੂਸਰੇ ਪਾਸੇ ਨਿਕਲ ਗਈ। ੧੧੩੨ ਤੋਂ ੧੨੨੮ ਤਕ ਦੇ ਪੱਤਰੇ ਸ. ਲਛਮਣ ਸਿੰਘ ਦੇ ਖ਼ੂਨ ਨਾਲ ਲਿਬੜ ਗਏ। ਇਸ ਬੀੜ ਨੂੰ ਸ਼ਹੀਦੀ ਬੀੜ ਕਿਹਾ ਜਾਂਦਾ ਹੈ, ਜੋ ਅੱਜਕਲ੍ਹ ਸ੍ਰੀ ਅਕਾਲ ਤਖਤ ਸਾਹਿਬ ’ਤੇ ਸੰਭਾਲੀ ਹੋਈ ਹੈ। ਇਸ ਸ਼ਹੀਦੀ ਜਥੇ ਨਾਲ ਲੁਧਿਆਣਾ ਜ਼ਿਲ੍ਹੇ ਦੇ ਜਰਗ ਪਿੰਡ ਦੇ ਹਵਲਦਾਰ ਸ. ਕੇਹਰ ਸਿੰਘ ਅਤੇ ਉਨ੍ਹਾਂ ਦਾ ੯ ਸਾਲਾਂ ਦਾ ਪੁੱਤਰ ਕਾਕਾ ਦਰਬਾਰਾ ਸਿੰਘ ਵੀ ਸ਼ਾਮਲ ਸਨ। ਗੋਲੀ ਚੱਲਣ ’ਤੇ ਸਿੰਘਾਂ ਨੇ ਚੌਖੰਡੀ ਦੇ ਦਰਵਾਜ਼ੇ ਬੰਦ ਕਰ ਲਏ। ਗੁੰਡਿਆਂ ਨੇ ਛੱਤ ਤੋਂ ਉਤਰ ਕੇ ਛਵੀਆਂ, ਤਲਵਾਰਾਂ, ਗੰਡਾਸਿਆਂ ਨਾਲ ਵੱਢ-ਟੁਕ ਸ਼ੁਰੂ ਕਰ ਦਿੱਤੀ। ਜਦੋਂ ਚੌਖੰਡੀ ਦੇ ਅੰਦਰ ਸਿੱਖਾਂ ਨੂੰ ਕਤਲ ਕਰਨ ਲਈ ਹੱਲਾ ਕੀਤਾ ਤਾਂ ਦਰਵਾਜ਼ੇ ਅੰਦਰੋਂ ਬੰਦ ਸਨ। ਬਹੁਤ ਯਤਨ ਕਰਨ ’ਤੇ ਉਨ੍ਹਾਂ ਨੇ ਇਕ ਦਰਵਾਜ਼ੇ ਵਿਚ ਮੋਰੀ ਕਰ ਲਈ ਅਤੇ ਅੰਦਰ ਬੈਠੇ ਸਿੱਖਾਂ ਨੂੰ ਗੋਲੀਆਂ ਨਾਲ ਭੁੰਨਣਾ ਸ਼ੁਰੂ ਕਰ ਦਿੱਤਾ। ਹਵਲਦਾਰ ਸ. ਕੇਹਰ ਸਿੰਘ ਗੋਲੀ ਲੱਗਣ ਨਾਲ ਸ਼ਹੀਦ ਹੋ ਗਏ। ਇਸ ਹਫੜਾ-ਦਫੜੀ ਵਿਚ ਕੁਝ ਜ਼ਿੰਦਾ ਸਿੰਘਾਂ ਨੇ ਕਾਕਾ ਦਰਬਾਰਾ ਸਿੰਘ ਨੂੰ ਬਚਾਉਣ ਲਈ ਇਕ ਅਲਮਾਰੀ ਵਿਚ ਬੰਦ ਕਰ ਦਿੱਤਾ। ਜਦੋਂ ਦਰਬਾਰ ਅੰਦਰਲੇ ਸਾਰੇ ਸਿੱਖ ਸ਼ਹੀਦ ਹੋ ਗਏ ਤਾਂ ਮਹੰਤ ਘੋੜੇ ’ਤੇ ਸਵਾਰ ਹੋ ਕੇ ਅਤੇ ਮੂੰਹ ’ਤੇ ਕੱਪੜਾ ਲਪੇਟ ਕੇ ਗੁਰਦੁਆਰਾ ਸਾਹਿਬ ਦੇ ਗੇਟ ਤੋਂ ਬਾਹਰ ਆ ਗਿਆ ਅਤੇ ਬਾਹਰੋਂ ਆਉਣ ਵਾਲੇ ਸਿੱਖਾਂ ਨੂੰ ਕਤਲ ਕਰਵਾਉਣ ਲੱਗਾ। ਚੌਖੰਡੀ ਦਾ ਦਰਵਾਜ਼ਾ ਖੋਲਣ ’ਤੇ ਅੰਦਰੋਂ ਖ਼ੂਨ ਨਾਲ ਲੱਥਪਥ ਸਿੱਖਾਂ ਦੀਆਂ ਲਾਸ਼ਾਂ ਨਾਲ

ਕਮਰਾ ਭਰਿਆ ਪਿਆ ਸੀ। ਅਲਮਾਰੀ ਵਿੱਚੋਂ ਧੱਕੇ ਵੱਜ ਰਹੇ ਸਨ। ਜਦੋਂ ਅਲਮਾਰੀ ਖੋਲ੍ਹੀ ਗਈ ਤਾਂ ਅੰਦਰ ਕਾਕਾ ਦਰਬਾਰਾ ਸਿੰਘ ਸੀ। ਜ਼ਾਲਮਾਂ ਨੇ ਉਸ ਨੂੰ ਫੜ੍ਹ ਲਿਆ। ਗੋਲੀਆਂ ਦੀ ਅਵਾਜ਼ ਸੁਣ ਕੇ ਭਾਈ ਉੱਤਮ ਸਿੰਘ ਦੇ ਕਾਰਖਾਨੇ ਤੋਂ ਭਾਈ ਦਲੀਪ ਸਿੰਘ ਆ ਗਏ। ਉਨ੍ਹਾਂ ਨੇ ਮਹੰਤ ਨੂੰ ਅਜਿਹਾ ਕਰਨ ਤੋਂ ਰੋਕਿਆ। ਮਹੰਤ ਨੇ ਉਨ੍ਹਾਂ ਦੀ ਗੱਲ ਤਾਂ ਕੀ ਸੁਣਨੀ ਸੀ, ਸਗੋਂ ਉਨ੍ਹਾਂ ਨੂੰ ਆਪ ਗੋਲੀ ਮਾਰ ਦਿੱਤੀ। ਉਨ੍ਹਾਂ ਦੇ ਨਾਲ ਹੀ ਭਾਈ ਵਰਿਆਮ ਸਿੰਘ ਸਨ। ਉਨ੍ਹਾਂ ਨੂੰ ਵੀ ਮਹੰਤ ਦੇ ਗੁੰਡਿਆਂ ਨੇ ਸ਼ਹੀਦ ਕਰ ਦਿੱਤਾ।

ਸ਼ਹੀਦਾਂ ਦੀਆਂ ਲਾਸ਼ਾਂ ਨੂੰ ਗੁਰਦੁਆਰਾ ਸਾਹਿਬ ਵਿਚ ਤਿੰਨ ਢੇਰੀਆਂ ਲਾ ਕੇ ਇਕੱਠਾ ਕਰ ਲਿਆ ਗਿਆ। ਇਨ੍ਹਾਂ ਉੱਪਰ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ ਗਈ। ਭਾਈ ਲਛਮਣ ਸਿੰਘ ਨੂੰ ਜ਼ਖ਼ਮੀ ਹਾਲਤ ਵਿਚ ਜੰਡ ਨਾਲ ਪੁੱਠਾ ਬੰਨ ਦਿੱਤਾ ਗਿਆ ਅਤੇ ਫੇਰ ਅੱਗ ਲਗਾ ਦਿੱਤੀ ਗਈ। ਜਦੋਂ ਕਾਕਾ ਦਰਬਾਰਾ ਸਿੰਘ ਨੂੰ ਫੜ੍ਹ ਕੇ ਜ਼ਾਲਮ ਬਾਹਰ ਲਿਆਏ ਤਾਂ ਉਸ ਨੂੰ ਉਸ ਦੇ ਪਿਤਾ ਦੀ ਬਲ ਰਹੀ ਲਾਸ਼ 'ਤੇ ਸੁੱਟ ਦਿੱਤਾ ਗਿਆ। ਇਹ ਛੋਟਾ ਬੱਚਾ ਵੀ ਆਪਣੇ ਪਿਤਾ ਨਾਲ ਹੀ ਸ਼ਹੀਦੀ ਪਾ ਗਿਆ। ਇਕ ਮੁਸਲਮਾਨ ਲੜਕੀ ਨੇ ਮਹੰਤ ਦੀ ਇਸ ਕਾਰਵਾਈ ਦਾ ਬਹੁਤ ਬੁਰਾ ਮਨਾਇਆ। ਮਹੰਤ ਨੇ ਉਸ ਦੇ ਵੀ ਗੋਲੀ ਮਾਰ ਦਿੱਤੀ ਅਤੇ ਭੱਠੀ ਵਿਚ ਸੁੱਟ ਦਿੱਤਾ। ਬਾਅਦ ਵਿਚ ਮਹੰਤ ਨੇ ਲੜਕੀ ਦੇ ਵਾਰਸਾਂ ਨੂੰ ਵੱਡੀ ਰਕਮ ਦੇ ਕੇ ਚੁੱਪ ਕਰਵਾ ਦਿੱਤਾ। ਇਸ ਸ਼ਹੀਦੀ ਸਾਕੇ ਸਮੇਂ ਕਰਤਾਰ ਸਿੰਘ (ਬੇਦੀ), ਮੰਗਲ ਸਿੰਘ (ਕੂਕਾ) ਅਤੇ ਕੁਝ ਭੱਟੀ ਮੁਸਲਮਾਨਾਂ ਨੇ ਵੀ ਮਹੰਤ ਦਾ ਪੂਰਾ ਸਾਥ ਦਿੱਤਾ। ਇਸ ਸਾਕੇ ਵਿਚ ਸ਼ਹੀਦ ਹੋਏ ਜਿਨ੍ਹਾਂ ਸਿੱਖਾਂ ਦਾ ਪਤਾ ਲੱਗ ਸਕਿਆ, ਉਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:

੧. ਸ. ਉਜਾਗਰ ਸਿੰਘ ਸਪੁੱਤਰ ਸ. ਜਗਤ ਸਿੰਘ, ੨. ਸ. ਆਤਮਾ ਸਿੰਘ ਸਪੁੱਤਰ ਸ. ਹੀਰਾ ਸਿੰਘ, ੩. ਸ. ਈਸ਼ਰ ਸਿੰਘ ਸਪੁੱਤਰ ਸ. ਹਰਦਿੱਤ ਸਿੰਘ, ੪. ਸ. ਈਸ਼ਰ ਸਿੰਘ ਸਪੁੱਤਰ ਸ. ਵਧਾਵਾ ਸਿੰਘ, ੫. ਸ. ਈਸ਼ਰ ਸਿੰਘ ਸਪੁੱਤਰ ਸ. ਸੰਤ ਸਿੰਘ, ੬. ਸ. ਈਸ਼ਰ ਸਿੰਘ ਗ੍ਰੰਥੀ ਸਪੁੱਤਰ ਸ. ਅਤਰ ਸਿੰਘ, ੭. ਸ. ਇੰਦਰ ਸਿੰਘ ਸਪੁੱਤਰ ਸ. ਮਹਿਤਾਬ ਸਿੰਘ, ੮. ਸ. ਇੰਦਰ ਸਿੰਘ ਸਪੁੱਤਰ ਸ. ਸਰਮੁਖ ਸਿੰਘ, ੯. ਸ. ਸੁੰਦਰ ਸਿੰਘ ਸਪੁੱਤਰ ਸ. ਜਗਤ ਸਿੰਘ, ੧੦. ਸ. ਸੂਰੈਣ ਸਿੰਘ ਸਪੁੱਤਰ ਸ. ਮਿਤ ਸਿੰਘ, ੧੧. ਸ. ਸੁੰਦਰ ਸਿੰਘ ਸਪੁੱਤਰ ਸ. ਚੰਦਾ ਸਿੰਘ, ੧੨. ਸ. ਸੇਵਾ ਸਿੰਘ ਸਪੁੱਤਰ ਸ. ਈਸ਼ਰ ਸਿੰਘ, ੧੩. ਸ. ਸੁਰੈਣ ਸਿੰਘ ਸਪੁੱਤਰ ਸ. ਰਾਮ ਸਿੰਘ, ੧੪ ਸ. ਸੰਤਾ ਸਿੰਘ ਸਪੁੱਤਰ ਸ. ਮੋਹਰਾ ਸਿੰਘ, ੧੫. ਸ. ਸੰਤਾ ਸਿੰਘ ਜਥੇਦਾਰ ਸਪੁੱਤਰ ਸ. ਨੰਦ ਸਿੰਘ, ੧੬. ਸ. ਸੰਤਾ ਸਿੰਘ ਸਪੁੱਤਰ ਸ. ਨੰਦਾ ਸਿੰਘ, ੧੭. ਸ. ਸੋਹਣ ਸਿੰਘ ਸਪੁੱਤਰ ਸ. ਕੇਸਰ ਸਿੰਘ, ੧੮. ਸ. ਸੁੰਦਰ ਸਿੰਘ ਜਥੇਦਾਰ ਸਪੁੱਤਰ ਸ. ਬਿਸ਼ਨ ਸਿੰਘ, ੧੯. ਸ. ਸੋਹਣ ਸਿੰਘ ਸਪੁੱਤਰ ਸ. ਸ਼ੇਰ ਸਿੰਘ, ੨੦. ਸ. ਸਮਾਂ ਸਿੰਘ ਸਪੁੱਤਰ ਸ. ਪਾਲਾ ਸਿੰਘ, ੨੧. ਸ. ਹਜ਼ਾਰਾ ਸਿੰਘ ਸਪੁੱਤਰ ਸ. ਲਾਲ ਸਿੰਘ, ੨੨. ਸ. ਹਰਨਾਮ ਸਿੰਘ ਸਪੁੱਤਰ ਸ. ਈਸ਼ਰ ਸਿੰਘ, ੨੩. ਸ. ਹਰੀ ਸਿੰਘ ਸਪੁੱਤਰ ਸ. ਘਨਈਆ ਸਿੰਘ, ੨੪. ਸ. ਹਰਨਾਮ ਸਿੰਘ

ਸਪੁੱਤਰ ਸ. ਸੁੰਦਰ ਸਿੰਘ, ੨੫. ਸ. ਹੀਰਾ ਸਿੰਘ ਸਪੁੱਤਰ ਸ. ਬੂਟਾ ਸਿੰਘ, ੨੬. ਸ. ਹੁਕਮ ਸਿੰਘ ਸਪੁੱਤਰ ਸ. ਘਨਈਆ ਸਿੰਘ, ੨੭. ਸ. ਹਰੀ ਸਿੰਘ ਸਪੁੱਤਰ ਸ. ਸੇਵਾ ਸਿੰਘ, ੨੮. ਸ. ਕਿਸ਼ਨ ਸਿੰਘ ਸਪੁੱਤਰ ਸ. ਸੁੰਦਰ ਸਿੰਘ, ੨੯. ਸ. ਕੇਸਰ ਸਿੰਘ ਸਪੁੱਤਰ ਸ. ਪਾਲ ਸਿੰਘ, ੩੦. ਸ. ਕੇਹਰ ਸਿੰਘ ਸਪੁੱਤਰ ਸ. ਜੀਵਨ ਸਿੰਘ, ੩੧. ਸ. ਕੇਸਰ ਸਿੰਘ ਸਪੁੱਤਰ ਸ. ਮੀਹਾਂ ਸਿੰਘ, ੩੨. ਸ. ਕਰਮ ਸਿੰਘ ਸਪੁੱਤਰ ਸ. ਹਾਕਮ ਸਿੰਘ, ੩੩. ਸ. ਖੁਸ਼ਹਾਲ ਸਿੰਘ ਸਪੁੱਤਰ ਸ. ਬੁੱਧ ਸਿੰਘ, ੩੪. ਸ. ਗੁਜਰ ਸਿੰਘ ਸਪੁੱਤਰ ਸ. ਝੰਡਾ ਸਿੰਘ, ੩੫. ਸ. ਗੰਗਾ ਸਿੰਘ ਸਪੁੱਤਰ ਸ. ਕਾਹਨ ਸਿੰਘ, ੩੬. ਸ. ਗੋਪਾਲ ਸਿੰਘ ਸਪੁੱਤਰ ਸ. ਹੁਕਮ ਸਿੰਘ, ੩੭. ਸ. ਗੁਰਬਖਸ਼ ਸਿੰਘ ਸਪੁੱਤਰ ਸ. ਚੰਦਾ ਸਿੰਘ, ੩੮. ਸ. ਗੁਲਾਬ ਸਿੰਘ ਸਪੁੱਤਰ ਸ. ਹੀਰਾ ਸਿੰਘ, ੩੯. ਸ. ਗੰਡਾ ਸਿੰਘ ਸਪੁੱਤਰ ਸ. ਕਰਮ ਸਿੰਘ, ੪੦. ਸ. ਘਨਈਆ ਸਿੰਘ ਸਪੁੱਤਰ ਸ. ਸੁੰਦਰ ਸਿੰਘ, ੪੧. ਸ. ਚਰਨ ਸਿੰਘ ਸਪੁੱਤਰ ਸ. ਗੁਰਦਿੱਤ ਸਿੰਘ, ੪੨. ਸ. ਚੇਤ ਸਿੰਘ ਸਪੁੱਤਰ ਸ. ਜੁਆਲਾ ਸਿੰਘ, ੪੩. ਸ. ਚੰਦਾ ਸਿੰਘ ਸਪੁੱਤਰ ਸ. ਕਾਹਨ ਸਿੰਘ, ੪੪. ਸ. ਚਰਨ ਸਿੰਘ ਸਪੁੱਤਰ ਸ. ਗੋਕਲ ਸਿੰਘ, ੪੫. ਸ. ਜੁਆਲਾ ਸਿੰਘ ਸਪੁੱਤਰ ਸ. ਕੇਸਰ ਸਿੰਘ, ੪੬. ਸ. ਜੀਊਣ ਸਿੰਘ ਸਪੁੱਤਰ ਸ. ਗੋਕਲ ਸਿੰਘ, ੪੭. ਸ. ਜਵੰਦ ਸਿੰਘ ਸਪੁੱਤਰ ਸ. ਆਲਾ ਸਿੰਘ, ੪੮. ਸ. ਜਗਤ ਸਿੰਘ, ੪੯. ਸ. ਟਹਿਲ ਸਿੰਘ ਸਪੁੱਤਰ ਸ. ਚੰਦਾ ਸਿੰਘ, ੫੦. ਸ. ਠਾਕਰ ਸਿੰਘ ਸਪੁੱਤਰ ਸ. ਇੰਦਰ ਸਿੰਘ, ੫੧. ਸ. ਢੇਰਾ ਸਿੰਘ ਸਪੁੱਤਰ ਸ. ਜੈਮਲ ਸਿੰਘ, ੫੨. ਸ. ਤੇਜਾ ਸਿੰਘ ਸਪੁੱਤਰ ਸ. ਸੰਮਾ ਸਿੰਘ, ੫੩. ਸ. ਦਿਆਲ ਸਿੰਘ ਸਪੁੱਤਰ ਸ. ਦੇਵਾ ਸਿੰਘ, ੫੪. ਸ. ਦਲ ਸਿੰਘ ਸਪੁੱਤਰ ਸ. ਮੁਸੱਦਾ ਸਿੰਘ, ੫੫. ਸ. ਦਰਬਾਰਾ ਸਿੰਘ ਸਪੁੱਤਰ ਸ. ਕੇਹਰ ਸਿੰਘ, ੫੬. ਸ. ਦੀਵਾਨ ਸਿੰਘ ਸਪੁੱਤਰ ਸ. ਹੀਰਾ ਸਿੰਘ, ੫੭. ਸ. ਦਸੌਂਧਾ ਸਿੰਘ ਸਪੁੱਤਰ ਸ. ਹੀਰਾ ਸਿੰਘ, ੫੮. ਸ. ਦਲੀਪ ਸਿੰਘ ਸਪੁੱਤਰ ਸ. ਕਰਮ ਸਿੰਘ, ੫੯. ਸ. ਧਰਮ ਸਿੰਘ ਸਪੁੱਤਰ ਸ. ਸੰਤ ਸਿੰਘ, ੬੦. ਸ. ਨਰਾਇਣ ਸਿੰਘ ਸਪੁੱਤਰ ਸ. ਜਵਾਹਰ ਸਿੰਘ, ੬੧. ਸ. ਨਰਾਇਣ ਸਿੰਘ, ੬੨. ਸ. ਨਰੈਣ ਸਿੰਘ ਸਪੁੱਤਰ ਸ. ਪਹੁ ਸਿੰਘ, ੬੩. ਸ. ਨੰਦ ਸਿੰਘ ਸਪੁੱਤਰ ਸ. ਭਗਵਾਨ ਸਿੰਘ, ੬੪. ਸ. ਪੰਜਾਬ ਸਿੰਘ ਸਪੁੱਤਰ ਸ. ਪਹੁ ਸਿੰਘ, ੬੫. ਸ. ਬਾਰਾ ਸਿੰਘ ਸਪੁੱਤਰ ਸ. ਪਾਲਾ ਸਿੰਘ, ੬੬. ਸ. ਬੱਗਾ ਸਿੰਘ ਸਪੁੱਤਰ ਸ. ਗੰਗਾ ਸਿੰਘ, ੬੭. ਸ. ਬੂੜ ਸਿੰਘ ਸਪੁੱਤਰ ਸ. ਮੱਲ ਸਿੰਘ, ੬੮. ਸ. ਬੇਲਾ ਸਿੰਘ ਸਪੁੱਤਰ ਸ. ਮੱਯਾ ਸਿੰਘ, ੬੯. ਸ. ਬਚਿੱਤਰ ਸਿੰਘ ਗ੍ਰੰਥੀ ਸਪੁੱਤਰ ਸ. ਚੰਦਾ ਸਿੰਘ, ੭੦. ਸ. ਬਚਿੰਤ ਸਿੰਘ ਸਪੁੱਤਰ ਸ. ਸੁੰਦਰ ਸਿੰਘ, ੭੧. ਸ. ਬੰਤਾ ਸਿੰਘ ਸਪੁੱਤਰ ਸ. ਭੋਲਾ ਸਿੰਘ, ੭੨. ਸ. ਬੁੱਧ ਸਿੰਘ ਸਪੁੱਤਰ ਸ. ਸੁਰਜਨ ਸਿੰਘ, ੭੩. ਸ. ਭਗਵਾਨ ਸਿੰਘ ਸਪੁੱਤਰ ਸ. ਲਹਿਣਾ ਸਿੰਘ, ੭੪. ਸ. ਭਾਗ ਸਿੰਘ ਸਪੁੱਤਰ ਸ. ਅਮੀਰ ਸਿੰਘ, ੭੫. ਸ. ਮੰਗਲ ਸਿੰਘ ਸਪੁੱਤਰ ਸ. ਰਤਾ ਸਿੰਘ, ੭੬. ਸ. ਮੋਤਾ ਸਿੰਘ ਸਪੁੱਤਰ ਸ. ਹਰੀ ਸਿੰਘ, ੭੭. ਸ. ਮੂਲਾ ਸਿੰਘ ਸਪੁੱਤਰ ਸ. ਜੀਵਨ ਸਿੰਘ, ੭੮. ਸ. ਮਹਿੰਗਾ ਸਿੰਘ ਸਪੁੱਤਰ ਸ. ਝੰਡਾ ਸਿੰਘ, ੭੯. ਸ.

ਰਾਮ ਸਿੰਘ ਸਪੁੱਤਰ ਸ. ਝੰਡਾ ਸਿੰਘ, ੮੦. ਸ. ਰੂੜ ਸਿੰਘ ਸਪੁੱਤਰ ਸ. ਨਿਹਾਲ ਸਿੰਘ, ੮੧. ਸ. ਲਛਮਣ ਸਿੰਘ ਸਪੁੱਤਰ ਸ. ਮਿਹਰ ਸਿੰਘ, ੮੨. ਸ. ਵਰਿਆਮ ਸਿੰਘ ਸਪੁੱਤਰ ਸ. ਦੂਲਾ ਸਿੰਘ, ੮੩. ਸ. ਵਰਿਆਮ ਸਿੰਘ ਸਪੁੱਤਰ ਸ. ਭਾਗ ਸਿੰਘ, ੮੪. ਸ. ਵਰਿਆਮ ਸਿੰਘ ਸਪੁੱਤਰ ਸ. ਬੁਲਾਕਾ ਸਿੰਘ, ੮੫. ਸ. ਵਰਿਆਮ ਸਿੰਘ ਸਪੁੱਤਰ ਸ. ਬੂਟਾ ਸਿੰਘ, ੮੬. ਸ. ਵਰਿਆਮ ਸਿੰਘ ਸਪੁੱਤਰ ਸ. ਭਗਵਾਨ ਸਿੰਘ।

੨੩ ਫਰਵਰੀ, ੧੯੨੧ ਈ. ਨੂੰ ਹਫ਼ਤਾਵਰੀ ਅਖ਼ਬਾਰ ਪੰਚ ਲਾਹੌਰ ਵਿਚ ਖ਼ਬਰ ਦੀ ਵੱਡੀ ਸੁਰਖੀ ਪ੍ਰਕਾਸ਼ਿਤ ਹੋਈ:- ਦੋ ਸੌ ਸਿੰਘ ਸ਼ਹੀਦ, ਛੱਵੀਆਂ ਨਾਲ ਵੱਢੇ ਗਏ, ਤੇਲ ਦੇ ਪੀਪੇ ਪਾ ਕੇ ਸਾੜੇ ਗਏ, ਸ੍ਰੀ ਨਨਕਾਣਾ ਸਾਹਿਬ ਵਿਚ ਕੈਹਰ।

ਇਸ ਸ਼ਹੀਦੀ ਸਾਕੇ ਦੀ ਖ਼ਬਰ ਪਹੁੰਚਦਿਆਂ ਹੀ ਚਾਰੇ ਪਾਸੇ ਹਾਹਾਕਾਰ ਮੱਚ ਗਈ। ਇਸ ਘਟਨਾ ਬਾਰੇ ਸ. ਉੱਤਮ ਸਿੰਘ ਨੇ ਸੰਬੰਧਿਤ ਅਧਿਕਾਰੀਆਂ ਨੂੰ ਤਾਰਾਂ ਭੇਜ ਕੇ ਸੂਚਨਾ ਦਿੱਤੀ। ਸ਼ਾਮ ਤਕ ਕੁਝ ਅਧਿਕਾਰੀ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ। ਨਾਲ ਦੇ ਪਿੰਡਾਂ ਤੋਂ ਸਿੰਘ ਵੀ ਵਹੀਰਾਂ ਘੱਤ ਕੇ ਗੁਰਦੁਆਰਾ ਸਾਹਿਬ ਵੱਲ ਰਵਾਨਾ ਹੋ ਗਏ। ਸ. ਕਰਤਾਰ ਸਿੰਘ ਝੱਬਰ ਵੀ ਆਪਣੇ ਜਥੇ ਸਮੇਤ ਪਹੁੰਚ ਗਏ। ਕੋਈ ੨੨੦੦ ਸਿੰਘਾਂ ਦਾ ਜਥਾ ਸ੍ਰੀ ਨਨਕਾਣਾ ਸਾਹਿਬ ਦੀ ਧਰਤੀ 'ਤੇ ਪਹੁੰਚ ਗਿਆ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੀ ਖ਼ਬਰ ਜਦੋਂ ਪਿੰਡਾਂ ਵਿਚ ਪਹੁੰਚੀ ਸੀ ਤਾਂ ਸਿੱਖਾਂ ਨੇ ਸ੍ਰੀ ਨਨਕਾਣਾ ਸਾਹਿਬ ਵੱਲ ਨੂੰ ਵਹੀਰਾਂ ਘੱਤ ਦਿੱਤੀਆਂ ਸਨ। ਲੱਖਾਂ ਦੀ ਗਿਣਤੀ ਵਿਚ ਸਿੱਖ ਸ੍ਰੀ ਨਨਕਾਣਾ ਸਾਹਿਬ ਦੀ ਧਰਤੀ 'ਤੇ ਇਕੱਠੇ ਹੋ ਗਏ ਸਨ, ਜਿਨ੍ਹਾਂ ਤੋਂ ਡਰਦੇ ਸਥਾਨਕ ਲੋਕ ਘਰ-ਘਾਟ ਛੱਡ ਕੇ ਇੱਧਰ-ਉੱਧਰ ਚੱਲੇ ਗਏ ਸਨ। ਕਈ ਮਕਾਨਾਂ ਦੇ ਤਾਂ ਜਿੰਦਰੇ ਵੀ ਖੁੱਲ੍ਹੇ ਪਏ ਸਨ। ਕਈਆਂ ਘਰਾਂ ਅੰਦਰ ਭੁੱਖੀਆਂ-ਤਿਹਾਈਆਂ ਮੱਝਾਂ ਤੇ ਗਾਂਵਾਂ ਅੜਾ ਰਹੀਆਂ ਸਨ। ਕਮਿਸ਼ਨਰ ਸੀ.ਐਮ. ਕਿੰਗ ਨੇ ੨੧ ਅਕਤੂਬਰ ਤਕ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਿੱਖਾਂ ਨੂੰ ਸੌਂਪਣ ਲਈ ਚਾਬੀਆਂ ਲੈ ਕੇ ਦੇਣ ਦਾ ਵਾਅਦਾ ਕੀਤਾ। ਜਥੇਦਾਰ ਕਰਤਾਰ ਸਿੰਘ ਝੱਬਰ ਦੀ ਜ਼ਿੱਦ ਅਤੇ ਸਿੰਘਾਂ ਦੇ ਰੋਹ ਅੱਗੇ ਸਰਕਾਰ ਨੂੰ ਝੁਕਣਾ ਪਿਆ ਅਤੇ ਉਸੇ ਸਮੇਂ ਹੀ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਅਤੇ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀਵਾਲਿਆਂ ਨੇ ਆਪਣੀ ਕਮੇਟੀ ਦੇ ਛੇ ਹੋਰ ਮੈਂਬਰਾਂ ਸਹਿਤ ਪੰਥਕ ਹੱਥਾਂ ਵਿਚ ਲਿਆ।

੨੩ ਫਰਵਰੀ, ੧੯੨੧ ਈ. ਨੂੰ ਸ਼ਹੀਦ ਹੋਏ ਸਿੰਘਾਂ ਦਾ ਇਕੱਠਾ ਹੀ ਸਸਕਾਰ ਕੀਤਾ ਗਿਆ। ਅੰਗੀਠੇ ਵਿਚ ਪਹਿਲਾਂ ੪ ਸ਼ਹੀਦ ਸਿੰਘਾਂ ਦੀਆਂ ਦੇਹਾਂ ਰੱਖੀਆਂ ਗਈਆਂ, ਜੋ ਪੂਰੀਆਂ ਸਨ। ਫੇਰ ਅੰਦਰਲੀਆਂ ਭੱਠੀਆਂ ਵਿੱਚੋਂ ੧੧੯ ਖੋਪੜੀਆਂ ਅਤੇ ਬਾਹਰ ਦੀ ਆਵੀ ਵਿੱਚੋਂ ੭ ਖੋਪੜੀਆਂ ਅੰਗੀਠੇ ਉੱਪਰ ਸਤਿਕਾਰ ਨਾਲ ਰੱਖੀਆਂ ਗਈਆਂ। ਖਿੱਲਰੇ ਹੋਏ ਮਾਸ ਦੇ ੩ ਟੋਕਰੇ ਇਕੱਠੇ ਕਰ ਕੇ ਉੱਪਰ ਰੱਖੇ ਗਏ। ੧੦ ਦੇ ਲੱਗਭਗ ਟੋਕਰੇ ਅੱਗ ਨਾਲ ਝੁਲਸੀਆਂ ਹੋਈਆਂ ਛੋਟੀਆਂ-ਮੋਟੀਆਂ ਹੱਡੀਆਂ ਦੇ ਇਕੱਠੇ ਹੋਏ, ਜੋ ਨਾਲ ਹੀ ਰੱਖ ਦਿੱਤੇ ਗਏ। ਜਪੁ ਜੀ ਸਾਹਿਬ ਦੇ ਪਾਠ ਅਤੇ ਭਾਈ ਜੋਧ ਸਿੰਘ

ਵੱਲੋਂ ਸ਼ਹੀਦਾਂ ਦੇ ਨਮਿਤ ਵੈਰਾਗਮਈ ਅਰਦਾਸ ਕਰਨ ਤੋਂ ਬਾਅਦ ਸ਼ਾਮ ਨੂੰ ੭:੦੦ ਵਜੇ ਦੇ ਕਰੀਬ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ। ਇਸ ਸਮੇਂ ਲਾਹੌਰ ਤੋਂ ਪ੍ਰਕਾਸ਼ਿਤ ਪ੍ਰਸਿੱਧ ਅਖ਼ਬਾਰ 'ਕੇਸਰੀ' ਦਾ ਪ੍ਰਤੀਨਿਧ ਵੀ ਹਾਜ਼ਰ ਸੀ, ਉਸ ਨੇ ਲਿਖਿਆ ਹੈ ਕਿ:

"ਮੈਂ ਸਿੱਖ ਬਹਾਦਰਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਇਤਿਹਾਸ ਵਿਚ ਪੜ੍ਹਿਆ ਕਰਦਾ ਸੀ। ਮੈਨੂੰ ਕਈ ਵਾਰੀ ਉਨ੍ਹਾਂ ਦੇ ਇੰਨ-ਬਿੰਨ ਠੀਕ ਨਾ ਹੋਣ ਬਾਰੇ ਸ਼ੱਕ ਪੈਦਾ ਹੁੰਦਾ, ਪਰ ਇਸ ਦ੍ਰਿਸ਼ ਨੂੰ ਵੇਖ ਕੇ ਮੈਂ ਮਹਿਸੂਸ ਕੀਤਾ ਹੈ ਕਿ ਬਹਾਦਰ ਸਿੱਖਾਂ ਵਾਸਤੇ ਜਾਨਾਂ ਦੇ ਦੇਣਾ ਇਕ ਖੇਡ ਹੈ। ਜੇਕਰ ਪ੍ਰਮੇਸ਼ਰ ਨਾ ਕਰਦਾ, ਇਸ ਮੌਕੇ 'ਤੇ ਸਿੱਖ ਮਰਦ ਅਤੇ ਇਸਤਰੀਆਂ ਇਸ ਚਿਤਾ ਵਿਚ ਛਾਲ ਮਾਰ ਕੇ ਆਪਣੇ ਸ਼ਹੀਦ ਭਰਾਵਾਂ ਨਾਲ ਜਾ ਮਿਲਦੇ। ਮੌਤ ਦਾ ਸ਼ਬਦ ਮੂੰਹੋਂ ਕੱਢ ਦੇਣਾ ਬਹੁਤ ਸੌਖਾ ਹੈ, ਪਰ ਜਦੋਂ ਮੌਤ ਸਾਹਮਣੇ ਆਵੇ ਤਾਂ ਉਸ ਨੂੰ ਖੁਸ਼ੀ ਨਾਲ ਜੀ ਆਇਆਂ ਆਖਣਾ ਬਹੁਤ ਕਠਿਨ ਹੈ, ਪਰ ਨਨਕਾਣਾ ਸਾਹਿਬ ਅੰਦਰ ਮੈਂ ਆਪਣੀ ਅੱਖੀਂ ਦੇਖਿਆ ਕਿ ਸਿੱਖ ਹਜ਼ਾਰਾਂ ਦੀ ਗਿਣਤੀ ਵਿਚ ਮੌਤ ਨੂੰ ਜੀ ਆਇਆਂ ਆਖਣ ਲਈ ਤਿਆਰ ਸਨ।"

ਦੇਸ਼ ਭਰ ਦੇ ਪ੍ਰਮੁੱਖ ਹਿੰਦੂ, ਮੁਸਲਮਾਨ ਅਤੇ ਸਿੱਖ ਆਗੂਆਂ ਅਤੇ ਅਖ਼ਬਾਰਾਂ ਨੇ ਇਸ ਜ਼ੁਲਮ ਵਿਰੁੱਧ ਇਕਸੁਰ ਹੋ ਕੇ ਅਵਾਜ਼ ਬੁਲੰਦ ਕਰ ਕੇ ਮੰਗ ਕੀਤੀ ਕਿ ਮਹੰਤ ਨਰੈਣ ਦਾਸ ਅਤੇ ਉਸ ਦੇ ਪਾਲਤੂ ਗੁੰਡਿਆਂ ਤੋਂ ਇਲਾਵਾ ਡੀ.ਸੀ. ਮਿਸਟਰ ਕਰੀ ਅਤੇ ਕਮਿਸ਼ਨਰ ਮਿਸਟਰ ਕਿੰਗ 'ਤੇ ਮੁਕੱਦਮਾ ਚਲਾਇਆ ਜਾਵੇ, ਜਿਨ੍ਹਾਂ ਦੀ ਸ਼ਹਿ ਕਾਰਨ ਇਤਨਾ ਵੱਡਾ ਸਾਕਾ ਵਾਪਰਿਆ। ਇਸ ਰੌਲੇ ਵਿਚ ਮਿਸਟਰ ਕਰੀ ਨੂੰ ਤਾਂ ਛੁੱਟੀ ਦੇ ਦਿੱਤੀ ਗਈ, ਪਰੰਤੂ ਮਿਸਟਰ ਕਿੰਗ 'ਤੇ ਕੋਈ ਕਾਰਵਾਈ ਕਰਨ ਦੀ ਥਾਂ ਅੰਗਰੇਜ਼ ਸਰਕਾਰ ਵੱਲੋਂ ਉਸ ਨੂੰ ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਨਿਯੁਕਤ ਕਰ ਦਿੱਤਾ ਗਿਆ। ੫ ਅਪ੍ਰੈਲ, ੧੯੨੧ ਈ. ਨੂੰ ਮਹੰਤ ਨਰੈਣ ਦਾਸ ਅਤੇ ਉਸ ਦੇ ਸੱਤ ਬੰਦਿਆਂ ਨੂੰ ਅਦਾਲਤ ਵੱਲੋਂ ਮੌਤ ਦੀ ਸਜ਼ਾ ਦਿੱਤੀ ਗਈ ਅਤੇ ਅੱਠ ਹੋਰਾਂ ਨੂੰ ਉਮਰ ਭਰ ਲਈ ਜਲਾਵਤਨ ਕਰ ਦਿੱਤਾ ਗਿਆ। ਮਿਸਟਰ ਕਿੰਗ ਨੇ ਮਹੰਤ ਨਰੈਣ ਦਾਸ ਨੂੰ ਫਾਂਸੀ ਤੋਂ ਬਚਾਉਣ ਲਈ ਪੰਜਾਬ ਸਰਕਾਰ ਦੇ ਜਸੂਸੀ ਵਿਭਾਗ ਦੇ ਡੀ.ਆਈ.ਜੀ. ਮਿਸਟਰ ਡੇਵਿਡ ਪੈਟਰੀ ਦੀਆਂ ਸੇਵਾਵਾਂ ਵੀ ਪ੍ਰਾਪਤ ਕੀਤੀਆਂ। ਮਿਸਟਰ ਡੇਵਿਡ ਪੈਟਰੀ ਨੇ ਪਹਿਲਾਂ ਵੀ ਬਜਬਜ ਘਾਟ ਵਿਖੇ ਕਾਮਾਗਾਟਾਮਾਰੂ ਜਹਾਜ਼ ਦੇ ਨਿਹੱਥੇ ਯਾਤਰੀਆਂ 'ਤੇ ਗੋਲੀਆਂ ਚਲਾਉਣ ਵਿਚ ਸਹਾਇਤਾ ਕੀਤੀ ਸੀ। ਅਕਾਲੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਝੂਠੇ ਮੁਕੱਦਮੇ ਦਰਜ ਕਰਨੇ ਸ਼ੁਰੂ ਕਰ ਦਿੱਤੇ ਗਏ, ਤਾਂ ਜੋ ਮੌਕੇ ਦੇ ਗਵਾਹਾਂ ਤੋਂ ਆਪਣੇ ਹੱਕ ਵਿਚ ਬਿਆਨ ਕਰਵਾਏ ਜਾ ਸਕਣ।

ਮਹੰਤ ਨਰੈਣ ਦਾਸ ਦੀ ਅਪੀਲ 'ਤੇ ੩ ਅਪ੍ਰੈਲ, ੧੯੨੨ ਈ. ਨੂੰ ਹਾਈ ਕੋਰਟ ਨੇ ਉਸ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ। ਉਸ ਦੇ ਤਿੰਨ ਸਾਥੀਆਂ ਰਾਂਝਾ, ਰਿਹਾਣਾ ਅਤੇ ਹਰੀ ਨਾਥ ਜੋਗੀ ਨੂੰ ਮੌਤ ਦੀ ਸਜ਼ਾ ਅਤੇ ਦੋ ਪਠਾਣਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਅਤੇ ਬਾਕੀਆਂ ਨੂੰ ਰਿਹਾਅ ਕਰ ਦਿੱਤਾ ਗਿਆ।

ਇਸ ਸਾਕੇ ਵਿਚ ਸ਼ਹੀਦ ਹੋਏ ਸਿੰਘਾਂ ਦੇ ਪਰਵਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੈਨਸ਼ਨਾਂ ਜਾਂ ਲੋੜੀਂਦੀ ਮਾਇਕ ਸਹਾਇਤਾ ਦਿੱਤੀ ਗਈ। ਸ਼ਹੀਦਾਂ ਦੀ ਸਸਕਾਰ ਵਾਲੀ ਥਾਂ 'ਤੇ ਸ਼ਹੀਦ ਗੰਜ ਦੀ ਉਸਾਰੀ ਕਰਵਾਈ ਗਈ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਹੀ ਸ੍ਰੀ ਅੰਮ੍ਰਿਤਸਰ ਵਿਖੇ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਖੋਲ੍ਹਿਆ ਗਿਆ।

ਦੂਸਰੇ ਪਾਸੇ ਮਹੰਤ ਨਰਾਇਣ ਦਾਸ ਦੇ ਮੁਕੱਦਮੇ ਵਿਚ ਸਿੱਧਾ ਸਰਕਾਰੀ ਦਖ਼ਲ ਦੇਖ ਕੇ ਸਿੱਖਾਂ ਨੇ ਬਾਈਕਾਟ ਕਰ ਦਿੱਤਾ। ਪੁਲਿਸ ਨੇ ਧੱਕੇਸ਼ਾਹੀ ਕਰਦਿਆਂ ਲੱਗਭਗ ੧੦੦ ਸਿੰਘਾਂ 'ਤੇ ਵੀ ਡਾਕੇ ਮਾਰਨ, ਘਰ ਭੰਨਣ ਆਦਿ ਦੋਸ਼ ਲਾ ਕੇ ਗ੍ਰਿਫ਼ਤਾਰ ਕਰ ਲਿਆ। ਸ. ਕਰਤਾਰ ਸਿੰਘ ਝੱਬਰ ਅੰਗਰੇਜ਼ਾਂ ਦੀ ਅੱਖਾਂ ਵਿਚ ਸਭ ਤੋਂ ਵੱਧ ਰੜਕਦਾ ਸੀ ਕਿਉਂਕਿ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲੈਣ ਸਬੰਧੀ ਉਨ੍ਹਾਂ ਦਾ ਬਹੁਤ ਯੋਗਦਾਨ ਸੀ। ਸਰਕਾਰ ਨੇ ਉਨ੍ਹਾਂ ਨੂੰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ। ਪੰਜਾਬ ਵਿਚ ਹੋਰ ਥਾਂਵਾਂ 'ਤੇ ਸਿੰਘਾਂ ਨੂੰ ਗੁਰਦੁਆਰਾ ਸਾਹਿਬਾਨ ਵੱਲ ਜਾਣ ਤੋਂ ਰੋਕਿਆ ਜਾਣ ਲੱਗਾ, ਜਿਸ ਕਾਰਨ ਸਿੱਖਾਂ ਵਿਚ ਭਾਰੀ ਰੋਹ ਜਾਗ ਪਿਆ। ਸਿੱਖਾਂ ਵਿਰੁੱਧ ਮੁਕੱਦਮੇ ਦਰਜ ਕਰ ਲਏ ਗਏ। ਜੇ.ਈ. ਕਿਊ ਸਪੈਸ਼ਲ ਐਡੀਸ਼ਨਲ ਮੈਜਿਸਟਰੇਟ, ਲਾਹੌਰ ਦੇ ਪਾਸ ਸਿੱਖਾਂ ਨੂੰ ਪੇਸ਼ ਕੀਤਾ ਜਾਂਦਾ।

ਪਹਿਲਾ ਮੁਕੱਦਮਾ ਜਥੇਦਾਰ ਤੇਜਾ ਸਿੰਘ ਭੁੱਚਰ ਆਦਿ ਦਾ ਪੇਸ਼ ਹੋਇਆ ਤੇ ਉਨ੍ਹਾਂ 'ਤੇ ਡਾਕੇ ਮਾਰਨ ਦਾ ਦੋਸ਼ ਲਾ ਕੇ ੫ ਸਾਲ ਦੀ ਸਖ਼ਤ ਕੈਦ, ੩ ਮਹੀਨੇ ਕੋਠੀ ਬੰਦ, ੨ ਸਾਲ ਕੈਦ ਸਖ਼ਤ ਘਰ ਕੁੱਲ ਦੰਡ ਸੱਤ ਸਾਲ ਭੁਗਤਨ ਦਾ ਆਦੇਸ਼ ਹੋਇਆ। ਬਾਕੀਆਂ ਨੂੰ ੩-੩ ਜਾਂ ੪-੪ ਸਾਲ ਦੀ ਸਖਤ ਕੈਦ ਦੀ ਸਜ਼ਾ ਸੁਣਾਈ ਗਈ।

ਦੂਸਰਾ ਮੁਕੱਦਮਾ ੧੧ ਅਪ੍ਰੈਲ, ੧੯੨੧ ਈ. ਨੂੰ ਪੇਸ਼ ਹੋਇਆ। ਇਸ ਵਿਚ ਸ. ਲਾਹੌਰਾ ਸਿੰਘ ਨੂੰ ੯ ਸਾਲ ਅਤੇ ਹੋਰ ੩ ਅਕਾਲੀਆਂ ਨੂੰ ੬-੬ ਸਾਲ ਅਤੇ ੧੬ ਹੋਰ ਨੂੰ ੨-੨ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ।

ਤੀਸਰਾ ਕੇਸ ਸ. ਕਰਤਾਰ ਸਿੰਘ ਝੱਬਰ ਆਦਿ ਵਿਰੁੱਧ ਪੇਸ਼ ਹੋਇਆ। ਇਨ੍ਹਾਂ 'ਤੇ ਗੁਰਦੁਆਰਾ ਸਾਹਿਬਾਨ 'ਚ ਡਾਕਾ ਮਾਰਨ ਆਦਿ ਦੀਆਂ ਬਹੁਤ ਸਾਰੀਆਂ ਧਾਰਾਵਾਂ ਲਗਾ ਕੇ ਕੇਸ ਦਰਜ ਕੀਤਾ ਗਿਆ ਸੀ। ਇਨ੍ਹਾਂ ਨੂੰ ੧੮ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ। ਬਾਕੀ ਅਕਾਲੀਆਂ ਨੂੰ ਵੀ ਸਖ਼ਤ ਸਜ਼ਾਵਾਂ ਸੁਣਾਈਆਂ ਗਈਆਂ।

ਪੰਥਕ ਆਗੂਆਂ ਨੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਤਾਂ ਆਪਣੇ ਹੱਥਾਂ ਵਿਚ ਲੈ ਲਿਆ ਸੀ, ਪਰ ਉਨ੍ਹਾਂ ਸਾਹਮਣੇ ਹੁਣ ਮੁੱਖ ਸਮੱਸਿਆ ਗੁਰਦੁਆਰਾ ਸਾਹਿਬਾਨ ਦੇ ਨਾਂ ਲੱਗੀਆਂ ਕਰੋੜਾਂ ਰੁਪਈਆਂ ਦੀਆਂ ਜਾਇਦਾਦਾਂ ਨੂੰ ਸੰਭਾਲਣਾ ਸੀ, ਜਿਨ੍ਹਾਂ 'ਤੇ ਮਹੰਤਾਂ ਨੇ ਕਬਜ਼ਾ ਕੀਤਾ ਹੋਇਆ ਸੀ ਅਤੇ ਉਹ ਇਸ ਨੂੰ ਆਪਣੀ ਨਿੱਜੀ ਜਾਇਦਾਦ ਦਰਸਾ ਰਹੇ ਸਨ। ਇਸ ਕੰਮ ਲਈ ਸ. ਨਰਾਇਣ ਸਿੰਘ ਬੈਰਿਸਟਰ (ਮਿੱਠੇ ਟਿਵਾਣੇ ਵਾਲੇ) ਨੂੰ ਸ੍ਰੀ ਨਨਕਾਣਾ ਸਾਹਿਬ ਗੁਰਦੁਆਰਾ ਸਾਹਿਬ ਦਾ ਪ੍ਰਬੰਧਕ ਨਿਯੁਕਤ ਕਰ ਦਿੱਤਾ ਗਿਆ। ਸ੍ਰੀ

ਨਨਕਾਣਾ ਸਾਹਿਬ ਅਸਟੇਟ ਦੀ ਜ਼ਮੀਨ ੨੪ ਪਿੰਡਾਂ ਵਿਚ ਖਿੱਲਰੀ ਹੋਈ ਸੀ। ਇਨ੍ਹਾਂ ਜਾਇਦਾਦਾਂ ਦਾ ਪ੍ਰਬੰਧ ਪ੍ਰਾਪਤ ਕਰਨ ਲਈ ਕਈ ਪ੍ਰਕਾਰ ਦੀਆਂ ਔਕੜਾਂ ਸਨ।

ਸ. ਨਾਰਾਇਣ ਸਿੰਘ ਮੈਨੇਜਰ ਸਭ ਤੋਂ ਪਹਿਲਾਂ ਆਪਣੇ ਨਾਲ ਸ. ਬੂਟਾ ਸਿੰਘ ਚੱਕ ਨੰਬਰ ੨੦੪ ਮੀਤ ਮੈਨੇਜਰ ਨੂੰ ਨਾਲ ਲੈ ਕੇ ਨਗਰ ਵਿਚ ਗਏ। ਸੁੰਨੇ ਪਏ ਮਕਾਨਾਂ ਦੀ ਰਖਵਾਲੀ ਦਾ ਪ੍ਰਬੰਧ ਕੀਤਾ, ਡੰਗਰਾਂ ਲਈ ਪੱਠਿਆਂ ਅਤੇ ਪਾਣੀ ਦਾ ਪ੍ਰਬੰਧ ਕਰਕੇ, ਸੁੰਞੀਆਂ ਪਈਆਂ ਚੀਜ਼ਾਂ, ਜੇਵਰ, ਬਰਤਨ, ਪੁਸਤਕਾਂ ਆਦਿ ਚੁਕਵਾ ਕੇ ਦਫ਼ਤਰ ਦੇ ਹੇਠਲੇ ਕਮਰਿਆਂ ਵਿਚ ਰਖਵਾਈਆਂ ਤੇ ਉਨ੍ਹਾਂ ਉੱਪਰ ਚਿੱਟਾਂ ਲਗਵਾ ਦਿੱਤੀਆਂ ਕਿ ਕਿਹੜੀ ਚੀਜ਼ ਕਿੱਥੋਂ ਪ੍ਰਾਪਤ ਹੋਈ ਹੈ, ਤਾਂ ਕਿ ਇਨ੍ਹਾਂ ਦੇ ਮਾਲਕ ਨਿਸ਼ਾਨੀ ਦੱਸ ਕੇ ਵਾਪਸ ਲੈ ਸਕਣ। ਸ. ਨਾਰਾਇਣ ਸਿੰਘ ਦੀ ਇਸ ਲੋਕ ਭਲਾਈ ਦਾ ਨਤੀਜਾ ਉਲਟ ਹੀ ਨਿਕਲਿਆ। ਜਦੋਂ ਸਥਾਨਕ ਵਸਨੀਕ ਵਾਪਸ ਆਉਣ ਲੱਗੇ ਤਾਂ ਉਹ ਸਭ ਤੋਂ ਪਹਿਲਾਂ ਥਾਣੇ ਜਾਂ ਗੁਰਦੁਆਰਾ ਕਮੇਟੀ ਵਿਰੁੱਧ ਸ਼ਿਕਾਇਤ ਦਰਜ ਕਰਵਾਉਂਦੇ ਕਿ ਉਨ੍ਹਾਂ ਦਾ ਸਾਮਾਨ ਚੋਰੀ ਕਰ ਲਿਆ ਗਿਆ ਹੈ, ਜੋ ਗੁਰਦੁਆਰਾ ਸਾਹਿਬ ਵਿਖੇ ਪਿਆ ਹੈ। ਪੁਲਿਸ ਹੱਥਕੜੀਆਂ ਲੈ ਕੇ ਪਹੁੰਚ ਗਈ ਅਤੇ ਗੁਰਦੁਆਰਾ ਸਾਹਿਬ ਦੀ ਤਲਾਸ਼ੀ ਲੈਣ ਲਈ ਕਹਿਣ ਲੱਗੀ। ਹਾਲੇ ਕੁਝ ਦਿਨ ਪਹਿਲਾਂ ਹੀ ਤਾਂ ਸ. ਕਰਤਾਰ ਸਿੰਘ ਝੱਬਰ, ਸ. ਤੇਜਾ ਸਿੰਘ ਭੁੱਚਰ ਅਤੇ ਸ. ਉੱਤਮ ਸਿੰਘ ਕਾਰਖਾਨੇ ਵਾਲੇ ਦੀ ਗ੍ਰਿਫ਼ਤਾਰੀ ਹੋ ਕੇ ਹਟੀ ਸੀ। ਹੁਣ ਪ੍ਰਤੀਤ ਹੋ ਰਿਹਾ ਸੀ ਸਰਕਾਰ ਸ. ਸ਼ਾਮ ਸਿੰਘ ਅਟਾਰੀ ਵਾਲੇ ਦੇ ਪੜਪੋਤੇ ਸ. ਹਰਬੰਸ ਸਿੰਘ ਅਟਾਰੀ, ਪ੍ਰੋਫ਼ੈਸਰ ਤੇਜਾ ਸਿੰਘ ਅਤੇ ਮੈਨੇਜਰ ਸ. ਨਰਾਇਣ ਸਿੰਘ ਨੂੰ ਵੀ ਕਿਸੇ ਨਾ ਕਿਸੇ ਬਹਾਨੇ ਗ੍ਰਿਫ਼ਤਾਰ ਕਰ ਕੇ ਰਹੇਗੀ। ਸ. ਨਰਾਇਣ ਸਿੰਘ ਨੇ ਇਕ ਚਾਲ ਚਲੀ ਅਤੇ ਪੁਲਿਸ ਅਫ਼ਸਰ ਨੂੰ ਕਿਹਾ ਕਿ ਉਹ ਲਾਹੌਰ ਜਾ ਕੇ ਐਸ.ਪੀ. ਤੋਂ ਹੁਕਮ ਲੈ ਆਵੇ ਤੇ ਜਦ ਮਰਜ਼ੀ ਤਲਾਸ਼ੀ ਲੈ ਲਵੇ, ਓਨਾ ਸਮਾਂ ਬਾਕੀ ਦੀ ਪੁਲਿਸ ਬਾਹਰ ਜਿੰਦਰਾ ਲਾ ਕੇ ਪਹਿਰਾ ਦਿੰਦੀ ਰਹੇ। ਪੁਲਿਸ ਅਫ਼ਸਰ ਮੰਨ ਗਿਆ। ਸ. ਨਰਾਇਣ ਸਿੰਘ ਨੇ ਜਥੇਦਾਰ ਵਸਾਵਾ ਸਿੰਘ, ਉਸ ਦੇ ਪੁੱਤਰ ਅਤੇ ਪਤਨੀ ਨੂੰ ਸਾਰੀ ਸਕੀਮ ਸਮਝਾ ਦਿੱਤੀ ਕਿ ਹਨੇਰਾ ਹੁੰਦੇ ਸਾਰ ਹੀ ਕੰਧ ਵਿਚ ਪਾੜ ਪਾ ਕੇ ਸਾਰਾ ਸਾਮਾਨ ਇੱਧਰ-ਉੱਧਰ ਕਰ ਦਿਉ ਅਤੇ ਕੰਧਾਂ ਨੂੰ ਉਸੇ ਤਰ੍ਹਾਂ ਲਿੱਪ ਪੋਚ ਦੇਣਾ। ਸਵੇਰੇ ਹੁੰਦੇ ਸਾਰ ਹੀ ਜਦੋਂ ਪੁਲਿਸ ਅਫ਼ਸਰ ਹੁਕਮ ਲੈ ਕੇ ਆਇਆ ਤਾਂ ਜਿੰਦਰਾ ਖੋਲਿਆ ਗਿਆ। ਕਮਰੇ ਅੰਦਰ ਕੁਝ ਵੀ ਨਹੀਂ ਸੀ। ਪੁਲਿਸ ਅਫ਼ਸਰ ਸ਼ਰਮਿੰਦਾ ਹੋ ਵਾਪਸ ਜਾਣ ਲੱਗਾ ਤਾਂ ਸ. ਨਰਾਇਣ ਸਿੰਘ ਨੇ ਪੁਲਿਸ ਅਫ਼ਸਰ ਨੂੰ ਸਭ ਕੁਝ ਦੱਸ ਦਿੱਤਾ ਕਿ ਉਸ ਨੂੰ ਇਹ ਇਸ ਲਈ ਕਰਨਾ ਪਿਆ ਕਿ ਨੇਕੀ ਕਰਦੇ-ਕਰਦੇ ਉਸ ਨੂੰ ਜੇਲ੍ਹ ਜਾਣਾ ਪੈਣਾ ਸੀ।

ਸ਼ਹੀਦੀ ਸਾਕੇ ਤੋਂ ਬਾਅਦ ਸ੍ਰੀ ਨਨਕਾਣਾ ਸਾਹਿਬ ਦੀ ਧਰਤੀ 'ਤੇ ਇਕੱਠੇ ਹੋਏ ਸਿੰਘ ਘਰਾਂ ਨੂੰ ਵਾਪਸ ਪਰਤਣ ਲਈ ਤਿਆਰ ਨਹੀਂ ਸਨ। ਜਿੱਥੇ ਸਰਕਾਰ ਇਨ੍ਹਾਂ ਤੋਂ ਔਖੀ ਸੀ, ਉੱਥੇ ਪ੍ਰਬੰਧਕਾਂ ਨੂੰ ਵੀ ਬਹੁਤ ਔਕੜਾਂ ਆ ਰਹੀਆਂ ਸਨ। ਸ. ਨਾਰਾਇਣ ਸਿੰਘ ਦੀ ਸਲਾਹ ਨਾਲ ਸਰਕਾਰ ਨੇ ਲਾਹੌਰ ਤਕ ਸਪੈਸ਼ਲ ਗੱਡੀਆਂ ਚਲਾਉਣੀਆਂ ਮੰਨ

ਲਈਆਂ ਅਤੇ ਅੱਗੇ ਰਾਵਲਪਿੰਡੀ ਅਤੇ ਦਿੱਲੀ ਤਕ ਇੱਕ-ਇੱਕ ਗੱਡੀ ਰੋਜ਼ਾਨਾ ਚਲਾਉਣੀ ਮੰਨ ਲਈ। ਜਦੋਂ ਇਹ ਗੱਡੀ ਸਟੇਸ਼ਨ 'ਤੇ ਆਈ ਤਾਂ ਇਹ ਗੰਦੀ-ਮੰਦੀ ਮਾਲ ਗੱਡੀ ਸੀ। ਸਿੱਖਾਂ ਨੇ ਇਸ ਨੂੰ ਆਪਣਾ ਅਪਮਾਨ ਸਮਝਿਆ ਅਤੇ ਸਵਾਰ ਹੋਣ ਤੋਂ ਨਾਂਹ ਕਰ ਦਿੱਤੀ। ਬਾਅਦ ਵਿਚ ਅਫ਼ਸਰਾਂ ਵੱਲੋਂ ਮੁਆਫੀ ਮੰਗਣ 'ਤੇ ਸਾਫ-ਸੁਥਰੀਆਂ ਗੱਡੀਆਂ ਦਾ ਪ੍ਰਬੰਧ ਕਰਨ ਉਪਰੰਤ ਕੁਝ ਦਿਨਾਂ ਵਿਚ ਹੀ ਇਤਨੀ ਵੱਡੀ ਭੀੜ ਵਾਪਸ ਪਰਤ ਗਈ। ਸਿਰਫ ੩-੪ ਹਜ਼ਾਰ ਸਿੰਘਾਂ ਨੂੰ ਉੱਥੇ ਰੱਖ ਲਿਆ ਗਿਆ, ਜੋ ਜ਼ਰੂਰੀ ਸਨ।

ਹੁਣ ਸ. ਨਰਾਇਣ ਸਿੰਘ ਨੇ ਗੁਰਦੁਆਰਾ ਸਾਹਿਬਾਨ ਦੀਆਂ ਜਾਇਦਾਦਾਂ ਦਾ ਪ੍ਰਬੰਧ ਸੰਭਾਲਣ ਲਈ ਸਕੀਮ ਬਣਾਈ। ੧੦-੧੦ ਤਿਆਰ-ਬਰ-ਤਿਆਰ ਸਿੰਘਾਂ ਦੇ ਜਥੇ ਬਣਾਏ ਗਏ। ਇਹ ਜਥੇ ਪਿੰਡ ਵਿਚ ਪੁੱਜ ਕੇ ਸਾਰੇ ਪਿੰਡ ਦੀ ਘੇਰਾ-ਬੰਦੀ ਕਰ ਲੈਂਦੇ ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾਉਣੇ ਸ਼ੁਰੂ ਕਰ ਦਿੰਦੇ। ਇਤਨੇ ਸਮੇਂ ਵਿਚ ਸ. ਨਰਾਇਣ ਸਿੰਘ ਵੀ ਘੋੜੇ 'ਤੇ ਸਵਾਰ ਹੋ ਕੇ ਪਹੁੰਚ ਜਾਂਦੇ ਅਤੇ ਵਿਚ ਪੈ ਕੇ ਨਬੇੜਾ ਕਰਾ ਦਿੰਦੇ। ਸਾਰੇ ਮੁਜ਼ਾਰਿਆਂ ਨੇ ਅਕਾਲੀਆਂ ਦੀਆਂ ਕੈਰੀਆਂ ਅੱਖਾਂ ਦੇਖ ਕੇ ਮਹੰਤਾਂ ਦਾ ਸਾਥ ਛੱਡ ਦਿੱਤਾ ਅਤੇ ਸਿੰਘਾਂ ਨਾਲ ਮਿਲਵਰਤਨ ਕਰਨਾ ਮੰਨ ਲਿਆ। ਹਰ ਪਿੰਡ ਵਿਚ ਅਨਾਜ ਦੇ ਕੋਠੇ ਭਰੇ ਹੋਏ ਮਿਲਦੇ, ਜਿਸ ਨੂੰ ਨਿਯਤ ਕੀਤੇ ਜਥੇਦਾਰ ਦੇ ਹਵਾਲੇ ਕਰ ਦਿੱਤਾ ਜਾਂਦਾ। ਇਸ ਤਰ੍ਹਾਂ ਥੋੜ੍ਹੇ ਸਮੇਂ ਵਿਚ ਹੀ ਸਾਰਾ ਕੰਮ ਪੂਰਾ ਕਰ ਲਿਆ ਗਿਆ। ਇਹ ਸਾਰਾ ਇਕੱਠਾ ਕੀਤਾ ਅਨਾਜ ਸ੍ਰੀ ਨਨਕਾਣਾ ਸਾਹਿਬ ਵਿਚ ਮੰਗਲ ਸਿੰਘ ਵਸਾਵਾ ਮੱਲ ਆੜ੍ਹਤੀ ਦੀ ਦੁਕਾਨ 'ਤੇ ਲਿਆਂਦਾ ਗਿਆ। ਸ਼ਾਮ ਤੋਂ ਪਹਿਲਾਂ ਸਾਰਾ ਅਨਾਜ ਵੇਚ ਕੇ ਕੁੱਲ ਆਮਦਨ ਗੁਰਦੁਆਰਾ ਸਾਹਿਬ ਦੇ ਹਿਸਾਬ ਵਿਚ ਜਮ੍ਹਾ ਕਰਵਾ ਦਿੱਤੀ ਗਈ। ਸਾਰੇ ਕਾਸ਼ਤਕਾਰ ਸ. ਨਰਾਇਣ ਸਿੰਘ ਦੇ ਦਫ਼ਤਰ ਵਿਚ ਇਕੱਠੇ ਹੋ ਕੇ ਆ ਗਏ। ਜ਼ਮੀਨ ਦੇ ਠੇਕੇ ਨੂੰ ਮੁੜ ਅੱਗੇ ਲਈ ਨਿਲਾਮ ਕਰ ਦਿੱਤਾ ਗਿਆ। ਲਾਇਲਪੁਰ ਵਾਲੇ ਵਕੀਲ ਸ. ਇਕਬਾਲ ਸਿੰਘ ਨੇ ਇਹ ਕੰਮ ਤੁਰੰਤ ਪੂਰਾ ਕਰ ਦਿੱਤਾ। ਰਾਤ ਨੂੰ ਪਟਵਾਰੀ ਸ. ਅਮਰ ਸਿੰਘ ਨੇ ਇਹ ਸਾਰੀ ਕਾਰਵਾਈ ਰੋਜ਼ਨਾਮਚਾ ਵਾਕਿਆਤੀ ਵਿਚ ਦਰਜ ਕਰ ਲਈ ਅਤੇ ਕਿਸੇ ਹੋਰ ਨੂੰ ਪਤਾ ਵੀ ਨਹੀਂ ਲੱਗਣ ਦਿੱਤਾ ਗਿਆ। ਪਿੰਡਾਂ ਵਿਚ ਅਮਨ-ਚੈਨ ਰੱਖਣ ਲਈ ਇਕ ਅਕਾਲੀ ਸਿੰਘਾਂ ਦਾ ਜਥਾ ਵੀ ਤਿਆਰ ਕਰ ਲਿਆ ਗਿਆ।

ਬਾਹਰ ਦੀਆਂ ਜ਼ਮੀਨਾਂ ਦਾ ਪ੍ਰਬੰਧ ਸੰਭਾਲਣ ਤੋਂ ਬਾਅਦ ਗੁਰਦੁਆਰਾ ਸਾਹਿਬ ਦੀਆਂ ਅੰਦਰੂਨੀ ਜਾਇਦਾਦਾਂ ਵੱਲ ਧਿਆਨ ਦਿੱਤਾ ਗਿਆ। ਮਹੰਤ ਜਾਂਦਾ-ਜਾਂਦਾ ਗੁਰਦੁਆਰਾ ਸਾਹਿਬ ਅੰਦਰ ਗੁਰੂ ਦੀ ਸਰਾਂ ਵਿਚ ਇਕ ਨੁੱਕਰੇ ਬਣੀਆਂ ਛੇ ਕੋਠੜੀਆਂ ਮੀਹਾਂ ਸਿੰਘ ਬੱਕਰੀਆਂ ਵਾਲੇ ਨੂੰ ਦੇ ਗਿਆ ਸੀ। ਉਸ ਨੇ ਅਗਲੇ ਪਾਸੇ ਵਲਗਣ ਵਲੀ ਹੋਈ ਸੀ। ਇਕ ਪਾਸੇ ਤਾਂ ਉਸ ਦੀਆਂ ਬੱਕਰੀਆਂ ਕਿਸਾਨਾਂ ਦੀਆਂ ਫ਼ਸਲਾਂ ਦਾ ਨੁਕਸਾਨ ਕਰਦੀਆਂ ਸਨ, ਦੂਸਰੇ ਪਾਸੇ ਆਏ ਯਾਤਰੂਆਂ ਦੇ ਠਹਿਰਨ ਲਈ ਇਹ

ਕੋਠੜੀਆਂ ਬਹੁਤ ਜ਼ਰੂਰੀ ਸਨ। ਮੀਹਾਂ ਸਿੰਘ ਨੂੰ ਕਈ ਵਾਰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਇਨ੍ਹਾਂ ਕੋਠੜੀਆਂ ਬਦਲੇ ਹੋਰ ਥਾਂ ਦੇਣ ਦੀ ਪੇਸ਼ਕਸ਼ ਵੀ ਕੀਤੀ ਗਈ, ਪਰ ਮੀਹਾਂ ਸਿੰਘ ਨਾ ਮੰਨਿਆ। ਅੰਤ ਵਿਚ ਸ. ਨਰਾਇਣ ਸਿੰਘ ਨੇ ਜਥੇ ਵਾਲਿਆਂ ਨੂੰ ਸੁਧਾਈ ਕਰਨ ਲਈ ਕਹਿ ਦਿੱਤਾ। ਨੀਯਤ ਸਮੇਂ 'ਤੇ ਸ. ਨਰਾਇਣ ਸਿੰਘ ਬਾਹਰ ਆ ਖਲੋਤੇ ਅਤੇ ਜਥੇ ਨੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ। ਇੰਨੇ ਸਮੇਂ ਵਿਚ ਚੌਧਰੀ ਹੁਸੈਨ ਅਲੀ ਐਸ.ਡੀ.ਓ. (ਇਲਾਕਾ ਮੈਜਿਸਟਰੇਟ) ਵੀ ਉੱਥੇ ਆ ਗਿਆ। ਸਰਾਂ ਦੇ ਅੰਦਰੋਂ ਚੀਕ-ਚਿਹਾੜੇ ਦੀਆਂ ਅਵਾਜ਼ਾਂ ਸੁਣਾਈ ਦੇਣ ਲੱਗੀਆਂ। ਇਕ ਸੇਵਾਦਾਰ ਨੇ ਆ ਕੇ ਦੱਸਿਆ ਕਿ "ਮੀਹਾਂ ਸਿੰਘ ਨੂੰ ਚਾਹਟਾ ਛਕਾਈਦਾ ਹੈ।"

ਮੈਨੇਜਰ ਸ. ਨਰਾਇਣ ਸਿੰਘ ਨੇ ਚੌਧਰੀ ਸਾਹਿਬ ਨੂੰ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾ-ਮਿਲਵਰਤਨ ਦਾ ਮਤਾ ਪਾਸ ਕਰ ਕੇ ਪੁਲਿਸ ਅਤੇ ਅਦਾਲਤਾਂ ਦੀ ਸਹਾਇਤਾ ਲੈਣ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਹਨ, ਇਸ ਲਈ ਵਿਗੜਿਆਂ-ਤਿਗੜਿਆਂ ਨੂੰ ਸਿੱਧੇ ਰਸਤੇ ਪਾਉਣ ਲਈ ਇਹੋ ਰਸਤਾ ਰਹਿ ਗਿਆ ਹੈ। ਮੈਨੇਜਰ ਸਾਹਿਬ ਨੇ ਚੌਧਰੀ ਸਾਹਿਬ ਨੂੰ ਇਹ ਵੀ ਦੱਸਿਆ ਕਿ ਚਾਹਟਾ ਛਕਾਉਣਾ ਕਿਸ ਨੂੰ ਕਹਿੰਦੇ ਹਨ। ਚਾਹਟਾ ਛਕਾਉਣ ਵੇਲੇ ਬੰਦੇ ਨੂੰ ਮੂਹਦੇ-ਮੂੰਹ ਲੰਮਿਆਂ ਪਾ ਕੇ ਵੱਡੇ ਨੰਬਰ ਦੀ ਦੇਸੀ ਜੁੱਤੀ ਨਾਲ ਮੁਰੰਮਤ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦਫ਼ਾ-੩੨੩ ਹਿੰਦ ਦੰਡਾਵਲੀ ਦਾ ਕੇਸ ਹੀ ਬਣਦਾ ਹੈ, ਸੋ ਪੁਲਿਸ ਇਸ ਅਪਰਾਧ ਅਧੀਨ ਗ੍ਰਿਫ਼ਤਾਰ ਨਹੀਂ ਕਰ ਸਕਦੀ। ਚੌਧਰੀ ਸਾਹਿਬ ਦੇ ਮੂੰਹੋਂ ਨਿਕਲਿਆ, "ਸ਼ਾਬਾਸ਼ ਗੁਰੂ ਗੋਬਿੰਦ ਸਿੰਘ ਦੇ ਫੌਲਾਦੀ ਸ਼ੇਰਾਂ ਦੇ! ਜੋ ਨਾ ਮਰਨੋਂ ਡਰਦੇ ਹਨ ਅਤੇ ਨਾ ਜੇਲ੍ਹ ਜਾਣੋਂ ਘਬਰਾਉਂਦੇ ਹਨ।"

ਮੀਹਾਂ ਸਿੰਘ ਦਾ ਇਕ ਦਿਨ ਦੇ ਚਾਹਟੇ ਨਾਲ ਹੀ ਬੁਰਾ ਹਾਲ ਹੋ ਗਿਆ। ਉਹ ਆਪ ਤਾਂ ਘਰ ਅੰਦਰ ਹੀ ਲੁਕਿਆ ਰਿਹਾ ਤੇ ਬੱਕਰੀਆਂ ਉਸ ਦਾ ਰਿਸ਼ਤੇਦਾਰ ਮੁੰਡਾ ਲੈ ਕੇ ਬਾਹਰ ਚਲਾ ਗਿਆ। ਜਿਨ੍ਹਾਂ ਜ਼ਿੰਮੀਦਾਰਾਂ ਦੇ ਖੇਤ ਬੱਕਰੀਆਂ ਉਜਾੜਦੀਆਂ ਸਨ, ਉਨ੍ਹਾਂ ਨੇ ਮੁੰਡਾ ਕੁੱਟ ਸੁੱਟਿਆ ਅਤੇ ਬੱਕਰੀਆਂ ਦਾ ਦੁੱਧ ਚੋਅ ਲਿਆ। ਉਸੇ ਰਾਤ ਮੀਹਾਂ ਸਿੰਘ ਨੂੰ ਫੇਰ ਚਾਹਟਾ ਛਕਾਇਆ ਗਿਆ ਤਾਂ ਉਸ ਦੇ ਰਿਸ਼ਤੇਦਾਰ ਉਸ ਨੂੰ ਮੰਜੀ 'ਤੇ ਪਾ ਕੇ ਬਾਲ ਲੀਲ੍ਹਾ ਦੀ ਖੁੱਲ੍ਹੀ ਹਵੇਲੀ ਵਿਚ ਲੈ ਗਏ ਅਤੇ ਉੱਥੋਂ ਥਾਣੇ ਲੈ ਗਏ। ਥਾਣੇਦਾਰ ਨੇ ਸ਼ਿਕਾਇਤ ਲਿਖ ਕੇ ਕਹਿ ਦਿੱਤਾ ਕਿ ਅਦਾਲਤ ਵਿਚ ਸਿੱਧਾ ਇਸਤਗਾਸਾ ਪਾਵੋ। ਅਰਜ਼ੀ ਨਵੀਸ ਨੇ ਸ਼ਿਕਾਇਤ ਲਿਖਣ ਤੋਂ ਨਾਂਹ ਕਰ ਦਿੱਤੀ। ਮੀਹਾਂ ਸਿੰਘ ਠੰਡਾ ਪੈ ਗਿਆ ਅਤੇ ਘਰ ਪਰਤ ਆਇਆ। ਸਿੰਘਾਂ ਨੇ ਰਾਤੋ-ਰਾਤ ਵਲਗਣ ਦੀ ਕੰਧ ਅਤੇ ਕੋਠੜੀਆਂ ਢਾਹ ਕੇ ਪੱਧਰੀਆਂ ਕਰ ਦਿੱਤੀਆਂ, ਮਲਬਾ ਚੁਕਵਾ ਕੇ ਜਗ੍ਹਾ 'ਤੇ ਕਬਜ਼ਾ ਕਰ ਲਿਆ।

ਗੁਰਦੁਆਰਾ ਸਾਹਿਬ ਵਿਚ ਜੋ ਤਿੰਨ-ਚਾਰ ਹਜ਼ਾਰ ਅਕਾਲੀ ਰਹਿੰਦੇ ਸਨ, ਉਨ੍ਹਾਂ ਨੂੰ ਕੰਮ 'ਤੇ ਲਾਉਣ ਲਈ ਸ. ਨਰਾਇਣ ਸਿੰਘ ਨੇ ਬਹੁਤ ਵੱਡੇ ਛੱਪੜ ਨੂੰ ਪੂਰਨ,

ਗੁਰਦੁਆਰਾ ਸਾਹਿਬ ਅਤੇ ਸਰਾਂ ਤੋਂ ਲੈ ਕੇ ਰੇਲ ਦੀ ਪੱਟੜੀ ਤਕ ਰਸਤਾ ਪੱਧਰਾ ਕਰਨ, ਬਾਗ ਲਗਾਉਣ ਆਦਿ ਦਾ ਸੱਤ-ਅੱਠ ਮਹੀਨੇ ਦਾ ਟੀਚਾ ਮਿੱਥ ਕੇ ਕੰਮ 'ਤੇ ਲਗਾ ਦਿੱਤਾ। ਦਿਨ-ਰਾਤ ਕੰਮ ਹੋਣ ਲੱਗ ਪਿਆ। ਗੁਰਦੁਆਰਾ ਸਾਹਿਬ ਦੇ ਪਿੱਛੇ ਇਕ ਬਹੁਤ ਵੱਡੀ ਹਵੇਲੀ ਵਿਚ ਗੱਡੇ, ਊਠ ਵਗੈਰਾ ਖੜਦੇ ਸਨ, ਜਿਸ ਕਾਰਨ ਕਾਫੀ ਦੂਰ ਤਕ ਬਦਬੂ ਜਾਂਦੀ ਸੀ। ਥਾਂ-ਥਾਂ ਭੱਠੇ ਬਣੇ ਹੋਏ ਸਨ, ਜਿਨ੍ਹਾਂ ਕਾਰਨ ਚਾਰ-ਚੁਫੇਰੇ ਟੋਏ ਹੀ ਟੋਏ ਨਜ਼ਰੀਂ ਪੈਂਦੇ ਸਨ। ਸਿੰਘਾਂ ਨੇ ਕਹੀਆਂ ਤੇ ਟੋਕਰੀਆਂ ਨਾਲ ਅਤੇ ਹਲ਼ ਤੇ ਜੋਗਾਂ, ਕਰਾਹਾਂ ਨਾਲ ਸਭ ਪੱਧਰੇ ਕਰ ਦਿੱਤੇ। ਸੜਕਾਂ ਦੇ ਕੰਢੇ ਕੇਲੇ ਅਤੇ ਦੇਸੀ ਅੰਬਾਂ ਦੇ ਬੂਟੇ ਲੱਗਾ ਦਿੱਤੇ ਗਏ। ਸਰਾਂ ਦੀਆਂ ਕੋਠੜੀਆਂ ਦੀਆਂ ਕੰਧਾਂ ਵਿਚ ਪਾੜ ਪਾ ਕੇ ਬਾਰੀਆਂ ਅਤੇ ਰੋਸ਼ਨਦਾਨ ਬਣਾ ਕੇ ਹਵਾਦਾਰ ਬਣਾ ਦਿੱਤੀਆਂ ਗਈਆਂ।

ਗੁਰਦੁਆਰਾ ਸਾਹਿਬ ਦੇ ਨਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਜਾਗੀਰ ਲੱਗੀ ਹੋਈ ਸੀ, ਜਿਸ ਨੂੰ ਲਗਾਤਾਰ ਮਹੰਤ ਹੀ ਵਸੂਲ ਕਰਦਾ ਆ ਰਿਹਾ ਸੀ। ਉਹ ਆਪ ਹੀ ਨੰਬਰਦਾਰ ਸੀ। ਸ. ਨਰਾਇਣ ਸਿੰਘ ਨੂੰ ਕੁਝ ਸਮਾਂ ਬਾਅਦ ਨੰਬਰਦਾਰ ਬਣਾ ਦਿੱਤਾ ਗਿਆ ਤਾਂ ਸ. ਨਰਾਇਣ ਸਿੰਘ ਨੇ ਜਾਗੀਰ ਦੀ ਰਕਮ ਹਾਸਲ ਕਰਨ ਲਈ ਪਟਵਾਰੀ ਨੂੰ ਮਨਾ ਲਿਆ। ਇਨ੍ਹਾਂ ਨੇ ਢਾਲ-ਬਾਛ ਵਿਚ ਮਾਮਲੇ ਦੀ ਰਕਮ ਦਰਜ ਕਰਵਾ ਦਿੱਤੀ ਅਤੇ ਸਰਕਾਰ ਦਾ ਹਿੱਸਾ ਵੀ ਲਿਖ ਦਿੱਤਾ। ਮੈਨੇਜਰ ਸਾਹਿਬ ਨੇ ਮਾਮਲਾ ਉਗਰਾਹ ਕਰ ਕੇ ਜਾਗੀਰ ਦੀ ਰਕਮ ਗੁਰਦੁਆਰਾ ਸਾਹਿਬ ਦੇ ਖਾਤੇ ਵਿਚ ਜਮ੍ਹਾਂ ਕਰਾ ਦਿੱਤੀ ਅਤੇ ਬਾਕੀ ਸਰਕਾਰ ਦਾ ਹਿੱਸਾ ਸਰਕਾਰੀ ਖ਼ਜ਼ਾਨੇ ਵਿਚ ਭੇਜ ਦਿੱਤਾ। ਸ਼ੇਖੂਪੁਰੇ ਦਾ ਡੀ.ਸੀ. ਸਾਰੀ ਰਕਮ ਸਰਕਾਰੀ ਖ਼ਜ਼ਾਨੇ ਵਿਚ ਰੱਖਣਾ ਚਾਹੁੰਦਾ ਸੀ ਕਿਉਂਕਿ ਜਾਗੀਰ ਸਿੱਖਾਂ ਨੂੰ ਦੇਣ ਬਾਰੇ ਹਾਲੇ ਕੋਈ ਅਦਾਲਤੀ ਹੁਕਮ ਨਹੀਂ ਸੀ ਹੋਇਆ। ਉਸ ਨੇ ਸ. ਨਰਾਇਣ ਸਿੰਘ ਨੂੰ ਧਮਕੀ ਦਿੱਤੀ ਕਿ ਉਸ 'ਤੇ ਸਰਕਾਰੀ ਪੈਸੇ ਖਾਣ ਦੇ ਦੋਸ਼ ਵਿਚ ਮੁਕੱਦਮਾ ਚਲਾਇਆ ਜਾਵੇਗਾ। ਸ. ਨਰਾਇਣ ਸਿੰਘ ਨੇ ਕਿਹਾ ਕਿ ਮੈਂ ਗੁਰਦੁਆਰਾ ਸਾਹਿਬ ਦਾ ਪੈਸਾ ਠੀਕ ਖਾਤੇ ਵਿਚ ਜਮ੍ਹਾਂ ਕਰਵਾ ਦਿੱਤਾ ਹੈ। ਜਦ ਨਵਾਂ ਡੀ.ਸੀ. ਆਇਆ ਤਾਂ ਉਸ ਨੇ ਮੈਨੇਜਰ ਨੂੰ ਨੋਟਿਸ ਦੇ ਦਿੱਤਾ। ਪੰਜਾਬ ਸਰਕਾਰ ਦੇ ਹੋਮ ਸਕੱਤਰ ਨਾਲ ਸ. ਨਰਾਇਣ ਸਿੰਘ ਨੇ ਸਾਰੀ ਗੱਲ ਸਪੱਸ਼ਟ ਕਰ ਦਿੱਤੀ, ਤਾਂ ਉਸ ਨੇ ਖੁਸ਼ ਹੋ ਕੇ ਕਿਹਾ ਕਿ ਮੈਨੇਜਰ ਸਾਹਿਬ 'ਤੇ ਕੋਈ ਮੁਕੱਦਮਾ ਨਾ ਚਲਾਇਆ ਜਾਵੇ। ਇਸ ਤੋਂ ਬਾਅਦ ਜਾਗੀਰ ਦੀ ਰਕਮ ਗੁਰਦੁਆਰਾ ਸਾਹਿਬ ਨੂੰ ਜਾਣ ਲੱਗ ਪਈ।

ਜ਼ਮੀਨਾਂ ਦੇ ਕਬਜ਼ੇ ਲਏ ਜਾ ਚੁੱਕੇ ਸਨ। ਮੁਜ਼ਾਰੇ ਵੀ ਮਿਲਵਰਤਨ ਨਾਲ ਕੰਮ ਕਰਨ ਲੱਗ ਪਏ ਸਨ। ਫ਼ਸਲਾਂ ਵੀ ਵੇਚ ਲਈਆਂ ਗਈਆਂ ਸਨ। ਮਹੰਤ ਨਰੈਣ ਦਾਸ ਦੇ ਇਕ ਚੇਲੇ ਦੇਵਾ ਦਾਸ ਨੇ ਸ. ਨਰਾਇਣ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ 'ਤੇ ਡੀ.ਸੀ. ਸ਼ੇਖੂਪੁਰਾ ਦੀ ਕਚਹਿਰੀ ਵਿਚ ਦਫਾ-੧੪੪-੪੫ ਜ਼ਾਬਤਾ ਫ਼ੌਜਦਾਰੀ ਦਾ ਕੇਸ ਕਰ ਦਿੱਤਾ ਕਿ ਇਨ੍ਹਾਂ ਨੂੰ ਉਸ ਦੇ ਕਬਜ਼ੇ ਵਿਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ। ਇਨ੍ਹਾਂ

ਦੀਆਂ ਪੱਕੀਆਂ ਜ਼ਮਾਨਤਾਂ ਕੀਤੀਆਂ ਜਾਣ। ਸ੍ਰੀ ਨਨਕਾਣਾ ਸਾਹਿਬ ਦੇ ਡਾਕ ਬੰਗਲੇ ਵਿਚ ਕਚਹਿਰੀ ਲੱਗਿਆ ਕਰਦੀ ਸੀ। ਮਹੰਤ ਵੱਲੋਂ ਗਣਪਤ ਰਾਏ ਅਤੇ ਅਕਾਲੀਆਂ ਵੱਲੋਂ ਸਰਦਾਰ ਬਹਾਦਰ ਮਹਤਾਬ ਸਿੰਘ ਵਕਾਲਤ ਕਰਦੇ ਸਨ। ਮਹੰਤ ਨੇ ਬਹੁਤ ਸਾਰੇ ਝੂਠੇ ਗਵਾਹ ਭੁਗਤਾ ਦਿੱਤੇ। ਸ. ਨਰਾਇਣ ਸਿੰਘ ਆਪ ਇਕੱਲੇ ਹੀ ਗਵਾਹ ਵਜੋਂ ਪੇਸ਼ ਹੋਏ ਅਤੇ ਨਾਲ ਹੀ ਮੁਜ਼ਾਰਿਆਂ ਵੱਲੋਂ ਲਿਖੇ ਪਟੇ, ਪਟਵਾਰੀ ਦਾ ਰੋਜਨਾਮਚਾ ਵਾਕਿਆਤ ਨਕਲ, ਰਜਿਸਟਰ ਦੇ ਅੰਦਰਾਜ ਦੀਆਂ ਨਕਲਾਂ, ਚਿੱਠਾ ਮਾਲ, ਗੁਦਾਮ ਵਿਚ ਰੱਖੇ ਅਨਾਜ ਦਾ ਵੇਰਵਾ, ਠੇਕੇਦਾਰਾਂ ਦੇ ਹਿਸਾਬ ਦੀ ਨਕਲ ਅਤੇ ਮਹੰਤਾਂ ਦੇ ਚਾਬੀਆਂ ਦੇ ਗੁੱਛੇ ਆਦਿ ਸਭ ਪੇਸ਼ ਕਰ ਦਿੱਤੇ। ਸਰਦਾਰ ਬਹਾਦਰ ਮਹਤਾਬ ਸਿੰਘ ਨੇ ਧੜੱਲੇਦਾਰ ਬਹਿਸ ਕੀਤੀ, ਜਿਸ ਵਿਚ ਖਾਲਸਾ ਰਾਜ ਨੂੰ ਹਥਿਆਉਣ ਵੇਲੇ ੧੮੪੯ ਈ. ਤੋਂ ਲੈ ਕੇ ਉਸ ਸਮੇਂ ਤਕ ਸਿੱਖਾਂ ਨਾਲ ਹੋਈਆਂ ਵਧੀਕੀਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਇਨਸਾਫ਼ ਅਕਾਲੀਆਂ ਦੇ ਹੱਕ ਵਿਚ ਸੀ। ਅਦਾਲਤ ਨੇ ਫੈਸਲਾ ਅਕਾਲੀਆਂ ਦੇ ਹੱਕ ਵਿਚ ਕਰ ਦਿੱਤਾ।

ਇਕ ਮਹੰਤ ਮੂਲੀ ਦਾਸ ਨੇ ਸ. ਨਰਾਇਣ ਸਿੰਘ ਅਤੇ ਕੁਝ ਸਾਥੀਆਂ 'ਤੇ ਦਫ਼ਾ-੧੦੭ ਜ਼ਾਬਤਾ ਫ਼ੌਜਦਾਰੀ ਦਾ ਮੁਕੱਦਮਾ ਕਰ ਦਿੱਤਾ। ਐਸ.ਡੀ.ਐਮ. ਨੇ ਬਿਆਨ ਵੀ ਲਿਖਣੇ ਅਰੰਭ ਕਰ ਦਿੱਤੇ ਅਤੇ ਨਾਲ ਹੀ ਸ. ਨਰਾਇਣ ਸਿੰਘ ਨੂੰ ਵੀ ਖ਼ਬਰ ਕਰ ਦਿੱਤੀ। ਸ. ਨਰਾਇਣ ਸਿੰਘ ਨੇ ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਤੁਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੁਨੇਹਾ ਭੇਜ ਦਿੱਤਾ ਕਿ ਉਨ੍ਹਾਂ ਦੀ ਬਦਲੀ ਕਰ ਦਿੱਤੀ ਜਾਵੇ ਤਾਂ ਕੇਸ ਆਪਣੇ-ਆਪ ਖਾਰਜ ਹੋ ਜਾਵੇ ਜਾਂ ਫਿਰ ਉਨ੍ਹਾਂ ਨੂੰ ਜੇਲ੍ਹ ਜਾਣ ਦੀ ਆਗਿਆ ਦੇ ਦਿੱਤੀ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਨਾਂ ਦੀ ਬਦਲੀ ਦਾ ਹੁਕਮ ਆ ਗਿਆ। ਇਹ ਆਪਣੇ ਪਰਵਾਰ ਨੂੰ ਉੱਥੇ ਹੀ ਛੱਡ ਕੇ ਅਦਾਲਤ ਵਿਚ ਇਹ ਲਿਖ ਕੇ ਦੇ ਆਏ ਕਿ ਉਨ੍ਹਾਂ ਦੀ ਬਦਲੀ ਹੋ ਜਾਣ ਕਾਰਨ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਜਾ ਰਹੇ ਹਨ। ਅਦਾਲਤ ਪਾਸ ਕੋਈ ਅਧਿਕਾਰ ਹੀ ਨਾ ਰਿਹਾ ਕਿ ਉਹ ਸ੍ਰੀ ਅੰਮ੍ਰਿਤਸਰ ਦੇ ਵਾਸੀ ਉੱਪਰ ਸ੍ਰੀ ਨਨਕਾਣਾ ਸਾਹਿਬ ਵਿਖੇ ਕੇਸ ਚਲਾਵੇ। ਜਦੋਂ ਬਹਿਸ ਹੋਈ ਤਾਂ ਪਤਾ ਲੱਗਾ ਕਿ ਮੈਨੇਜਰ ਤਾਂ ਸ੍ਰੀ ਅੰਮ੍ਰਿਤਸਰ ਵਿਖੇ ਰਹਿੰਦਾ ਹੈ ਅਤੇ ਬਾਕੀਆਂ ਦੇ ਨਾਂ-ਪਤੇ ਮਹੰਤ ਦੱਸ ਹੀ ਨਾ ਸਕਿਆ। ਕੇਸ ਖਾਰਜ ਹੋ ਗਿਆ। ਸ. ਨਰਾਇਣ ਸਿੰਘ ਫਿਰ ਸ੍ਰੀ ਨਨਕਾਣਾ ਸਾਹਿਬ ਆਪਣੀ ਡਿਊਟੀ 'ਤੇ ਆ ਗਏ।

ਬਾਬਾ ਕਰਤਾਰ ਸਿੰਘ (ਬੇਦੀ) ਵੱਲੋਂ ਸਿੱਖ ਪੰਥ ਨਾਲ ਕੀਤੀ ਗ਼ੱਦਾਰੀ ਦਾ ਕੇਸ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਇਆ ਤਾਂ ਉਨ੍ਹਾਂ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ। ਉਨ੍ਹਾਂ ਨੂੰ ਆਪਣੀ ਪੰਥ ਨਾਲ ਕੀਤੀ ਗ਼ੱਦਾਰੀ ਦਾ ਅਹਿਸਾਸ ਹੋਇਆ ਤਾਂ ਉਨ੍ਹਾਂ ਨੇ ਆਪਣੀ ਭੁੱਲ ਬਖ਼ਸ਼ਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕ ਪੱਤਰ ਲਿਖਿਆ ਕਿ ਭਾਵੇਂ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਨਾਲ ਉਸ ਦਾ ਕੋਈ ਸੰਬੰਧ ਨਹੀਂ ਸੀ, ਪਰ ਸਮੁੱਚੀ ਕੌਮ ਉਸ ਨੂੰ ਦੋਸ਼ੀ ਸਮਝਦੀ ਹੈ, ਇਸ ਲਈ ਉਹ ਸ੍ਰੀ

ਅਕਾਲ ਤਖਤ ਸਾਹਿਬ 'ਤੇ ਹਾਜ਼ਰ ਹੋ ਕੇ ਮੁਆਫੀ ਮੰਗਣਾ ਚਾਹੁੰਦਾ ਹੈ। ਬਾਬਾ ਕਰਤਾਰ ਸਿੰਘ ੨੩ ਮਈ, ੧੯੨੪ ਈ. ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਏ। ਬਾਬਾ ਕਰਤਾਰ ਸਿੰਘ ਨੇ ਵਿਸ਼ਾਲ ਇਕੱਠ ਵਿਚ ਹਾਜ਼ਰ ਹੋ ਕੇ ਜਥੇਦਾਰ ਸਾਹਿਬ ਨੂੰ ਲਿਖਤੀ ਇਕਰਾਰਨਾਮਾ ਪੇਸ਼ ਕੀਤਾ, ਜਿਸ 'ਤੇ ਲਿਖਿਆ ਸੀ:

ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ਮੈਂ ਪ੍ਰਣ ਕਰਦਾ ਹਾਂ ਕਿ ਤਖਤ ਸਾਹਿਬ ਵੱਲੋਂ ਕੀਤੇ ਗਏ ਪੰਜ ਪਿਆਰਿਆਂ ਦਾ ਫੈਸਲਾ ਮੈਨੂੰ ਪ੍ਰਵਾਨ ਹੋਵੇਗਾ।

ਮੈਂ ਪ੍ਰਣ ਕਰਦਾ ਹਾਂ ਕਿ ਪੰਥ ਦੀ ਪ੍ਰਤੀਨਿਧ ਜਮਾਤ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਵਿਰੋਧਤਾ ਵਿਚ ਕਦੇ ਖੜ੍ਹਾ ਨਹੀਂ ਹੋਵਾਂਗਾ।

੨੩-੫-੨੪

(ਦਸਤਖਤ)
ਕਰਤਾਰ ਸਿੰਘ ਬੇਦੀ

ਇਸ ਸਮੇਂ ਜਥੇਦਾਰ ਸਾਹਿਬ ਤੇ ਪੰਜ ਪਿਆਰੇ ਸਾਹਿਬਾਨ ਨੇ ਵਿਚਾਰ ਕਰ ਕੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਉਸ ਨੂੰ ਹੁਣ ਤਕ ਦੀ ਸਭ ਤੋਂ ਸਖਤ ਤਨਖਾਹ ਲਾਈ। ਹੁਕਮ ਸੁਣਾਇਆ ਗਿਆ ਕਿ:

"ਬਾਬਾ ਕਰਤਾਰ ਸਿੰਘ ਬੇਦੀ ਨੇ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਸਾਧੂਆਂ ਦੀ ਇਕ ਕਮੇਟੀ ਬਣਾ ਕੇ ਪੰਥ ਦੀ ਵਿਰੋਧਤਾ ਕੀਤੀ; ਹਰਦੁਆਰ ਜਾ ਕੇ ਸਿੱਖ ਪੰਥ ਦੇ ਵਿਰੁੱਧ ਤਕਰੀਰਾਂ ਕੀਤੀਆਂ ਤੇ ਕੌਮ ਦੇ ਵਿਰੋਧੀਆਂ ਨਾਲ ਹਮਦਰਦੀ ਪ੍ਰਗਟ ਕੀਤੀ, ਇਸ ਲਈ ਉਹ ਦੋਸ਼ੀ ਹੈ। ਉਸ ਨੂੰ ਦੰਡ ਲਾਇਆ ਜਾਂਦਾ ਹੈ ਕਿ ਉਹ ਇਕ ਤਾਂ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ, ਘੰਟਾ ਘਰ ਤੇ ਥੜਾ ਸਾਹਿਬ ਤਕ ਝਾੜੂ ਲਾਉਣ ਦੀ ਸੇਵਾ ਕਰੇ। ਅੰਮ੍ਰਿਤਸਰੋਂ ਨੰਗੇ ਪੈਰੀਂ ਚੱਲ ਕੇ ਸ੍ਰੀ ਨਨਕਾਣਾ ਸਾਹਿਬ ਜਾਵੇ, ਉੱਥੇ ਪੁੱਜ ਕੇ ਪੰਜ ਅਖੰਡ ਪਾਠ ਕਰਾਵੇ ਤੇ ੧੦,੦੦੦ ਰੁਪਏ ਸ਼ਹੀਦੀ ਫੰਡ ਵਿਚ ਦੇਵੇ।"

ਸੰਨ ੧੯੪੭ ਈ, ਵਿਚ ਦੇਸ਼ ਦੀ ਵੰਡ ਹੋ ਗਈ ਅਤੇ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਚ ਚਲਾ ਗਿਆ।

***ਸ੍ਰੋਤ ਪੁਸਤਕਾਂ:***


੧. ਡਾ. ਗੰਡਾ ਸਿੰਘ- *ਪੰਜਾਬ*

੨. ਸ. ਨਰੈਣ ਸਿੰਘ- *ਅਕਾਲੀ ਮੋਰਚੇ ਤੇ ਝੱਬਰ*

੩. ਸ. ਨਰੈਣ ਸਿੰਘ- *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*

੪. ਪ੍ਰੋ. ਸ਼ੇਰ ਸਿੰਘ ਸ਼ੇਰ- *ਭਰੋਸੇ ਦਾ ਭਾਂਬੜ ਬਾਲ ਸ਼ਹੀਦ ਦਰਬਾਰਾ ਸਿੰਘ*

੫. ਡਾ. ਰਤਨ ਸਿੰਘ ਜੱਗੀ- *ਸਿੱਖ ਪੰਥ ਵਿਸ਼ਵ ਕੋਸ਼*

੬. ਸ. ਰੂਪ ਸਿੰਘ- *ਸਿੱਖ ਸੰਗਰਾਮ ਦੀ ਦਾਸਤਾਨ*

੭. ਸ. ਅਵਤਾਰ ਸਿੰਘ- *ਮੇਰਾ ਧਰਮ ਮੇਰਾ ਇਤਿਹਾਸ*


■

# ਸਾਕਾ ਨਨਕਾਣਾ ਸਾਹਿਬ ਅਤੇ ਬਾਬਾ ਕਰਤਾਰ ਸਿੰਘ ਬੇਦੀ

*-ਡਾ. ਪਰਮਵੀਰ ਸਿੰਘ**

ਨਨਕਾਣਾ ਸਾਹਿਬ ਦਾ ਸਾਕਾ ਗੁਰਦੁਆਰਾ ਸੁਧਾਰ ਲਹਿਰ ਸਮੇਂ ਸਭ ਤੋਂ ਪਹਿਲਾਂ ਵਾਪਰੀ ਅਤਿ ਦੁਖਦਾਈ ਘਟਨਾ ਸੀ ਜਿਸ ਨੇ ਸਿੱਖਾਂ ਦੇ ਨਾਲ-ਨਾਲ ਮਨੁੱਖਤਾ ਦੀ ਭਾਵਨਾ ਵਿਚ ਵਿਸ਼ਵਾਸ ਰੱਖਣ ਵਾਲੇ ਹਰ ਇਕ ਹਿਰਦੇ ਨੂੰ ਗਹਿਰੀ ਚੋਟ ਪਹੁੰਚਾਈ ਸੀ। ੨੧ ਫਰਵਰੀ, ੧੯੨੧ ਈ. ਨੂੰ ਵਾਪਰੀ ਇਸ ਘਟਨਾ ਦੀ ਖ਼ਬਰ ਲਾਹੌਰ ਤੋਂ ਛਪਦੇ ਪੰਜਾਬੀ ਦੇ ਹਫ਼ਤਾਵਰੀ ਅਖ਼ਬਾਰ 'ਪੰਚ' ਵਿਚ ੨੩ ਫਰਵਰੀ, ੧੯੨੧ ਈ. ਨੂੰ ਇਨ੍ਹਾਂ ਸੁਰਖ਼ੀਆਂ ਨਾਲ ਪਾਠਕਾਂ ਤਕ ਪੁੱਜੀ:-

ਦੋ ਸੌ ਸਿੰਘ ਸ਼ਹੀਦ ਹੋ ਗਿਆ: ਛੱਵੀਆਂ ਨਾਲ ਵੱਢੇ ਗਏ, ਤੇਲ ਦੇ ਪੀਪੇ ਪਾ ਕੇ ਸਾੜੇ ਗਏ, ਸ੍ਰੀ ਨਨਕਾਣੇ ਸਾਹਿਬ ਵਿਚ ਕੈਹਰ, ਗਜ਼ਬ, ਜ਼ੁਲਮ, ਪਾਪ, ਜ਼ਾਲਮ, ਪਾਪੀ, ਗੁੰਡੇ, ਲੁੱਚੇ ਮਹੰਤ ਨੇ ਜ਼ੁਲਮ ਤੇ ਪਾਪ ਦੀ ਹੱਦ ਕਰ ਦਿਤੀ।[੧]

ਨਨਕਾਣਾ ਸਾਹਿਬ ਦੀ ਇਸ ਘਟਨਾ ਨੇ ਗੁਰਧਾਮਾਂ ਦੇ ਪ੍ਰਬੰਧ ਵਿਚ ਅੰਗਰੇਜ਼ ਸਰਕਾਰ ਦੀ ਦਖ਼ਲ-ਅੰਦਾਜ਼ੀ ਅਤੇ ਉਨ੍ਹਾਂ ਦੁਆਰਾ ਮਹੰਤਾਂ ਨੂੰ ਸ਼ਹਿ ਦੇਣ ਦੀ ਨੀਤੀ ਨੂੰ ਜੱਗ-ਜਾਹਰ ਕਰ ਦਿੱਤਾ ਸੀ। ਇਸ ਘਟਨਾ ਉਪਰੰਤ ਮਹੰਤ ਨਰੈਣ ਦਾਸ ਦਾ ਕਿਰਦਾਰ, ਇਸ ਦੇ ਸਰਕਾਰ ਨਾਲ ਸੰਬੰਧ, ਇਲਾਕੇ ਵਿਚ ਇਸ ਦਾ ਪ੍ਰਭਾਵ ਅਤੇ ਉੱਘੇ ਸਿੱਖ ਘਰਾਣਿਆਂ ਨਾਲ ਇਸ ਦੀ ਨੇੜਤਾ ਵੀ ਉਜਾਗਰ ਹੋਣ ਲੱਗੀ ਸੀ। ਮਹੰਤ ਨਰੈਣ ਦਾਸ ਨਾਲ ਸੰਬੰਧਿਤ ਬਹੁਤ ਸਾਰੀਆਂ ਘਟਨਾਵਾਂ ਅਖ਼ਬਾਰਾਂ ਦੀਆਂ ਸੁਰਖੀਆਂ ਅਤੇ ਆਮ ਲੋਕਾਂ ਦੀ ਚਰਚਾ ਦਾ ਵਿਸ਼ਾ ਬਣਨ ਲੱਗੀਆਂ ਸਨ। ਜਿਉਂ-ਜਿਉਂ ਨਵੇਂ ਤੱਥ ਸਾਹਮਣੇ ਆ ਰਹੇ ਸਨ, ਮਹੰਤ ਦੇ ਜੀਵਨ ਦੀਆਂ ਪਰਤਾਂ ਖੁੱਲ੍ਹਦੀਆਂ ਜਾ ਰਹੀਆਂ ਸਨ। ਤੱਥਾਂ ਅਤੇ ਘਟਨਾਵਾਂ ਦੇ ਸੁਮੇਲ ਵਿੱਚੋਂ ਹੀ ਮਹੰਤ ਦੇ ਬਾਬਾ (ਬਾਵਾ) ਕਰਤਾਰ ਸਿੰਘ ਬੇਦੀ ਨਾਲ ਸੰਬੰਧਾਂ ਦੀ ਚਰਚਾ ਸਾਹਮਣੇ ਆਈ ਤਾਂ ਹਰ ਇਕ ਸਿੱਖ ਦਾ ਧਿਆਨ ਇਸ ਦਿਸ਼ਾ ਵੱਲ ਕੇਂਦਰਿਤ ਹੋ ਗਿਆ। ਇਸ ਦਾ ਵੱਡਾ ਕਾਰਨ ਇਹ ਸੀ ਕਿ ਬਾਬਾ ਕਰਤਾਰ ਸਿੰਘ ਬੇਦੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਿੰਦੀ ਸੰਤਾਨ ਵਿੱਚੋਂ ਸਨ ਅਤੇ ਇਸ ਪਰਵਾਰ ਦਾ ਸਿੱਖਾਂ ਵਿਚ ਵਿਸ਼ੇਸ਼ ਸਥਾਨ ਅਤੇ ਸਤਿਕਾਰ ਸੀ। ਗੁਰੂ-ਅੰਸ਼ ਹੋਣ ਕਰਕੇ ਹਰ ਇਕ ਸਿੱਖ ਸਰਦਾਰ, ਰਾਜਾ, ਮਹਾਰਾਜਾ ਇਨ੍ਹਾਂ ਦਾ ਵਿਸ਼ੇਸ਼ ਸਤਿਕਾਰ ਕਰਦਾ ਸੀ। ਇਸੇ ਖ਼ਾਨਦਾਨ ਵਿੱਚੋਂ ਬਾਬਾ ਸਾਹਿਬ ਸਿੰਘ ਬੇਦੀ ਨੇ ਆਪਣੇ ਜੀਵਨ ਵਿਚ ਜੁਝਾਰੂ ਕੀਰਤੀਮਾਨ ਸਥਾਪਿਤ ਕਰਨ ਦੇ ਨਾਲ-ਨਾਲ ਸਿੱਖੀ ਪ੍ਰਚਾਰ-ਪ੍ਰਸਾਰ ਦੀ ਬਹੁਤ ਸੇਵਾ ਕੀਤੀ ਸੀ।

**ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨*

ਬਾਬਾ ਸਾਹਿਬ ਸਿੰਘ ਬੇਦੀ ਦੇ ਘਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੧੩ਵੇਂ ਵੰਸ਼ਜ ਬਾਬਾ ਖੇਮ ਸਿੰਘ ਬੇਦੀ ਦਾ ਜਨਮ ਹੋਇਆ। ਮੌਜੂਦਾ ਪਾਕਿਸਤਾਨ ਦੇ ਰਾਵਲਪਿੰਡੀ ਜ਼ਿਲ੍ਹੇ ਵਿਚ ਪੈਂਦੇ ਪਿੰਡ ਕੱਲਰ ਵਿਖੇ ਇਨ੍ਹਾਂ ਦੀ ਰਿਆਸਤ ਸੀ। ਅੰਗਰੇਜ਼ ਸਰਕਾਰ ਦੀ ਸਹਾਇਤਾ ਕਰਨ ਕਰਕੇ ਇਨ੍ਹਾਂ ਨੂੰ ਸਰਕਾਰ ਵੱਲੋਂ ਜਗੀਰ ਪ੍ਰਦਾਨ ਕੀਤੀ ਗਈ ਸੀ ਪਰ ਜਦੋਂ ਅੰਗਰੇਜ਼ ਮਿਸ਼ਨਰੀਆਂ ਦਾ ਪੰਜਾਬ ਵਿਚ ਪ੍ਰਭਾਵ ਵੱਧਣ ਲੱਗਿਆ ਅਤੇ ਸਿੱਖ ਬੱਚੇ ਈਸਾਈ ਧਰਮ ਵੱਲ ਰੁਚਿਤ ਹੋਣ ਲੱਗੇ ਤਾਂ ਇਨ੍ਹਾਂ ਨੇ ਸਿੰਘ ਸਭਾ ਲਹਿਰ ਦੀ ਸਥਾਪਨਾ ਕਰ ਦਿੱਤੀ। ਇਸ ਲਹਿਰ ਅਧੀਨ ਜਿਹੜੀਆਂ ਸਿੰਘ ਸਭਾਵਾਂ ਕਾਇਮ ਹੋਈਆਂ ਉਨ੍ਹਾਂ ਵਿੱਚੋਂ ਸਭ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਦੀ ਸਿੰਘ ਸਭਾ ਸੀ ਜਿਸ ਦੀ ਪ੍ਰਧਾਨਗੀ ਬਾਬਾ ਖੇਮ ਸਿੰਘ ਬੇਦੀ ਨੂੰ ਸੌਂਪੀ ਗਈ ਸੀ। ਭਾਵੇਂ ਕਿ ਸਿੰਘ ਸਭਾ ਦਾ ਮੁੱਖ ਕਾਰਜ ਸਿੱਖਾਂ ਅੰਦਰ ਧਰਮ ਦੀ ਜਾਗ੍ਰਿਤੀ ਪੈਦਾ ਕਰਨਾ ਸੀ ਪਰ ਇਨ੍ਹਾਂ ਨੇ ਕਿਤੇ ਵੀ ਅੰਗਰੇਜ਼ ਸਰਕਾਰ ਦਾ ਵਿਰੋਧ ਨਹੀਂ ਕੀਤਾ ਸੀ ਬਲਕਿ ਇਹ ਸਮੂਹ ਕਾਰਜ ਸਰਕਾਰ ਦੀ ਸਰਪ੍ਰਸਤੀ ਅਧੀਨ ਹੀ ਕਰ ਰਹੇ ਸਨ।

੧੮੮੨ ਈ. ਵਿਚ ਬਾਬਾ ਖੇਮ ਸਿੰਘ ਬੇਦੀ ਅਤੇ ਬੀਬੀ ਕਰਤਾਰ ਦੇਵੀ ਦੇ ਘਰ (ਬਾਬਾ) ਕਰਤਾਰ ਸਿੰਘ ਬੇਦੀ ਦਾ ਜਨਮ ਹੋਇਆ। ਇਹ ਵੀ ਆਪਣੇ ਪਿਤਾ-ਪੁਰਖੀ ਪ੍ਰਭਾਵ ਅਧੀਨ ਅੰਗਰੇਜ਼ ਸਰਕਾਰ ਦੇ ਵਫ਼ਾਦਾਰ ਰਹੇ ਪਰ ਨਾਲ ਹੀ ਸਿੱਖ ਧਰਮ ਪ੍ਰਤਿ ਵੀ ਸ਼ਰਧਾ-ਭਾਵਨਾ ਰੱਖਦੇ ਸਨ। ਗੁਰਧਾਮਾਂ ਦਾ ਪ੍ਰਬੰਧ ਮਹੰਤਾਂ ਕੋਲ ਸੀ ਜਿਨ੍ਹਾਂ ਨੂੰ ਸਰਕਾਰੀ ਸ਼ਹਿ ਪ੍ਰਾਪਤ ਸੀ। ਗੁਰਧਾਮਾਂ ਦੇ ਪ੍ਰਬੰਧਕ ਹੋਣ ਕਰਕੇ ਹੀ ਬਾਬਾ ਕਰਤਾਰ ਸਿੰਘ ਬੇਦੀ ਦੇ ਮਹੰਤਾਂ ਨਾਲ ਗੂੜ੍ਹੇ ਸੰਬੰਧ ਬਣ ਗਏ ਸਨ। ਅੰਗਰੇਜ਼ ਸਰਕਾਰ ਦੀ ਇਨ੍ਹਾਂ ਨੂੰ ਵੀ ਸਰਪ੍ਰਸਤੀ ਹਾਸਲ ਸੀ ਜਿਸ ਕਰਕੇ ੭ ਫਰਵਰੀ, ੧੯੧੪ ਈ. ਨੂੰ ਇਨ੍ਹਾਂ ਨੂੰ ਸਰਕਾਰ ਨੇ ਆਨਰੇਰੀ ਲੈਫਟੀਨੈਂਟ ਦਾ ਪਦ ਪ੍ਰਦਾਨ ਕਰ ਦਿੱਤਾ ਸੀ।[2]

ਅੰਗਰੇਜ਼ ਸਰਕਾਰ ਦੀ ਸਰਪ੍ਰਸਤੀ ਅਧੀਨ ਕਾਰਜ ਕਰਨ ਅਤੇ ਮਹੰਤਾਂ ਨਾਲ ਸੰਬੰਧ ਰੱਖਣ ਕਰਕੇ ਇਨ੍ਹਾਂ ਨੂੰ ਸਿੱਖਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਗੁਰਧਾਮਾਂ ਵਿਖੇ ਮਹੰਤਾਂ ਦੁਆਰਾ ਜਿਹੜੇ ਗ਼ੈਰ-ਮਰਯਾਦਿਤ ਅਤੇ ਦੁਰਚਾਰੀ ਕਾਰਜ ਕੀਤੇ ਜਾ ਰਹੇ ਸਨ ਸਿੱਖ ਉਨ੍ਹਾਂ ਦਾ ਭਾਰੀ ਵਿਰੋਧ ਕਰਨ ਲੱਗੇ ਸਨ। ਸਿੱਖਾਂ ਵਿਚ ਇਹ ਜਾਗ੍ਰਿਤੀ ਵੀ ਜ਼ੋਰ ਫੜਨ ਲੱਗੀ ਸੀ ਕਿ ਗੁਰਧਾਮਾਂ ਦਾ ਪ੍ਰਬੰਧ ਪੰਥ ਦੁਆਰਾ ਚੁਣੀ ਹੋਈ ਕਮੇਟੀ ਅਧੀਨ ਹੋਣਾ ਚਾਹੀਦਾ ਹੈ ਤਾਂ ਕਿ ਮਹੰਤਾਂ ਤੋਂ ਛੁਟਕਾਰਾ ਪਾਇਆ ਜਾ ਸਕੇ। ਸਿੱਖਾਂ ਦੇ ਮਨ ਵਿਚ ਮਹੰਤਾਂ ਪ੍ਰਤਿ ਦਿਨੋਂ-ਦਿਨ ਰੋਸ ਵੱਧਦਾ ਜਾ ਰਿਹਾ ਸੀ ਅਤੇ ਜਿਹੜਾ ਵੀ ਵਿਅਕਤੀ ਜਾਂ ਹਸਤੀ ਮਹੰਤਾਂ ਨਾਲ ਸੰਬੰਧ ਰੱਖਦਾ ਸੀ, ਉਸ ਦਾ ਤਿੱਖਾ ਵਿਰੋਧ ਹੋਣ ਲੱਗਿਆ ਸੀ। ਜਿਹੜਾ ਵੀ ਸ਼ਖ਼ਸ ਮਹੰਤਾਂ ਦਾ ਪੱਖ ਪੂਰਨ ਜਾਂ ਉਨ੍ਹਾਂ ਦੀ ਹਮਾਇਤ ਕਰਨ ਦਾ ਯਤਨ ਕਰਦਾ ਸੀ, ਉਹ ਸਿੱਖਾਂ ਨੂੰ ਅੱਖ ਵਿਚ ਕੱਖ ਵਾਂਗ ਰੜਕਣ ਲੱਗਿਆ ਸੀ। ਇਸ ਦ੍ਰਿਸ਼ਟੀ ਤੋਂ ਬਾਬਾ ਕਰਤਾਰ ਸਿੰਘ

ਬੇਦੀ ਦੇ ਵਿਰੋਧ ਦੇ ਚਰਚੇ ਦਿਨੋਂ-ਦਿਨ ਵੱਧਣ ਲੱਗੇ:

ਜ਼ਾਤੀ ਲੋੜਾਂ ਦੇ ਗੁਲਾਮ ਮਹੰਤਾਂ ਦੀ ਲੀਡਰੀ ਦਾ ਝੰਡਾ ਹਥ ਵਿਚ ਫੜ ਕੇ ਬਾਵਾ ਕਰਤਾਰ ਸਿੰਘ ਜੀ ਮਿੰਟਗੁਮਰੀ ਵਾਲੇ ਕੁਛ ਦਿਨਾਂ ਤੋਂ ਸਿੱਖ ਕੌਮ ਦੇ ਸਾਮਨੇ ਮੁਕਾਬਲੇ ਦੇ ਮੈਦਾਨ ਵਿਚ ਉਤਰੇ ਹੋਏ ਹਨ, ਕਮਿਸ਼ਨਰ ਕਿੰਗ ਦੇ ਦਰਵਾਜ਼ੇ 'ਤੇ ਪੁਜਨ ਵਾਲੇ ਮਹੰਤਾਂ ਦੇ ਜਥੇ ਦੇ ਆਪ ਲੀਡਰ ਸਨ ਅਤੇ ਆਪ ਦੇ ਜਤਨ ਨਾਲ ਹੀ ਕਮਿਸ਼ਨਰ ਕਿੰਗ ਨੇ ਸਿੱਖਾਂ ਦੇ ਵਿਰੁੱਧ ਮਹੰਤਾਂ ਨੂੰ ਇਕ ਫ਼ਜ਼ੂਲ ਤੇ ਨਿਕੰਮੀ ਜੈਹੀ ਚਿੱਠੀ ਦਿੱਤੀ ਜਿਸ ਦੀ ਸਿੱਖਾਂ ਨੇ ਕੱਖ ਭਰ ਵੀ ਪਰਵਾਹ ਨਹੀਂ ਕੀਤੀ ਅਤੇ ਨਾ ਹੀ ਕਰਨ ਲਈ ਤਿਆਰ ਹਨ। ਹੁਣ ਇਸ ਬਾਵਾ ਜੀ ਨੇ ਲਾਹੌਰ ਵਿਚ ਆਪਣੀ ਕੋਠੀ ਵਿਖੇ ਜਾਂ ਕਿਸੇ ਦੂਸਰੀ ਥਾਂ ਮਹੰਤਾਂ ਦੀ ਇਕ ਕਾਨਫਰੰਸ ਦਾ ਉਡੰਬਰ ਰਚਿਆ ਹੈ ਸੋ ਦੇਖੀਏ ਕਿ ਮਹੰਤਾਂ ਨੂੰ ਆਪਣੇ ਸਾਹਮਨੇ ਇਕਤ੍ਰ ਕਰਕੇ ਏਹ ਬਾਵਾ ਕੇਹੜਾ ਮੈਦਾਨ ਮਾਰ ਲੈਂਦਾ ਹੈ? ਅਸਲ ਵਿਚ ਮਹੰਤਾਂ ਦੇ ਲੀਡਰ ਬਣਨ ਵਿਚ ਇਸ ਬਾਵੇ ਦਾ ਮਨਤੱਵਯ ਇਸ ਤੋਂ ਸਿਵਾ ਹੋਰ ਕੁਝ ਨਹੀਂ ਹੋ ਸਕਦਾ ਕਿ ਇਸ ਦੇ ਇਕ ਭਰਾ ਨੂੰ ਬੜੇ ਵਡੇ ਤੇ ਉਚੇ ਸਰਕਾਰੀ ਖਿਤਾਬ ਮਿਲੇ ਹੋਏ ਹਨ ਪਰ ਏਹ ਵਿਚਾਰਾ ਖਾਲੀ ਬੈਠਾ ਹੈ, ਸੋ ਹੁਣ ਇਸ ਨੇ ਵਿਚਾਰਿਆ ਹੋਵੇਗਾ ਕਿ ਚਲੋ ਮਹੰਤਾਂ ਦੇ ਲੀਡਰ ਬਣਕੇ ਹੀ ਸਰਕਾਰੀ ਹਲਕੇ ਵਿਚ ਕੁਛ ਅਸਰ ਪੈਦਾ ਕਰੀਏ, ਜਿਸ ਨਾਲ ਕੋਈ ਖਿਤਾਬ ਹੀ ਮਿਲ ਜਾਵੇ।[੩]

ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਬਾਬਾ ਕਰਤਾਰ ਸਿੰਘ ਬੇਦੀ ਬਾਰੇ ਸਿੱਖਾਂ ਦੇ ਮਨ ਵਿਚ ਪੈਦਾ ਹੋਈ ਕੁੜੱਤਣ ਬਾਰੇ ਲਿਖਦਾ ਹੈ:

ਇਹ ਕਰਤਾਰ ਸਿੰਘ ਭੀ ਪੁੱਤ ਖੇਮ ਸਿੰਘ ਦਾ
ਇਹ ਤਾਂ ਪੰਥ ਘਾਤੀ ਵੱਡਾ ਜਾਨ ਹੋਯਾ।
ਆਗੂ ਬਣ ਮਹੰਤਾਂ ਦਾ ਝੱਟ ਗਿਆ
ਤਿਆਰ ਪੰਥ ਸੋਂ ਯੁੱਧ ਮਚਾਨ ਹੋਯਾ।
ਸੰਤ ਸੇਵਕ ਅਖਬਾਰ ਕਢਾਈ ਏਸੇ
ਗੁਰ ਨਿੰਦਕਾਂ ਦਾ ਮੋਹਰੀ ਠਾਨ ਹੋਯਾ।
ਡਿੱਠਾ ਪੰਥ ਦਾ ਜਦੋਂ ਅਕਬਾਲ ਵਧਦਾ
ਸੂਲ ਓਸਦੇ ਦਿਲ ਮਹਾਨ ਹੋਯਾ।
ਮਿਸਟਰ ਕਿੰਗ ਨੂੰ ਜਾ ਲਾਹੌਰ ਮਿਲਯਾ
ਭੇਦ ਪੰਥ ਦਾ ਫੋਲ ਫੁਲਾਨ ਹੋਯਾ।
ਗੱਲਾਂ ਕੀਤੀਆਂ ਗੁਪਤ ਕਰਤਾਰ ਸਿੰਘਾ
ਜਾਣੇ ਵਾਹਿਗੁਰੂ ਕੀਹ ਬਿਆਨ ਹੋਯਾ।[੪]

੧੫ ਨਵੰਬਰ, ੧੯੨੦ ਈ. ਨੂੰ ਗੁਰਧਾਮਾਂ ਦਾ ਪ੍ਰਬੰਧ ਕਰਨ ਲਈ ਸਾਹਮਣੇ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਮੁਢਲਾ ਨਾਂ ਗੁਰਦੁਆਰਾ ਸੈਂਟਰਲ

ਬੋਰਡ) ਨੇ ਸਮੂਹ ਗੁਰਧਾਮਾਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣਾ ਅਰੰਭ ਕਰ ਦਿੱਤਾ ਸੀ। ਇਸ ਸੰਬੰਧੀ ਸਿੱਖਾਂ ਦਾ ਧਿਆਨ ਨਨਕਾਣਾ ਸਾਹਿਬ 'ਤੇ ਵੀ ਟਿਕਿਆ ਹੋਇਆ ਸੀ ਜਿਸ ਦੇ ਮਹੰਤ ਨਰੈਣ ਦਾਸ ਦੀਆਂ ਕਰਤੂਤਾਂ ਤੋਂ ਸਿੱਖ ਬਹੁਤ ਸ਼ਰਮਸਾਰ ਅਤੇ ਦੁਖੀ ਹੋ ਰਹੇ ਸਨ। ਮਹੰਤ 'ਤੇ ਜਿਹੜੇ ਵੀ ਦੋਸ਼ ਲਗਾਏ ਜਾ ਰਹੇ ਸਨ, ਅਖ਼ਬਾਰਾਂ ਰਾਹੀਂ ਮਹੰਤਾਂ ਦੇ ਸਾਥੀਆਂ ਜਾਂ ਚੇਲਿਆਂ ਦਾ ਵਿਸਤ੍ਰਿਤ ਸਪੱਸ਼ਟੀਕਰਨ ਵੀ ਸਮਕਾਲੀ ਅਖ਼ਬਾਰਾਂ ਵਿਚ ਦੇਖਣ ਨੂੰ ਮਿਲਦਾ ਹੈ ਪਰ ਜਿਹੜੀ ਅਸਲੀਅਤ ਸਿੱਖ ਅੱਖਾਂ ਨਾਲ ਦੇਖ ਰਹੇ ਸਨ ਉਹ ਅਖ਼ਬਾਰੀ ਸਪੱਸ਼ਟੀਕਰਨਾਂ ਨਾਲ ਧੁੰਦਲੀ ਨਹੀਂ ਹੋ ਰਹੀ ਸੀ। ਨਨਕਾਣਾ ਸਾਹਿਬ ਦਾ ਪ੍ਰਬੰਧ ਕੌਮੀ ਹੱਥਾਂ ਵਿਚ ਲੈਣ ਲਈ ਸਿੱਖਾਂ ਦਾ ਦਿਨੋਂ-ਦਿਨ ਜੋਸ਼ ਵੱਧਦਾ ਜਾ ਰਿਹਾ ਸੀ। ਨਨਕਾਣਾ ਸਾਹਿਬ ਦਾ ਪ੍ਰਬੰਧ ਲੈਣ ਲਈ ਭਾਈ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਵਿਚ ਇਕ ਜਥਾ ਨਨਕਾਣਾ ਸਾਹਿਬ ਵਿਖੇ ਪੁੱਜ ਗਿਆ। ਮਹੰਤ ਨੇ ਇਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੀ ਵਿਚਾਰ-ਚਰਚਾ ਕਰਨ ਦੀ ਬਜਾਇ ਆਪਣੇ ਭਾੜੇ ਦੇ ਬੰਦਿਆਂ ਰਾਹੀਂ ਇਨ੍ਹਾਂ 'ਤੇ ਹਮਲਾ ਕਰ ਦਿੱਤਾ। ਜਿਹੜੇ ਵੀ ਸਿੱਖ ਗੁਰਦੁਆਰਾ ਸਾਹਿਬ ਦੀ ਚਾਰਦੀਵਾਰੀ ਵਿਚ ਦਾਖ਼ਲ ਹੋ ਗਏ, ਸਭ ਸ਼ਹੀਦ ਕਰ ਦਿੱਤੇ ਗਏ। ਜਦੋਂ ਅਖ਼ਬਾਰਾਂ ਵਿਚ ਇਸ ਘਟਨਾ ਦਾ ਵਖਿਆਨ ਸਾਹਮਣੇ ਆਇਆ ਤਾਂ ਉਸ ਵਿਚ ਬਾਬਾ ਕਰਤਾਰ ਸਿੰਘ ਬੇਦੀ ਦਾ ਨਾਂ ਵੀ ਸ਼ਾਮਲ ਸੀ ਜਿਸ 'ਤੇ ਮਹੰਤ ਦੀ ਸਹਾਇਤਾ ਦਾ ਗੰਭੀਰ ਦੋਸ਼ ਲਾਉਂਦੇ ਹੋਏ ਕਿਹਾ ਗਿਆ:-

ਦੁਸ਼ਟ ਤੇ ਪਾਪੀ ਨਰੈਣਾ ਇਸ ਪਵਿਤ੍ਰ ਧਰਤੀ ਨੂੰ ਸਿੱਖਾਂ ਦੇ ਖ਼ੂਨ ਨਾਲ ਰੰਗਨ ਲਈ ਕਈ ਮਹੀਨਿਆਂ ਤੋਂ ਤਿਆਰੀਆਂ ਕਰ ਰਿਹਾ ਸੀ, ਸ੍ਰੀ ਮਾਨ ਬਾਵਾ ਖੇਮ ਸਿੰਘ ਜੀ ਬੇਦੀ ਦਾ ਪੁਤ੍ਰ ਕਰਤਾਰ (ਸਿੰਹੁ) ਬਦਜ਼ਾਤ ਤੇ ਲੁੱਚੇ ਨਰੈਣੂ ਨੂੰ ਸਿੱਖਾਂ ਦਾ ਖ਼ੂਨ ਕਰਨ ਲਈ ਹਰ ਤਰ੍ਹਾਂ ਦੀ ਮਦਦ ਦੇ ਰਿਹਾ ਸੀ, ਮਾਝੇ ਤੇ ਬਾਰ ਦੇ ਕਈ ਡਾਕੂ, ਸਰਹਦ ਦੇ ਬਹੁਤ ਸਾਰੇ ਬਦਮਾਸ਼, ਇਲਾਕੇ ਦੇ ਵੈਲਦਾਰ ਤੇ ਲੁੱਚੇ ਆਦਕਾਂ ਨੂੰ ਸੈਂਕੜੇ ਰੁਪਯਾਂ ਦੀ ਸ਼ਰਾਬ ਤੇ ਹਜ਼ਾਰਾਂ ਰੁਪੈ ਨਕਦ ਖਰਚ ਕਰ ਕੇ ਕਈ ਮਹੀਨਿਆਂ ਤੋਂ ਅਸਥਾਨ ਦੇ ਲਾਗੇ ਚਾਗੇ ਰੱਖੇ ਹੋਏ ਸਨ।[੫]

ਮਹੰਤ ਨਰੈਣ ਦਾਸ ਅਤੇ ਬਾਬਾ ਕਰਤਾਰ ਸਿੰਘ ਬੇਦੀ ਦੇ ਸੰਬੰਧਾਂ ਦੀਆਂ ਪਰਤਾਂ ਖੋਲਦੇ ਹੋਏ ਦੱਸਿਆ ਕਿ ਲਾਹੌਰ ਵਿਖੇ ੧੯-੨੦ ਫਰਵਰੀ ਨੂੰ ਇਕ ਸਨਾਤਨ ਕਾਨਫਰੰਸ ਦਾ ਆਯੋਜਨ ਕੀਤਾ ਜਾਣਾ ਸੀ ਜਿਸ ਦੀ ਜ਼ਿੰਮੇਵਾਰੀ ਬਾਬਾ ਜੀ ਅਤੇ ਇਨ੍ਹਾਂ ਦੇ ਸਾਥੀਆਂ ਦੀ ਸੀ ਜਿਨ੍ਹਾਂ ਵਿਚ ਬਾਵਾ ਹਰਦਿੱਤ ਸਿੰਘ, ਬਾਵਾ ਅਵਤਾਰ ਸਿੰਘ, ਉਜਾਗਰ ਸਿੰਘ ਤੇ ਟਿੱਕਾ ਹਰਬੰਸ ਸਿੰਘ ਸ਼ਾਮਲ ਸਨ। ਬਾਬਾ ਕਰਤਾਰ ਸਿੰਘ ਬੇਦੀ ਰੀਸੈਪਸ਼ਨ ਕਮੇਟੀ ਦਾ ਪ੍ਰਧਾਨ ਤੇ ਟਿੱਕਾ ਜਸਵੰਤ ਸਿੰਘ ਸਕੱਤਰ ਸੀ। ਕਾਨਫਰੰਸ ਦਾ ਸਾਰਾ ਖਰਚ ਮਹੰਤ ਨਰੈਣ ਦਾਸ ਤੇ ਕ੍ਰਿਪਾ ਰਾਮ ਨੇ ਦੇਣਾ ਕੀਤਾ ਸੀ। ਇਸ ਕਾਨਫ਼ਰੰਸ ਵਿਚ ਵੱਡੀ ਗਿਣਤੀ ਮਹੰਤਾਂ, ਜਾਗੀਰਦਾਰਾਂ ਅਤੇ ਸਰਦਾਰਾਂ ਨੇ ਸ਼ਾਮਲ ਹੋਣਾ ਸੀ।

ਮਹੰਤ ਨਰੈਣ ਦਾਸ ਵੀ ਇਸ ਕਾਨਫ਼ਰੰਸ ਵਿਚ ਸ਼ਾਮਲ ਹੋਣ ਲਈ ਚੱਲ ਪਿਆ ਸੀ ਪਰ ਜਦੋਂ ਉਸ ਨੂੰ ਸਿੱਖ ਜਥਿਆਂ ਦੇ ਨਨਕਾਣਾ ਸਾਹਿਬ ਪੁੱਜਣ ਦੀ ਖ਼ਬਰ ਮਿਲੀ ਤਾਂ ਵਾਪਸ ਆ ਗਿਆ ਅਤੇ ਛੇਤੀ ਨਾਲ ਆਪਣੇ ਬੰਦੇ ਇਕੱਠੇ ਕੀਤੇ ਜਿਨ੍ਹਾਂ ਵਿਚ ਬਾਬਾ ਕਰਤਾਰ ਸਿੰਘ ਦੀਆਂ ਜ਼ਮੀਨਾਂ ਵਾਹੁਣ ਵਾਲੇ ਵੀ ਸ਼ਾਮਲ ਸਨ। ਸਿੱਧੇ ਜਾਂ ਅਸਿੱਧੇ ਤੌਰ 'ਤੇ ਬਾਬਾ ਕਰਤਾਰ ਸਿੰਘ ਬੇਦੀ ਦੁਆਰਾ ਮਹੰਤ ਦੀ ਸਹਾਇਤਾ ਦੀਆਂ ਖ਼ਬਰਾਂ ਸਾਹਮਣੇ ਆਉਣ ਲੱਗੀਆਂ ਸਨ ਜਿਸ ਦਾ ਹਵਾਲਾ ਅੰਗਰੇਜ਼ ਕਮਿਸ਼ਨਰ ਮਿ. ਕਿੰਗ ਦੁਆਰਾ ਬਾਬਾ ਜੀ ਨੂੰ ਲਿਖੀ ਚਿੱਠੀ ਤੋਂ ਵੀ ਹੋ ਜਾਂਦਾ ਹੈ। ਇਸ ਚਿੱਠੀ ਵਿਚ ਅੰਗਰੇਜ਼ ਅਫ਼ਸਰ ਬਾਬਾ ਜੀ ਨੂੰ ਕਹਿ ਰਿਹਾ ਹੈ ਕਿ ਜਿਹੜਾ ਆਦਮੀ ਕਿਸੇ ਮਹੰਤ ਨੂੰ ਉਸ ਦੇ ਅਧਿਕਾਰ ਵਾਲੇ ਗੁਰਦੁਆਰੇ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰੇਗਾ ਉਹ ਸਜ਼ਾ ਦਾ ਹੱਕਦਾਰ ਹੋਵੇਗਾ। ਜੇਕਰ ਕਿਸੇ ਮਹੰਤ ਨੂੰ ਗੁਰਦੁਆਰੇ ਵਿੱਚੋਂ ਕੱਢੇ ਜਾਣ ਦੀ ਸ਼ੰਕਾ ਹੈ ਤਾਂ ਉਹ ਜ਼ਿਲ੍ਹਾ ਮੈਜਿਸਟਰੇਟ ਕੋਲ ਦਰਖ਼ਾਸਤ ਕਰ ਸਕਦਾ ਹੈ। ਚਿੱਠੀ ਦਾ ਮੂਲ ਭਾਵ ਵੱਖੋ-ਵੱਖਰੇ ਤਰੀਕਿਆਂ ਨਾਲ ਸੰਗਤ ਦੇ ਸਾਹਮਣੇ ਪੇਸ਼ ਕੀਤਾ ਜਾਣ ਲੱਗਿਆ:

ਗੱਲਾਂ ਅਠਾਰਾਂ ਦਸੰਬਰ ਨੂੰ ਕੀਤੀਆਂ ਜੋ ਤੁਸਾਂ
ਬਾਬਤ ਮਹੰਤਾਂ ਦੀ ਆ ਕਰਕੇ।
ਓਹਦੀ ਬਾਬਤ ਮੈਂ ਪੁੱਛਿਆ ਅਫ਼ਸਰਾਂ ਤੋਂ
ਸਾਰੀ ਹਾਲਤ ਫੋਲ ਫੁਲਾ ਕਰਕੇ।
ਕਾਇਮ ਹੱਕ ਮਹੰਤਾਂ ਦਾ ਜਿਸ ਥਾਂ ਤੇ
ਜਬਰਨ ਕੱਢੇ ਕੋਈ ਜ਼ੋਰ ਜਤਾ ਕਰਕੇ।
ਹੱਕਦਾਰ ਓਹ ਹੋਇ ਸਜ਼ਾ ਦਾ ਜੀ
ਗਵਰਮਿੰਟ ਫੜੇ ਜੋੜ ਪਾ ਕਰਕੇ।
ਜਦੋਂ ਕਿਸੇ ਮਹੰਤ ਗੁਰਦਵਾਰੀਏ ਨੂੰ
ਖ਼ਤਰਾ ਹੋਇ ਮਲੂਮ ਦਬਾ ਕਰਕੇ।
ਉਹ ਜ਼ਿਲੇ ਦੇ ਡਿਪਟੀ ਕਮਿਸ਼ਨਰ ਤੋਂ
ਲੈ ਸੱਕਦਾ ਮੱਦਦ ਧਾ ਕਰਕੇ।[੬]

ਇਸ ਚਿੱਠੀ ਦੇ ਹੋਰ ਵੀ ਬਹੁਤ ਸਾਰੇ ਮਹੱਤਵਪੂਰਨ ਪਹਿਲੂ ਹਨ ਜਿਨ੍ਹਾਂ 'ਤੇ ਸਮੇਂ-ਸਮੇਂ ਚਰਚਾ ਹੁੰਦੀ ਰਹੀ ਹੈ। ਕਮਿਸ਼ਨਰ ਦੁਆਰਾ ਬਾਬਾ ਕਰਤਾਰ ਸਿੰਘ ਬੇਦੀ ਨੂੰ ਚਿੱਠੀ ਲਿਖਣਾ ਇਸ ਗੱਲ ਵੱਲ ਸਪੱਸ਼ਟ ਸੰਕੇਤ ਸੀ ਕਿ ਬਾਬਾ ਜੀ ਦੇ ਮਹੰਤਾਂ ਨਾਲ ਬਹੁਤ ਗੂੜ੍ਹੇ ਸੰਬੰਧ ਸਨ ਅਤੇ ਉਹ ਸਰਕਾਰ ਕੋਲ ਮਹੰਤਾਂ ਦੀ ਪੈਰਵਾਈ ਕਰ ਰਹੇ ਸਨ। ਭਾਵੇਂ ਕਿ ਇਸ ਚਿੱਠੀ ਦੇ ਹੋਰ ਪੱਖ ਵੀ ਦੇਖੇ ਜਾਂਦੇ ਰਹੇ ਹਨ ਪਰ ਇਸ ਸੰਬੰਧੀ ਸੋਹਨ ਸਿੰਘ ਜੋਸ਼ ਦੀ ਇਹ ਟਿੱਪਣੀ ਮਹੱਤਵਪੂਰਨ ਹੈ:

ਕਰਤਾਰ ਸਿੰਘ ਬੇਦੀ ਪੰਜਾਬ ਕੌਂਸਲ ਦਾ ਮੈਂਬਰ ਤੇ ਸਰਕਾਰੇ ਦਰਬਾਰੇ ਬੜਾ

ਅਸਰ ਰਸੂਖ ਰੱਖਣ ਵਾਲਾ ਬੰਦਾ ਸੀ, ਇਹ ਬੇਦੀ ਜਾਗੀਰਦਾਰਾਂ ਵਿੱਚੋਂ ਸੀ ਜਿਹੜਾ ਆਪਣੇ ਆਪ ਨੂੰ ਗੁਰੂ ਵੀ ਕਹਾਉਂਦਾ ਸੀ ਅਤੇ ਸਰਕਾਰ ਵੱਲੋਂ ਸਿਰਜੀ ਗਈ ਸ਼ਬਦਾਵਲੀ ਅਨੁਸਾਰ 'ਸਿੱਖਾਂ ਦਾ ਕੁਦਰਤੀ ਲੀਡਰ' ਵੀ ਸੀ। ਉਹ ਮਹੰਤ ਨਰਾਇਣ ਦਾਸ ਦਾ ਮਸ਼ੀਰ (ਸਲਾਹਕਾਰ) ਅਤੇ ਸ਼ਾਦੀ-ਗਮੀ ਦਾ ਭਾਈਵਾਲ ਸੀ ਅਤੇ ਉਸ ਦੇ ਅਫਸਰਾਂ ਨਾਲ ਗੂੜ੍ਹੇ ਰਿਸ਼ਤੇ ਸਨ। ਚਿੱਠੀ ਵਿਚ ਇਨ੍ਹਾਂ ਦੋਹਾਂ ਵਿਚਕਾਰ ਗੱਲਬਾਤ ਦਾ ਹਵਾਲਾ ਤਾਂ ਹੈ ਪਰ ਇਸ ਵਿਚ ਸ਼ੱਕ ਹੈ ਕਿ ਇਨ੍ਹਾਂ ਦੋਹਾਂ ਵਿਚਕਾਰ ਸਿਰਫ਼ ਓਹੋ ਗੱਲਬਾਤ ਹੋਈ ਜਿਹੜੀ ਚਿੱਠੀ ਵਿਚ ਦਰਜ ਹੈ। ਪਤਾ ਨਹੀਂ ਕਿੰਗ ਨੇ ਬੇਦੀ ਨੂੰ ਹੋਰ ਕੀ ਕੁਝ ਆਖਿਆ ਹੋਵੇਗਾ। ਦੋਵੇਂ ਅਕਾਲੀ ਤਹਿਰੀਕ ਦੇ ਦੁਸ਼ਮਣ ਸਨ ਅਤੇ ਮਹੰਤ ਦੇ ਹਿਤਕਾਰੀ। ਇਸ ਲਈ ਇਹ ਸਿੱਟਾ ਕੱਢਣਾ ਗ਼ਲਤ ਨਹੀਂ ਹੋਵੇਗਾ ਕਿ ਕਿੰਗ ਨੇ, ਜ਼ਬਾਨੀ, ਬੇਦੀ ਦੇ ਰਾਹੀਂ ਮਹੰਤ ਨੂੰ ਤਿਆਰੀਆਂ ਦੀ ਸ਼ਹਿ ਤੇ ਹੱਲਾਸ਼ੇਰੀ ਦਿੱਤੀ ਹੋਵੇਗੀ।"[੭]

ਗੁਰਬਖ਼ਸ਼ ਸਿੰਘ ਸ਼ਮਸ਼ੇਰ[੮] ਨੇ ਸ਼ਹੀਦੀ ਜੀਵਨ ਸਿਰਲੇਖ ਅਧੀਨ ਨਨਕਾਣਾ ਸਾਹਿਬ ਵਿਖੇ ਸ਼ਹੀਦ ਹੋਏ ਸਿੰਘਾਂ ਦੀ ਗਾਥਾ ਲਿਖੀ ਹੈ ਜਿਸ ਵਿਚ ਇਹ ਨਨਕਾਣਾ ਸਾਹਿਬ ਦੀ ਘਟਨਾ ਵਿਚ ਬਾਬਾ ਕਰਤਾਰ ਸਿੰਘ ਬੇਦੀ ਦੀ ਸਿੱਧੀ ਸ਼ਮੂਲੀਅਤ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ:

੨੧ ਫਰਵਰੀ ਦੀ ਰਾਤ ਨੂੰ ਨੌਂ ਵਜੇ ਫ਼ਿਟਨ ਨੰਬਰ ੧੪, ਬੰਦ ਗੱਡੀ ਨੰਬਰ ੮੧ ਅਤੇ ਇਕ ਟਾਂਗੇ ਵਿਚ ਪੰਜ ਵੱਡੇ ਬਕਸੇ ਰੁਪਿਆਂ ਅਤੇ ਪੌਂਡਾਂ ਦੇ ਭਰੇ ਹੋਏ ਬਾਵਾ ਹਰੀ ਦਾਸ ਸੱਯਦ ਵਾਲਾ, ਬਾਵਾ ਸੁੰਦਰ ਦਾਸ ਸਿਆਲਕੋਟੀ ਤੇ ਮਹੰਤਣੀ ਲਖਸ਼ਮੀ ਦੇਵੀ ਤਿੰਨੇ ਜਣੇ ਕੋਠੀ ਨੰ: ੨੨ ਵਿਚ ਬਾਵਾ ਕਰਤਾਰ ਸਿੰਘ ਬੇਦੀ ਪਾਸ ਲੈ ਕੇ ਪੁੱਜੇ ਤਾਂ ਇਨ੍ਹਾਂ ਬਕਸਿਆਂ 'ਚੋਂ ਕੱਢ ਕੇ ਤੱਕੜੀ ਨਾਲ ਤੋਲ ਕੇ ਪੰਝੱਤ੍ਰ ਹਜ਼ਾਰ ਰੁਪਿਆ ਉਸ ਨੂੰ ਦੇ ਦਿੱਤਾ। ਰਾਤ ਨੂੰ ਮਹੰਤਣੀ ਤੇ ਦੂਜੇ ਦੋਵੇਂ ਜਣੇ ਬਾਵੇ ਦੀ ਕੋਠੀ ਹੀ ਰਹੇ, ਤੇ ਉਸ ਨੂੰ ਕਿਹਾ ਕਿ ਉਹ ਮਹੰਤਣੀ ਨੂੰ ਆਪਣੇ ਚੱਕਾਂ ਵਿਚ ਲੁੱਕਣ ਵਾਸਤੇ ਪਹੁੰਚਾ ਦੇਵੇ, ਪ੍ਰੰਤੂ ਉਸ ਨੇ ਇਹ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਅਖੀਰ ਇਨ੍ਹਾਂ ਦੋਹਾਂ ਜਣਿਆਂ ਨੇ ਨਿਰਾਸ਼ ਹੋਇਆਂ ਬਾਵੇ ਦੀ ਮੋਟਰ-ਕਾਰ ਲਈ ਤੇ ਰਾਤੋ-ਰਾਤ ਇਸ ਵਿਚ ਮਹੰਤਣੀ ਨੂੰ ਸੁਆਰ ਕਰ ਕੇ ਅਟਾਰੀ ਲੈ ਗਏ ਤੇ ਇੱਥੋਂ ਤਿੰਨੇ ਜਣੇ ਗੱਡੀ ਚੜ੍ਹ ਕੇ ਹਰਦੁਆਰ ਨੂੰ ਚਲੇ ਗਏ। ਮਹੰਤਣੀ ਨੂੰ ਇਥੇ ਛੱਡ ਕੇ ਮੁੜ ਉਹ ਦੋਵੇਂ ਜਣੇ ਵਾਪਿਸ ਆ ਗਏ ਤੇ ਮਹੰਤ ਦੇ ਬਰਖ਼ਿਲਾਫ਼ ਬਣੇ ਗਵਾਹਾਂ ਨੂੰ ਪੰਜ-ਪੰਜ, ਚਾਰ-ਚਾਰ ਹਜ਼ਾਰ ਰੁਪਿਆ ਦੇ ਕੇ ਮੁਕਰਾਉਂਦੇ ਰਹੇ।[੯]

ਬਾਬਾ ਕਰਤਾਰ ਸਿੰਘ ਬੇਦੀ ਦੇ ਮਹੰਤ ਨਰੈਣ ਦਾਸ ਨਾਲ ਸੰਬੰਧਾਂ ਤੋਂ ਸਿੱਖ ਇੰਨੇ ਜ਼ਿਆਦਾ ਭੜਕ ਉਠੇ ਸਨ ਕਿ ਉਨ੍ਹਾਂ ਨੇ ਬਾਬਾ ਜੀ ਦੇ ਸਮਾਜਿਕ ਬਾਈਕਾਟ ਦਾ ਫੈਸਲਾ ਕਰ ਲਿਆ। ਕਿਹਾ ਜਾਂਦਾ ਹੈ ਕਿ ਪੰਥਕ ਰਵਾਇਤਾਂ ਅਨੁਸਾਰ ਜਦੋਂ ਸ਼ਹੀਦਾਂ ਦਾ ਸਸਕਾਰ ਕੀਤਾ ਜਾ ਰਿਹਾ ਸੀ ਤਾਂ ਕੀਰਤਨ ਸੋਹਿਲੇ ਦੇ ਪਾਠ ਤੋਂ ਪਹਿਲਾਂ ਉੱਥੇ

ਹਾਜ਼ਰ ਸੰਗਤ ਨੇ ਜਿਹੜੇ ਗੁਰਮਤੇ ਪਾਸ ਕੀਤੇ ਉਹਨਾਂ ਵਿੱਚੋਂ ਇਕ ਸੀ, "ਬਾਵਾ ਕਰਤਾਰ ਸਿੰਘ ਬੇਦੀ ਨਾਲ, ਨਾ ਮਿਲਵਰਤਨ, ਪੰਥ ਵਿੱਚੋਂ ਛੇਕਣ ਤੇ ਗੁਰੂ-ਤਖ਼ਤਾਂ ਤੋਂ ਅਰਦਾਸਾ ਬੰਦ ਕਰਨ ਦੇ ਵਿਚਾਰ ਪਾਸ ਹੋਏ।"[੧੦] ਨਨਕਾਣਾ ਸਾਹਿਬ ਦੀ ਘਟਨਾ ਤੋਂ ਦੋ ਦਿਨ ਪਿੱਛੋਂ ੨੨ ਫਰਵਰੀ, ੧੯੨੧ ਈ. ਨੂੰ ਲਾਹੌਰ ਵਿਖੇ ਹੋਏ ਸਿੱਖਾਂ ਦੇ ਇਕੱਠ ਵਿਚ ਜਿਹੜੇ ਮਤੇ ਪਾਸ ਕੀਤੇ ਗਏ ਉਨ੍ਹਾਂ ਵਿੱਚੋਂ ਇਕ ਬਾਬਾ ਕਰਤਾਰ ਸਿੰਘ ਬੇਦੀ ਨਾਲ ਸੰਬੰਧਿਤ ਸੀ। ਇਸ ਮਤੇ ਵਿਚ ਕਿਹਾ ਗਿਆ:

ਬਾਵਾ ਖੇਮ ਸਿੰਘ ਦੇ ਪੁਤ੍ਰ ਕਰਤਾਰ (ਸਿਹੁੰ) ਮਿੰਟਗੁਮਰੀ ਵਾਲਾ ਜਲਾਦ ਤੇ ਬਦਜ਼ਾਤ ਮਹੰਤ ਦਾ ਸਭ ਤੋਂ ਵੱਡਾ ਤੇ ਜ਼ਿਆਦਾ ਸਾਥੀ ਅਤੇ ਮਦਦਗਾਰ ਹੈ ਤੇ ਹੁਣ ਤਕ ਮਦਦ ਦੇ ਰਿਹਾ ਹੈ। ਇਸ ਲਈ ਉਸਦਾ ਜਨਾਜ਼ਾ ਅਰਥਾਤ ਬਬਾਣ ਐਤਵਾਰ ਵਾਲੇ ਦਿਨ ਕੱਢਕੇ ਸਾਰੇ ਲਾਹੌਰ ਦੇ ਬਜ਼ਾਰਾਂ ਵਿਚ ਫਿਰਾਯਾ ਜਾਵੇ।[੧੧]

ਬਾਬਾ ਕਰਤਾਰ ਸਿੰਘ ਬੇਦੀ ਨੇ ਇਸ ਘਟਨਾ ਨਾਲ ਆਪਣੇ ਸੰਬੰਧਾਂ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿੱਤਾ। ਆਪਣਾ ਸਪੱਸ਼ਟੀਕਰਨ ਦਿੰਦੇ ਹੋਏ ਇਸ ਨੇ ਇਸ ਅਤਿ ਦੁਖਦਾਈ ਘਟਨਾ 'ਤੇ ਸ਼ੋਕ ਅਤੇ ਅਫਸੋਸ ਪ੍ਰਗਟ ਕਰਦੇ ਹੋਏ ਕਿਹਾ ਕਿ "ਮੈਨੂੰ ਬੜਾ ਸ਼ੋਕ ਹੈ ਕਿ ਸ੍ਰੀ ਨਨਕਾਣਾ ਸਾਹਿਬ ਵਿਚ ਸਾਧੂ ਤੇ ਸਿੱਖ ਮਾਰੇ ਗਏ ਹਨ।"[੧੨] ਇਸ ਦੀ ਸਫ਼ਾਈ ਦਾ ਸਿੱਖਾਂ 'ਤੇ ਕੋਈ ਅਸਰ ਨਾ ਹੋਇਆ ਅਤੇ ਉਹ ਇਸ ਘਟਨਾ ਨੂੰ ਇਸ ਦੀ ਧਾਰਮਿਕ ਅਤੇ ਸਦਾਚਾਰਕ ਮੌਤ ਮੰਨਣ ਲੱਗ ਪਏ ਸਨ। ਸਿੱਖਾਂ ਨੇ ਇਸ ਦਾ ਨਾਂ ਵਿਗਾੜ ਕੇ 'ਕਰਤਾਰੂ ਬੇ-ਦੀਨ' ਰੱਖ ਦਿੱਤਾ। ਸਿੱਖਾਂ ਨੇ ਇਸ ਨੂੰ ਪਿਤਾ-ਪੁਰਖੀ ਵਿਰਾਸਤ ਤੋਂ ਅਲੱਗ ਕਰ ਕੇ ਲਿਖਣਾ ਸ਼ੁਰੂ ਕਰ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੰਸ਼ਜ ਹੋਣ ਦਾ ਜਿਹੜਾ ਮਾਣ ਕਰਦਾ ਸੀ, ਉਹ ਵੀ ਜਾਂਦਾ ਰਿਹਾ। ਸਿੱਖ ਇਸ ਨੂੰ ਨਫ਼ਰਤ ਨਾਲ ਦੇਖਣ ਲੱਗੇ ਸਨ। ਇਸ ਨੇ ਸਿੱਖਾਂ ਪ੍ਰਤਿ ਨਿਸ਼ਠਾ ਪ੍ਰਗਟ ਕਰਨ ਦੀ ਜਿਹੜੀ ਵੀ ਚਾਰਾਜੋਈ ਕੀਤੀ, ਉਸ ਨੂੰ ਰੱਦ ਕਰ ਦਿੱਤਾ ਗਿਆ। ਸਿੱਖਾਂ ਵਿਚ ਆਪਣਾ ਸਨਮਾਨ ਬਹਾਲ ਕਰਾਉਣ ਲਈ ਇਹ ਅਨੇਕਾਂ ਯਤਨ ਕਰਦਾ ਰਿਹਾ ਪਰ ਸਫ਼ਲ ਨਾ ਹੋ ਸਕਿਆ। ਅਖ਼ੀਰ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸ਼ਰਨ ਵਿਚ ਹਾਜ਼ਰ ਹੋ ਗਿਆ। ਇਸ ਨੇ ਸਿੱਖਾਂ ਦੀ ਇਸ ਸਰਬ-ਉੱਚ ਸੰਸਥਾ ਦੇ ਨਾਂ ਇਕ ਪੱਤਰ ਲਿਖਿਆ ਜਿਸ ਵਿਚ ਇਸ ਨੇ ਪੰਥ ਪਾਸੋਂ ਮਾਫ਼ੀ ਮੰਗਣ ਦੀ ਬੇਨਤੀ ਕਰਦੇ ਹੋਏ ਕਿਹਾ:-

ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ਮੈਂ ਅੱਜ ਅਰਜ਼ ਕਰਦਾ ਹਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਨੀਯਤ ਹੋਏ ਪੰਜ ਪਿਆਰੇ ਜੋ ਫੈਸਲਾ ਕਰਨ ਮੈਨੂੰ ਪਰਵਾਨ ਹੋਵੇਗਾ। ਦੂਜਾ ਪੰਥ ਦੀ ਪ੍ਰਤੀਨਿਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਵਿਰੋਧਤਾ ਵਿਚ ਕਦੀ ਖੜਾ ਨਹੀਂ ਹੋਵਾਂਗਾ ਅਤੇ ਹਮੇਸ਼ਾਂ ਪੰਥ ਦੀ ਸ਼ਰਨ ਰਹਾਂਗਾ।[੧੩]

੨੩ ਮਈ, ੧੯੨੪ ਈ. ਦਿਨ ਸ਼ੁੱਕਰਵਾਰ ਨੂੰ ਸਵੇਰੇ ੧੧:੦੦ ਵਜੇ ਤੋਂ ਲੈ ਕੇ

ਸ਼ਾਮ ਦੇ ੪:੦੦ ਵਜੇ ਤਕ ਪੰਜ ਪਿਆਰੇ ਬਾਬਾ ਕਰਤਾਰ ਸਿੰਘ ਬੇਦੀ ਦੀ ਬੇਨਤੀ 'ਤੇ ਵਿਚਾਰ ਕਰਦੇ ਰਹੇ ਅਤੇ ਅਖੀਰ ਇਹ ਫੈਸਲਾ ਸੁਣਾਇਆ ਗਿਆ[੧੪]:

੧. ਪੰਜ ਦਿਨ ਸਵੇਰੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਦੀ ਪੁਲ ਤੇ ਅੰਦਰਲੀ ਛੋਟੀ ਪਰਿਕਰਮਾ ਨੂੰ ਆਪਣੇ ਦੁਪਟੇ ਨਾਲ ਸਾਫ ਕਰਨਾ।

੨. ਪੰਜ ਦਿਨ ਸ੍ਰੀ ਦਰਬਾਰ ਸਾਹਿਬ ਦੀ ਬਾਹਰਲੀ ਵੱਡੀ ਪਰਿਕਰਮਾ ਦੇ ਬਾਹਰ ਜੋੜੇ ਰੱਖਣ ਵਾਲੀਆਂ ਥਾਵਾਂ ਪੁਰ ਜਾ ਕੇ ਸੰਗਤ ਦੇ ਜੋੜੇ ਆਪਣੇ ਸਾਫੇ ਨਾਲ ਸਾਫ ਕਰਨੇ। ਪਹਿਲੇ ਦਿਨ ਘੰਟਾ ਘਰ, ਦੂਜੇ ਦਿਨ ਥੜਾ ਸਾਹਿਬ ਦੇ ਲਾਗੇ ਵਾਲੀ ਥਾਂ ਦੇ ਜੋੜੇ, ਤੀਜੇ ਦਿਨ ਝੂਠਾ ਬਜ਼ਾਰ ਦੇ ਜੋੜੇ, ਚੌਥੇ ਦਿਨ ਚੌੜੀ ਗਲੀ ਵਾਲੇ ਤੇ ਪੰਜਵੇਂ ਦਿਨ ਬਾਬਾ ਸਾਹਿਬ ਵਾਲੀ ਥਾਂ ਦੇ ਜੋੜੇ ਸਾਫ ਕਰਨੇ।

੩. ਸ੍ਰੀ ਅੰਮ੍ਰਿਤਸਰ ਜੀ ਤੋਂ ਨੰਗੇ ਪੈਰੀਂ ਤੁਰ ਕੇ ਸ੍ਰੀ ਨਨਕਾਣਾ ਸਾਹਿਬ ਤਕ ਪੈਦਲ ਜਾਣਾ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਅਖੰਡ ਪਾਠ ਰੱਖਣੇ।

੪. ਸ੍ਰੀ ਨਨਕਾਣਾ ਸਾਹਿਬ ਵਿਚ ਸ਼ਹੀਦ ਹੋਏ ਸ਼ਹੀਦਾਂ ਦੇ ਸ਼ਹੀਦ ਗੰਜ ਲਈ ੧੦ ਹਜਾਰ ਰੁਪਏ ਅਰਦਾਸ ਕਰਾਣਾ।

੫. ਇਹ ਉੱਪਰ ਲਿਖੀਆਂ ਤਨਖਾਹਾਂ ਅਤੇ ਫੈਸਲੇ ਦੇ ਸੁਣਨ ਵੇਲੇ ਸੰਗਤ ਵਿਚ ਮੂੰਹ ਕਾਲਾ ਕਰਕੇ ਖੜੇ ਹੋਣਾਂ ਪਰ ਚੂਕਿ ਬਾਵਾ ਜੀ ਨੇ ਪੰਜਾਂ ਪਿਆਰਿਆਂ ਅੱਗੇ ਸ੍ਰੀ ਗੁਰੂ ਨਾਨਕ ਦਾ ਵਾਸਤਾ ਪਾਇਆ ਹੈ ਇਸ ਕਰਕੇ ਆਪਦੀ ਇਹ ਸਜ਼ਾ ਮਾਫ ਕਰ ਦਿੱਤੀ ਗਈ।

ਬਾਬਾ ਕਰਤਾਰ ਸਿੰਘ ਬੇਦੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਪਿਆਰਿਆਂ ਦੁਆਰਾ ਸੁਣਾਈ ਗਈ ਤਨਖਾਹ ਨੂੰ ਪ੍ਰਵਾਨ ਕਰ ਲਿਆ। ਸੰਗਤ ਨੇ ਵੀ ਜੈਕਾਰਿਆਂ ਦੀ ਗੂੰਜ ਨਾਲ ਇਸ ਫੈਸਲੇ ਦਾ ਮਾਣ ਕੀਤਾ। ਤਨਖਾਹ ਨੂੰ ਪ੍ਰਵਾਨ ਕਰਨ ਤੋਂ ਪਹਿਲਾਂ ਬਾਬਾ ਜੀ ਨੂੰ ਕਿਹਾ ਗਿਆ ਕਿ ਉਹ ਸਮੂਹ ਸਰਕਾਰੀ ਅਹੁਦਿਆਂ ਦਾ ਤਿਆਗ ਕਰ ਦੇਵੇ। ਇਨ੍ਹਾਂ ਵਿਚ ਉਨ੍ਹਾਂ ਦੁਆਰਾ ਲਿਆ ਗਿਆ ਫੌਜੀ ਅਹੁਦਾ ਵੀ ਸ਼ਾਮਲ ਸੀ। ਇਨ੍ਹਾਂ ਨੇ ਪੂਰਨ ਨਿਮਰਤਾ ਸਹਿਤ ਤਨਖਾਹ ਅਰੰਭ ਕਰਨ ਤੋਂ ਪਹਿਲਾਂ ਸਮੂਹ ਸਰਕਾਰੀ ਪਦਵੀਆਂ ਦਾ ਤਿਆਗ ਕਰ ਦਿੱਤਾ ਸੀ। ਇਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਜਿਹੜੀ ਤਨਖਾਹ ਲਗਾਈ ਗਈ ਸੀ, ਉਸ ਦਾ ਵਿਖਿਆਨ ਕਰਦੇ ਹੋਏ ਰੁਚੀ ਰਾਮ ਸਾਹਨੀ ਦੱਸਦਾ ਹੈ:

The first sewa he did at once. Coming out of the Temple, he cleaned the shoes of the worshippers lying on the platform of the Clock Tower with his handkerchief. He did not merely brush them, but took up each pair one after another and

cleaned it with great faith and love. This act of penance created a great impression at the time. It was witnessed by hundreds of men and women.[੧੫]

ਬਾਬਾ ਕਰਤਾਰ ਸਿੰਘ ਬੇਦੀ ਨੇ ਪਹਿਲੀ ਸੇਵਾ ਮੁਕੰਮਲ ਕਰਨ ਉਪਰੰਤ ਦੂਜੀ ਸੇਵਾ ਲਈ ਨਨਕਾਣਾ ਸਾਹਿਬ ਜਾਣ ਦੀ ਤਿਆਰੀ ਕਰ ਲਈ। ੧੯-੨੦ ਅਕਤੂਬਰ, ੧੯੨੪ ਈ. ਨੂੰ ਬਾਬਾ ਜੀ ਨੇ ਨਨਕਾਣਾ ਸਾਹਿਬ ਵੱਲ ਚਾਲੇ ਪਾ ਦਿੱਤੇ। ਅੰਮ੍ਰਿਤਸਰ ਤੋਂ ਨਨਕਾਣਾ ਸਾਹਿਬ ਜਾਣ ਸੰਬੰਧੀ ਬਾਬਾ ਜੀ ਦੀਆਂ ਇੱਕੋ ਅਖ਼ਬਾਰ ਵਿਚ ਇਹ ਤਿੰਨ ਖ਼ਬਰਾਂ ਪ੍ਰਕਾਸ਼ਿਤ ਹੋਈਆਂ[੧੬]:

੧. ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬਾਵਾ ਕਰਤਾਰ ਸਿੰਘ ਬੇਦੀ ਨੂੰ ਨਨਕਾਣੇ ਸਾਹਿਬ ਜੋ 'ਨੰਗੇ-ਪੈਰੀ' ਜਾਣ ਦੀ ਸਜ਼ਾ ਦਿੱਤੀ ਗਈ ਸੀ ਉਹ ਹੁਣ ਅਕਾਲ ਤਖਤ ਸਾਹਿਬ ਨੇ ਮਾਫ ਕਰ ਦਿੱਤੀ ਹੈ। ਆਪ ਜੁੱਤੀ ਪਾ ਕੇ ਪੈਦਲ ਨਨਕਾਣੇ ਸਾਹਿਬ ਜਾ ਸਕਦੇ ਹਨ।
੨. ਬਾਵਾ ਕਰਤਾਰ ਸਿੰਘ ਜੀ ਬੇਦੀ ਪੈਦਲ ਸ੍ਰੀ ਨਨਕਾਣੇ ਸਾਹਿਬ ਵੱਲ ਚਲ ਪਏ ਹਨ। ੨੦ ਅਕਤੂਬਰ ਨੂੰ ਮਨਾਵਾਂ, ੨੧ ਨੂੰ ਬਾਗਬਾਨ ਪੁਰਾ ਤੇ ੨੨-੨੩ ਨੂੰ ਲਾਹੌਰ ਰਹਿਣਗੇ।
੩. ਬਾਬਾ ਜੀ ਆਪਣੇ ਪੈਦਲ ਸਾਥੀਆਂ ਸਮੇਤ ਜਦੋਂ ਪਹਿਲੇ ਪੜਾ ਪੁੱਜ ਕੇ ਰਾਤ ਜਾ ਰਹੇ ਤਾਂ ਸਫਰ ਦੇ ਥਕੇਵੇਂ ਦੇ ਕਾਰਨ ਸਭ ਨੂੰ ਮਾੜਾ-ਮਾੜਾ ਬੁਖਾਰ ਹੋ ਗਿਆ ਪਰ ਬਾਬਾ ਜੀ ਬਚੇ ਰਹੇ।

ਬਾਬਾ ਕਰਤਾਰ ਸਿੰਘ ਬੇਦੀ ਨੇ ਸ੍ਰੀ ਨਨਕਾਣਾ ਸਾਹਿਬ ਦੀ ਪ੍ਰਾਸਚਿਤ ਪੈਦਲ ਯਾਤਰਾ ਅਰੰਭ ਕੀਤੀ ਤਾਂ ਰਾਹ ਵਿਚ ਇਹ ਜਿਸ ਵੀ ਪਿੰਡ ਜਾਂ ਨਗਰ ਵਿਚ ਪੜਾਅ ਕਰਦੇ, ਉੱਥੇ ਦੀਵਾਨ ਲਾਉਂਦੇ ਜਿਸ ਵਿਚ ਸੰਗਤ ਦਾ ਸ਼ਾਮਲ ਹੋਣਾ ਆਮ ਗੱਲ ਹੋ ਗਈ ਸੀ। ਬਾਬਾ ਜੀ ਦੀ ਨਨਕਾਣਾ ਸਾਹਿਬ ਦੀ ਪ੍ਰਾਸਚਿਤ ਯਾਤਰਾ ਦਾ ਵੇਰਵਾ ਅਖ਼ਬਾਰਾਂ ਵਿਚ ਨਿਰੰਤਰ ਛੱਪਦਾ ਰਿਹਾ ਜਿਸ ਵਿਚ ਉਨ੍ਹਾਂ ਦੇ ਮਨ ਵਿਚ ਪੈਦਾ ਹੋਈ ਨਿਮਰਤਾ ਅਤੇ ਸੰਗਤ ਵੱਲੋਂ ਮਿਲ ਰਿਹਾ ਸਤਕਾਰ ਸ਼ਾਮਲ ਸੀ:

ਜਿਧਰੋਂ ਆਪ ਅਪਨੇ ਜਥੇ ਸਮੇਤ ਲੰਘਦੇ ਹਨ, ਸੰਗਤ ਉਨ੍ਹਾਂ ਦੀ ਬੜੀ ਆਉ ਭਗਤ ਕਰਦੀ ਅਰ ਬੜੇ ਪ੍ਰੇਮ ਨਾਲ ਸੇਵਾ ਕਰਦੀ। ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਨੰਗੇ ਪੈਰੀਂ ਜਾਨ ਦੀ ਸ਼ਰਤ ਹਟਾ ਦੇਣ ਤੇ ਵੀ ਬਾਬਾ ਜੀ ਆਪਣੇ ਨਿਮਰ ਸੁਭਾਉ ਨਾਲ ਆਪਨੀ ਸੁਪਤਨੀ ਸਮੇਤ ਪਹਿਲੇ ਦਿਨ ੯ ਮੀਲ ਨੰਗੇ ਪੈਰੀਂ ਗਏ। ਬਾਬਾ ਜੀ ਆਪਨੇ ਹਰ ਇਕ ਪੜਾ ਤੇ ਧਾਰਮਕ ਦੀਵਾਨ ਲਗਾਂਦੇ ਹਨ ਜਿਨ੍ਹਾਂ ਵਿਚ ਸੰਗਤ ਨੂੰ ਧਾਰਮਕ ਉਪਦੇਸ਼ ਹੁੰਦਾ ਹੈ।[੧੭]

ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਮਿਲੀ ਤਨਖਾਹ ਅਨੁਸਾਰ ਨਨਕਾਣਾ ਸਾਹਿਬ ਵਿਖੇ ਆਪਣਾ ਪ੍ਰਾਸਚਿਤ ਪੂਰਾ ਕਰਕੇ ਬਾਬਾ ਜੀ ਨੇ ਵਾਪਸੀ ਸਫ਼ਰ ਕਾਰ ਰਾਹੀਂ ਤੈਅ ਕੀਤਾ। ਜਿਸ ਦਿਨ ਬਾਬਾ ਜੀ ਵਾਪਸ ਅੰਮ੍ਰਿਤਸਰ ਪੁੱਜੇ, ਸ੍ਰੀ ਅਕਾਲ ਤਖਤ ਸਾਹਿਬ

ਸ਼ਾਮ ਦੇ ਦੀਵਾਨ ਵਿਚ ਸਫ਼ਲਤਾ-ਪੂਰਵਕ ਪੂਰਨ ਕੀਤੀ ਤਨਖਾਹ ਦੀ ਇਤਲਾਹ ਕੀਤੀ ਜਿਸ ਦਾ ਵੇਰਵਾ ਇਨ੍ਹਾਂ ਸ਼ਬਦਾਂ ਵਿਚ ਮਿਲਦਾ ਹੈ:

ਬਾਬਾ ਕਰਤਾਰ ਸਿੰਘ ਜੀ ਬੇਦੀ ੧੮ ਨਵੰਬਰ ਸਵੇਰ ਨੂੰ ਮੋਟਰ ਰਾਹੀਂ ਸ੍ਰੀ ਅੰਮ੍ਰਿਤਸਰ ਜੀ ਆਏ। ਸ਼ਾਮ ਨੂੰ ੩:੦੦ ਵਜੇ ਦੇ ਕਰੀਬ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਇਕ ਦੀਵਾਨ ਸਜਿਆ ਜਿਸ ਵਿਚ ਬਾਬਾ ਜੀ ਨੇ ਆਪਣੇ ਆਪ ਨੂੰ ਪੇਸ਼ ਕੀਤਾ ਤੇ ਆਪਨੀ ਤਨਖਾਹ ਨਿਭਾ ਚੁਕਨ ਸੰਬੰਧੀ ਨਿਮਰਤਾ ਭਰਿਆ ਵਖਿਆਨ ਦਿੱਤਾ। ਉਪਰੰਤ ਅਰਦਾਸਾ ਸੋਧ ਕੇ ਦੀਵਾਨ ਦੀ ਸਮਾਪਤੀ ਹੋਈ।[੧੮]

ਪੰਥ ਵਿਚ ਦੁਬਾਰਾ ਸ਼ਾਮਲ ਹੋਣ 'ਤੇ ਬਾਬਾ ਕਰਤਾਰ ਸਿੰਘ ਬੇਦੀ ਨੇ ਆਪਣੀਆਂ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਅਰੰਭ ਕਰ ਦਿੱਤੀਆਂ। ਇਨ੍ਹਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਖ਼ਬਾਰ ਵਿਚ ਇਸ਼ਤਿਹਾਰ ਦਿੱਤਾ[੧੯]:

**ਬਾਬਾ ਜੀ ਦੀ ਸੇਵਾ ਦੀ ਸ਼ਲਾਘਾ**

ਨੰਬਰ ੯੯੯੨ ਅੰਮ੍ਰਿਤਸਰ ਤਾਰੀਖ ੯-੧੧-੨੫

ਸ੍ਰੀ ਮਾਨ ਬਾਬਾ ਕਰਤਾਰ ਸਿੰਘ ਜੀ ਬੇਦੀ

ਪ੍ਰਮ ਕ੍ਰਿਪਾਲੂ ਜੀ!

ਮੈਨੂੰ ਆਪ ਦੀ ਸੇਵਾ ਵਿਚ ਇਹ ਲਿਖਨ ਦੀ ਆਗਿਆ ਹੋਈ ਹੈ ਕਿ ਆਪਨੇ ਜਿਸ ਇਖਲਾਕੀ ਦਲੇਰੀ ਨਾਲ ਗੁਰੂ ਪੰਥ ਦੀ ਸ਼ਰਨ ਲਈ ਹੈ ਅਤੇ ਭਾਰੀ ਨੁਕਸਾਨ ਉਠਾ ਕੇ ਪੰਥ ਅਤੇ ਗੁਰਸਿਖੀ ਨਾਲ ਸਚਾ ਪਰੇਮ ਪਰਗਟ ਕੀਤਾ ਹੈ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਇਸਦੀ ਅਤਿਯੰਤ ਸ਼ਲਾਘਾ ਕਰਦੀ ਅਤੇ ਅਗੋਂ ਨੂੰ ਆਸ ਰੱਖਦੀ ਹੈ ਕਿ ਆਪ ਸਦਾ ਹੀ ਪੰਥ ਸੇਵਾ ਨੂੰ ਆਪਣਾ ਮੁਖ ਮੰਤਵ ਸਮਝਕੇ ਸੇਵਾ ਵਿਚ ਜੁਟੇ ਰਹੋਗੇ।

ਦਾਸ

ਸਕੱਤਰ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਇਸ ਦੇ ਨਾਲ ਹੀ ਇਕ ਹੋਰ ਇਸ਼ਤਿਹਾਰ ਬਾਬਾ ਜੀ ਨੂੰ ਵੋਟਾਂ ਪਾ ਕੇ ਜਿਤਾਉਣ ਲਈ ਛਪਿਆ ਹੋਇਆ ਹੈ।

ਕੌਂਸਲ ਆਫ਼ ਸਟੇਟ ਦੀ ਮੈਂਬਰੀ ਦੀ ਪਰਚੀ

**ਬਾਬਾ ਕਰਤਾਰ ਸਿੰਘ ਜੀ ਬੇਦੀ ਨੂੰ ਪਾਓ**

ਸ੍ਰੀਮਾਨ ਬਾਬਾ ਕਰਤਾਰ ਸਿੰਘ ਜੀ ਦੇ ਸਚੇ ਪੰਥਕ ਪ੍ਰੇਮ ਅਤੇ ਕੁਰਬਾਨੀ ਨੂੰ ਮੁਖ ਰੱਖ ਕੇ ਅਸੀਂ ਕੌਂਸਲ ਦੇ ਵੋਟਰਾਂ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਓਹ ਅਪਨੀ ਪਰਚੀ ਬਾਬਾ ਜੀ ਨੂੰ ਦੇਣ।

ਅਸੀ ਹਾਂ ਆਪ ਦੇ ਦਾਸ

ਅਮਰ ਸਿੰਘ ਝਬਾਲੀਆ, ਕਰਤਾਰ ਸਿੰਘ ਦੀਵਾਨਾ, ਹੀਰਾ ਸਿੰਘ ਦਰਦ, ਬਲਵੰਤ ਸਿੰਘ ਪਟਿਆਲਾ, ਨਰੈਣ ਸਿੰਘ ਫੀਰੋਜ਼ਪੁਰ, ਗੁਰਬਖ਼ਸ਼ ਸਿੰਘ ਨੌਰੰਗ, ਗੁਰਮੁਖ ਸਿੰਘ ਮੁਸਾਫ਼ਰ

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਰਨ ਆਉਣ ਉਪਰੰਤ ਬਾਬਾ ਕਰਤਾਰ ਸਿੰਘ ਬੇਦੀ ਪੰਥ ਵਿਚ ਆਪਣਾ ਸਥਾਨ ਬਣਾਉਣ ਵਿਚ ਸਫ਼ਲ ਰਹੇ। ੧੯੩੦ ਈ. ਤੋਂ ਲੈ ਕੇ ੧੯੫੪ ਈ. ਤਕ ਇਹ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮਹੰਤ ਰਹੇ ਅਤੇ ਪੰਥ ਤੋਂ ਬਹੁਤ ਸਾਰਾ ਸਤਿਕਾਰ ਅਤੇ ਸਹਿਯੋਗ ਪ੍ਰਾਪਤ ਕਰਦੇ ਰਹੇ।

**ਹਵਾਲੇ :**


੧. *ਪੰਚ ਲਾਹੌਰ,* ੨੩ ਫਰਵਰੀ ੧੯੨੧, ਪੰਨਾ ੧.

੨. India Army List, January 1919, vol. I, Army Headquarters, India, p. 111.

੩. *ਪੰਚ ਲਾਹੌਰ,* ੯ ਫਰਵਰੀ ੧੯੨੧, ਪੰਨਾ ੪.

੪. ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, *ਸੁਧਾਰ ਖਾਲਸਾ,* ਪੰਨਾ ੧੪੬.

੫. *ਪੰਚ ਲਾਹੌਰ,* ੨ ਮਾਰਚ ੧੯੨੧, ਪੰਨਾ ੧.

੬. ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, *ਸੁਧਾਰ ਖਾਲਸਾ,* ਪੰਨਾ ੧੪੭.

੭. ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ ੧੧੫.

੮. ਲਗਪਗ ੭ ਸਾਲ ਇਹ *ਫੁਲਵਾੜੀ* ਰਸਾਲੇ ਦੇ ਮੈਨੇਜਰ ਰਹੇ ਅਤੇ ਫਿਰ ਮਾਸਕ ਪੱਤ੍ਰ *ਅੰਮ੍ਰਿਤ,* ਤਰਨਤਾਰਨ ਦੇ ਮੈਨੇਜਿੰਗ ਡਾਇਰੈਕਟਰ ਲੱਗ ਗਏ। *ਸਿੱਖ ਸੇਵਕ,* ਅੰਮ੍ਰਿਤਸਰ, ੩ ਦਸੰਬਰ ੧੯੩੨, ਪੰਨਾ ੨.

੯. ਗੁਰਬਖ਼ਸ਼ ਸਿੰਘ ਸ਼ਮਸ਼ੇਰ ਝੁਬਾਲੀਆ, *ਸ਼ਹੀਦੀ ਜੀਵਨ,* ਪੰਨਾ ੧੩੦.

੧੦. ਗੁਰਬਖ਼ਸ਼ ਸਿੰਘ ਸ਼ਮਸ਼ੇਰ ਝੁਬਾਲੀਆ, *ਸ਼ਹੀਦੀ ਜੀਵਨ,* ਪੰਨਾ ੧੩੬.

੧੧. *ਪੰਚ ਲਾਹੌਰ,* ੨ ਮਾਰਚ ੧੯੨੧, ਪੰਨਾ ੨.

੧੨. *ਪੰਚ ਲਾਹੌਰ,* ੨ ਮਾਰਚ ੧੯੨੧, ਪੰਨਾ ੩.

੧੩. *ਖਾਲਸਾ ਤੇ ਖਾਲਸਾ ਐਡਵੋਕੇਟ,* ੨੫ ਮਈ ੧੯੨੪, ਪੰਨਾ ੧.

੧੪. *ਖਾਲਸਾ ਤੇ ਖਾਲਸਾ ਐਡਵੋਕੇਟ,* ੨੫ ਮਈ ੧੯੨੪, ਪੰਨਾ ੧.

੧੫. Ruchi Ram Sahni, Struggle for Reform in Sikh Shrines, Ed. by Dr. Ganda Singh. pp. 243-44.

੧੬. *ਖਾਲਸਾ ਤੇ ਖਾਲਸਾ ਐਡਵੋਕੇਟ,* ੨੧ ਅਕਤੂਬਰ ੧੯੨੪, ਪੰਨਾ ੩.

੧੭. *ਖਾਲਸਾ ਤੇ ਖਾਲਸਾ ਐਡਵੋਕੇਟ,* ੨੫ ਅਕਤੂਬਰ ੧੯੨੪, ਪੰਨਾ ੪.

੧੮. *ਖਾਲਸਾ ਤੇ ਖਾਲਸਾ ਐਡਵੋਕੇਟ,* ੨੨ ਨਵੰਬਰ ੧੯੨੪, ਪੰਨਾ ੪.

੧੯. *ਕੌਮੀ ਦਰਦ, ਅੰਮ੍ਰਿਤਸਰ,* ੧੨ ਨਵੰਬਰ ੧੯੨੫, ਪੰਨਾ ੪

# ਗਾਥਾ ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ

*-ਸ. ਹਰਵਿੰਦਰ ਸਿੰਘ ਖਾਲਸਾ**

ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ ਦਾ ਸਿੱਖ ਪੰਥ ਵਿਚ ਬਹੁਤ ਹੀ ਮਹੱਤਵ ਹੈ ਕਿਉਂਕਿ ਨਨਕਾਣਾ ਸਾਹਿਬ ਸਿੱਖਾਂ ਦੀ ਜਨਮ-ਭੂਮੀ ਹੈ। ਇਸ ਅਸਥਾਨ 'ਤੇ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ੧੪੬੯ ਈ. ਨੂੰ ਹੋਇਆ। ਜਿਸ ਸਮੇਂ ਮੁਗ਼ਲਾਂ ਨੇ ਸਿੱਖਾਂ ਉੱਪਰ ਘਿਣਾਉਣੇ ਅੱਤਿਆਚਾਰ ਸ਼ੁਰੂ ਕੀਤੇ ਅਤੇ ਸਿੱਖ ਆਪਣੇ ਬਚਾਅ ਲਈ ਪਹਾੜਾਂ, ਜੰਗਲਾਂ, ਬੇਲਿਆਂ ਅਤੇ ਮਾਰੂਥਲਾਂ ਦੇ ਇਲਾਕਿਆਂ ਵੱਲ ਚਲੇ ਗਏ ਸਨ, ਉਸੇ ਸਮੇਂ ਤੋਂ ਗੁਰਦੁਆਰਾ ਜਨਮ-ਅਸਥਾਨ ਨਨਕਾਣਾ ਸਾਹਿਬ ਅਤੇ ਨੇੜੇ ਦੇ ਛੇ ਹੋਰ ਗੁਰਦੁਆਰੇ ਉਦਾਸੀ ਮਹੰਤਾਂ ਨੇ ਸੰਭਾਲ ਲਏ ਸਨ। ਸਿੱਖ ਰਾਜ ਦੇ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਹਜ਼ਾਰਾਂ ਏਕੜ ਜ਼ਮੀਨ ਗੁਰਦੁਆਰਾ ਸਾਹਿਬਾਨ ਦੇ ਨਾਮ ਲਗਵਾਈ। ਮਹੰਤਾਂ ਨੇ ਗੁਰਧਾਮਾਂ ਦੀਆਂ ਜਾਗੀਰਾਂ ਨੂੰ ਨਾ ਕੇਵਲ ਨਿੱਜੀ ਜਾਇਦਾਦ ਹੀ ਸਮਝਣਾ ਸ਼ੁਰੂ ਕਰ ਦਿੱਤਾ ਸੀ ਸਗੋਂ ਐਸ਼ਪ੍ਰਸਤੀ ਵਿਚ ਪੈ ਕੇ ਆਪਣੇ ਇਖ਼ਲਾਕ ਤੋਂ ਵੀ ਡਿੱਗਣ ਲੱਗੇ। ਇਨ੍ਹਾਂ ਮਹੰਤਾਂ ਨੇ ਗੁਰੂ-ਘਰਾਂ ਵਿਚ ਇਹੋ ਜਿਹੀਆਂ ਬ੍ਰਾਹਮਣੀ ਰਹੁ-ਰੀਤਾਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਦਾ ਸਿੱਖ ਧਰਮ ਵਿਚ ਕੋਈ ਸਥਾਨ ਨਹੀਂ ਸੀ। ਮਹੰਤਾਂ ਵੱਲੋਂ ਕਈ ਗੁਰਦੁਆਰਿਆਂ ਵਿਚ ਮੂਰਤੀਆਂ ਦੀ ਸਥਾਪਨਾ ਵੀ ਕਰ ਦਿੱਤੀ ਗਈ।

ਸਿੱਖ ਰਾਜ ਜਾਣ ਤੋਂ ਬਾਅਦ ਮਹੰਤ ਮਨਮਾਨੀਆਂ ਕਰਨ ਲੱਗ ਪਏ ਕਿਉਂਕਿ ਉਨ੍ਹਾਂ ਨੂੰ ਅੰਗਰੇਜ਼ ਸਰਕਾਰ ਦਾ ਥਾਪੜਾ ਹਾਸਲ ਸੀ। ਇਸ ਸਮੇਂ ਗੁਰਦੁਆਰਿਆਂ ਦੇ ਮਹੰਤਾਂ ਦੀ ਨਿਯੁਕਤੀ ਅੰਗਰੇਜ਼ ਸਰਕਾਰ ਵੱਲੋਂ ਕੀਤੀ ਜਾਂਦੀ ਸੀ। ਉਨ੍ਹੀਵੀਂ ਸਦੀ ਦੇ ਅਖੀਰ ਵਿਚ ਸਿੰਘ ਸਭਾ ਲਹਿਰ ਦੇ ਪ੍ਰਚਾਰ ਕਾਰਨ ਸਿੱਖਾਂ ਵਿਚ ਜਾਗ੍ਰਤੀ ਪੈਦਾ ਹੋਈ ਅਤੇ ਸਿੱਖਾਂ ਦੇ ਅੰਦਰ ਗੁਰੂ-ਘਰਾਂ ਵਿਚ ਮਹੰਤਾਂ ਵੱਲੋਂ ਕੀਤੀਆਂ ਜਾ ਰਹੀਆਂ ਕੁਰੀਤੀਆਂ ਨੂੰ ਦੇਖ ਕੇ ਵਿਦਰੋਹ ਪੈਦਾ ਹੋਣਾ ਸ਼ੁਰੂ ਹੋ ਗਿਆ। ਵੀਹਵੀਂ ਸਦੀ ਦੇ ਅਰੰਭ ਵਿਚ ਸਿੱਖਾਂ ਦੇ ਅੰਦਰ ਵਿਦਰੋਹ ਦੀ ਜੁਆਲਾ ਭਾਂਬੜ ਬਣ ਜਲ ਉਠੀ ਅਤੇ ੧੯੨੦ ਤੋਂ ੧੯੨੬ ਈ. ਤਕ ਇਹ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਜਾਂ 'ਅਕਾਲੀ ਲਹਿਰ' ਦੇ ਰੂਪ ਵਿਚ ਸਿਖ਼ਰ 'ਤੇ ਪੁੱਜ ਗਿਆ ਸੀ।

ਮਹੰਤ ਤਾਂ ਭ੍ਰਿਸ਼ਟ ਹੋ ਹੀ ਗਏ ਸਨ ਅਤੇ ਅੰਗਰੇਜ਼ ਸਰਕਾਰ ਵੀ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੇ ਹੱਥ ਨਹੀਂ ਦੇਣਾ ਚਾਹੁੰਦੀ ਸੀ। ਜਿਸ ਬਾਰੇ ਸਰਕਾਰ ਦੀ ਨੀਤੀ ਦਾ ਸਬੂਤ ਉਸ ਸਮੇਂ ਦੇ ਪੰਜਾਬ ਦੇ ਲੈ: ਗਵਰਨਰ ਆਰ. ਈ. ਐਜਰਟਨ ਦੀ ਹਿੰਦ ਦੇ ਵਾਇਸਰਾਏ ਨੂੰ ਸ਼ਿਮਲੇ ਤੋਂ ੮ ਅਗਸਤ ਸੰਨ ੧੯੯੧ ਈ. ਨੂੰ ਗੁਰਦੁਆਰਿਆਂ ਦੇ

**ਕੋਠੀ ਨੰ: ਏ-੨੪, ਕਰਤਾਰ ਕਲੋਨੀ, ਗੋਨਿਆਣਾ ਰੋਡ, ਬਠਿੰਡਾ-੧੫੧੦੦੧; ਮੋ: +੯੧੯੮੧੫੫੩੩੭੨੫*

ਪ੍ਰਬੰਧ ਸੰਬੰਧੀ ਲਿਖੀ ਚਿੱਠੀ ਤੋਂ ਲੱਗਦਾ ਹੈ। ਐਜਰਟਨ ਲਿਖਦਾ ਹੈ ਕਿ :

"ਮੇਰੇ ਪਿਆਰੇ ਲਾਰਡ ਰਿਪਨ! ਮੇਰੇ ਖਿਆਲ ਵਿਚ ਇਹ ਗੱਲ ਰਾਜਨੀਤਿਕ ਤੌਰ 'ਤੇ ਖ਼ਤਰਨਾਕ ਹੋਵੇਗੀ ਕਿ ਸਿੱਖ ਧਰਮ ਦਾ ਪ੍ਰਬੰਧ ਕਿਸੇ ਐਸੀ ਕਮੇਟੀ ਦੇ ਹੱਥ ਵਿਚ ਚਲਾ ਜਾਵੇ ਜਿਸ ਉੱਪਰ ਸਰਕਾਰ ਦਾ ਕੰਟਰੋਲ ਨਾ ਹੋਵੇ। ਮੈਨੂੰ ਭਰੋਸਾ ਹੈ ਕਿ ਹਜ਼ੂਰ ਵਾਇਸਰਾਏ ਸਾਹਿਬ ਇਸ ਸੰਬੰਧੀ ਅਜਿਹਾ ਹੁਕਮ ਜਾਰੀ ਕਰ ਦੇਣਗੇ ਜਿਸ ਦੁਆਰਾ ਪਿਛਲੇ ਤੀਹ ਸਾਲ ਤੋਂ ਵੱਧ ਸਮੇਂ ਦਾ ਸਫ਼ਲਤਾ-ਪੂਰਵਕ ਚੱਲ ਰਿਹਾ ਪ੍ਰਬੰਧ ਹੀ ਜਾਰੀ ਰਹਿ ਸਕੇ।"

(*ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ* ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ, ਪੰਨਾ ੭ ਅਤੇ ੮)।

ਗੁਰਦੁਆਰਾ ਜਨਮ-ਅਸਥਾਨ ਨਨਕਾਣਾ ਸਾਹਿਬ ਦਾ ਮੁੱਖ ਪੁਜਾਰੀ, ਮਹੰਤ ਨਰੈਣ ਦਾਸ ਸੀ ਜਿਹੜਾ ਸਾਰੇ ਉਦਾਸੀ ਮਹੰਤਾਂ ਵਿੱਚੋਂ ਅਮੀਰ ਅਤੇ ਕੁਕਰਮੀ ਸੀ। ਜਿਸ ਨੇ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਗੁੰਡਿਆਂ, ਬਦਮਾਸ਼ਾਂ ਅਤੇ ਨਸ਼ੱਈਆਂ ਦਾ ਅੱਡਾ ਬਣਾ ਰੱਖਿਆ ਸੀ। ਮਹੰਤ ਨਰੈਣ ਦਾਸ ਨੇ ਇਕ ਮੁਸਲਮਾਨ ਮਿਰਾਸਣ ਘਰ ਰੱਖੀ ਹੋਈ ਸੀ। ਮਹੰਤ ਨਰੈਣ ਦਾਸ ਦੇ ਭੈੜੇ ਆਚਰਣ ਤੇ ਉਸ ਦੀਆਂ ਕਈ ਹੋਰ ਕਰਤੂਤਾਂ ਦੀ ਚਰਚਾ ਸਾਰੇ ਪੰਥ ਵਿਚ ਫੈਲੀ ਹੋਈ ਸੀ ਅਤੇ ਇੱਥੋਂ ਦੇ ਪ੍ਰਬੰਧ ਨੂੰ ਪੰਥਕ ਹੱਥਾਂ ਵਿਚ ਲਿਆਉਣ ਲਈ ਸਭ ਦੀ ਇੱਛਾ ਬੜੀ ਤੀਬਰ ਸੀ। ਮਹੰਤ ਨਾਲ ਸਮਝੌਤੇ ਦੀ ਗੱਲਬਾਤ ਵੀ ਚੱਲਦੀ ਰਹੀ, ਇਸ ਗੱਲਬਾਤ ਵਿਚ ਜਥੇਦਾਰ ਕਰਤਾਰ ਸਿੰਘ 'ਝੱਬਰ' ਤੇ ਸ. ਬੂਟਾ ਸਿੰਘ ਵਕੀਲ ਸ਼ੇਖੂਪੁਰਾ ਸ਼ਾਮਲ ਹੁੰਦੇ ਰਹੇ ਪਰ ਗੱਲਬਾਤ ਕਿਸੇ ਨਤੀਜੇ 'ਤੇ ਨਾ ਪਹੁੰਚੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੱਲਬਾਤ ਨੂੰ ਸਿਰੇ ਚੜ੍ਹਾਉਣ ਲਈ ਨਨਕਾਣਾ ਸਾਹਿਬ ਵਿਖੇ ੫, ੬ ਮਾਰਚ, ੧੯੨੧ ਈ. ਨੂੰ ਪੰਥਕ ਮੁਖੀਆਂ ਤੇ ਕੁਝ ਕੌਮੀ ਨੇਤਾਵਾਂ ਦੀ ਇਕੱਤਰਤਾ ਬੁਲਾਈ। ਭਾਵੇਂ ਇਹ ਇਕੱਤਰਤਾ ਮਹੰਤ ਨਰੈਣ ਦਾਸ ਦੀ ਸਲਾਹ ਨਾਲ ਹੀ ਰੱਖੀ ਗਈ ਸੀ ਪਰ ਮਹੰਤ ਦਿਲੋਂ ਸਾਫ਼ ਨਹੀਂ ਸੀ ਅਤੇ ਹੋਰ ਹੀ ਯੋਜਨਾਵਾਂ ਬਣਾ ਰਿਹਾ ਸੀ, ਜਿਸ ਪਿੱਛੇ ਲਾਹੌਰ ਦੇ ਕਮਿਸ਼ਨਰ ਮਿ. ਕਿੰਗ ਦੀ ਵੱਡੀ ਸ਼ਹਿ ਸੀ।

ਮਹੰਤ ਨਰੈਣ ਦਾਸ ਭ੍ਰਿਸ਼ਟ ਬੰਦਾ ਸੀ। ਗੁਰਦੁਆਰੇ ਆਏ ਯਾਤਰੂਆਂ ਨਾਲ ਉਹ ਬਹੁਤ ਹੀ ਕੋਝਾ ਵਰਤਾਉ ਕਰਦਾ ਸੀ। ਕਿਰਪਾਨਧਾਰੀ ਸਿੰਘਾਂ ਦੀਆਂ ਕਿਰਪਾਨਾਂ ਉਤਾਰ ਲਈਆਂ ਜਾਂਦੀਆਂ ਸਨ। ਇਸ ਗੁਰਦੁਆਰੇ ਅੰਦਰ ਇੱਕ ਸਿੰਧੀ ਯਾਤਰੂ ਦੀ ਨਾਬਾਲਗ ਲੜਕੀ ਦੀ ਪੱਤ ਲੁੱਟੀ ਗਈ। ਜ਼ਿਲ੍ਹਾ ਲਾਇਲਪੁਰ ਤੋਂ ਯਾਤਰਾ ਲਈ ਆਈਆਂ ਛੇ ਬੀਬੀਆਂ ਨਾਲ ਵੀ ਇਸ ਪ੍ਰਕਾਰ ਦਾ ਸਲੂਕ ਕੀਤਾ ਗਿਆ। ਮਹੰਤ ਨਰੈਣ ਦਾਸ ਇਕ ਪਾਸੇ ਪੰਥਕ ਮੁਖੀਆਂ ਨਾਲ ਗੱਲਬਾਤ ਕਰ ਰਿਹਾ ਸੀ ਪਰ ਦੂਜੇ ਪਾਸੇ ਪੰਥਕ ਮੁਖੀਆਂ ਨੂੰ ਖਤਮ ਕਰਨ ਦੀਆਂ ਘਾੜਤਾਂ ਘੜ ਰਿਹਾ ਸੀ। ਮਹੰਤ ਨਰੈਣ ਦਾਸ ਨੇ ੧੪ ਅਤੇ ੧੫ ਫਰਵਰੀ ਦੀ ਰਾਤ ਨੂੰ ਕੁਝ ਮਹੰਤਾਂ ਨਾਲ ਰਾਮ ਗਲੀ ਸਥਿਤ ਆਪਣੀ ਰਿਹਾਇਸ਼ ਉੱਤੇ ਇਕ ਗੁਪਤ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਕੁਝ ਬਦਮਾਸ਼ਾਂ ਨੇ ਮਹੰਤ ਨਾਲ ਇਹ

ਸੌਦਾ ਤੈਅ ਕੀਤਾ ਕਿ ਉਹ ੬ ਮਾਰਚ ਨੂੰ ੧੨ ਕਾਤਲ ਭਗੌੜੇ ਨਨਕਾਣਾ ਸਾਹਿਬ ਭੇਜਣਗੇ ਜੋ ਉੱਥੇ ਮੌਜੂਦ ਸਿੱਖਾਂ ਉੱਪਰ ਅਚਾਨਕ ਹਮਲਾ ਕਰ ਕੇ ਉਨ੍ਹਾਂ ਸਾਰਿਆਂ ਨੂੰ ਕਤਲ ਕਰ ਕੇ ਉੱਥੋਂ ਭੱਜ ਜਾਣਗੇ। ਇਸ ਕੰਮ ਬਦਲੇ ਮਹੰਤ ਉਨ੍ਹਾਂ ਨੂੰ ਡੇਢ ਲੱਖ ਰੁਪਿਆ ਦੇਵੇਗਾ।

ਮਹੰਤ ਨਰੈਣ ਦਾਸ ਦੀ ਯੋਜਨਾ ਬਾਰੇ ਜਥੇਦਾਰ ਕਰਤਾਰ ਸਿੰਘ ਝੱਬਰ ਤੇ ਉਨ੍ਹਾਂ ਦੇ ਸਾਥੀਆਂ ਨੂੰ ਰਿਪੋਰਟ ਮਿਲੀ ਤਾਂ ਉਨ੍ਹਾਂ ਦੀਆਂ ਅੱਖਾਂ ਖੁਲ੍ਹ ਗਈਆਂ ਅਤੇ ਇਸ ਉਪਰੰਤ ਜਥੇਦਾਰ ਝੱਬਰ ਗੱਡੀ ਚੜ੍ਹ ਕੇ ਸਿੱਧੇ ਚੂਹੜਕਾਣੇ ਗੁਰਦੁਆਰਾ ਖਰਾ ਸੌਦਾ ਪਹੁੰਚੇ। ਆਪ ਜੀ ਨੇ ਜਥੇ ਦੇ ਮੁਖੀ ਸਿੰਘਾਂ ਨੂੰ ਸਾਰੀ ਗੱਲ ਦੱਸੀ ਅਤੇ ਪ੍ਰੋਗਰਾਮ ਬਣਾਇਆ ਕਿ ੧੯ ਤੇ ੨੦ ਫਰਵਰੀ ਨੂੰ ਜਦੋਂ ਲਾਹੌਰ ਵਿਚ ਸਨਾਤਨ ਸਿੱਖ ਕਾਨਫਰੰਸ ਹੋਣੀ ਹੈ, ਜਿਸ ਵਿਚ ਮਹੰਤ ਨਰੈਣ ਦਾਸ ਨੇ ਜਾਣਾ ਹੈ, ਗੁਰਦੁਆਰਾ ਜਨਮ-ਅਸਥਾਨ ’ਤੇ ਕਬਜ਼ਾ ਕਰਨ ਦਾ ਚੰਗਾ ਮੌਕਾ ਹੋਵੇਗਾ। ਇਸ ਬਾਰੇ ਖਾਲਸਾ ਦੀਵਾਨ ਦੇ ਮੁਖੀਆਂ ਭਾਈ ਲਛਮਣ ਸਿੰਘ, ਟਹਿਲ ਸਿੰਘ ਆਦਿ ਅਤੇ ਲਾਇਲਪੁਰ ਤੋਂ ਭਾਈ ਬੂਟਾ ਸਿੰਘ ਚੱਕ ਨੰਬਰ ੨੦੪ ਅਤੇ ਸੰਤ ਤੇਜਾ ਸਿੰਘ, ਜੋ ਦੋਵੇਂ ਨਨਕਾਣਾ ਸਾਹਿਬ ਦੇ ਕਬਜ਼ੇ ਸਮੇਂ ਸਾਥ ਦੇਣ ਲਈ ਕਿਹਾ ਕਰਦੇ ਸਨ, ਨਾਲ ਫੈਸਲਾ ਹੋਇਆ ਕਿ ੧੦ ਫੱਗਣ ਮੁਤਾਬਿਕ ੨੦ ਫਰਵਰੀ, ੧੯੨੧ ਈ. ਨੂੰ ਪੰਜ ਕੁ ਹਜ਼ਾਰ ਸਿੰਘਾਂ ਦਾ ਜਥਾ ਸੂਰਜ ਨਿਕਲਣ ਤੋਂ ਪਹਿਲਾਂ-ਪਹਿਲਾਂ ਗੁਰਦੁਆਰਾ ਸਾਹਿਬ ਜਨਮ-ਅਸਥਾਨ ਨਨਕਾਣਾ ਸਾਹਿਬ ਪਹੁੰਚ ਜਾਵੇ। ਭਾਈ ਲਛਮਣ ਸਿੰਘ ਜੀ ਦੇ ਜਥੇ ਨੇ ਧਾਰੋਵਾਲ ਤੋਂ ਚੱਲ ਕੇ ਝੱਬਰ ਦੇ ਜਥੇ ਨੂੰ ਨਨਕਾਣਾ ਸਾਹਿਬ ਤੋਂ ਪੰਜ ਮੀਲ ਦੀ ਵਿਥ ’ਤੇ ਚੰਦਰ ਕੋਟ ਦੀ ਝਾਲ ’ਤੇ ਮਿਲਣਾ ਸੀ ਅਤੇ ਲਾਇਲਪੁਰ ਤੋਂ ਆਏ ਸਿੰਘਾਂ ਨੇ ਇਨ੍ਹਾਂ ਨੂੰ ੨੦ ਫ਼ਰਵਰੀ ਸਵੇਰੇ ੪:੦੦ ਵਜੇ ਨਨਕਾਣਾ ਸਾਹਿਬ ਦੇ ਨੇੜੇ ਭੱਠਿਆਂ ’ਤੇ ਮਿਲਣਾ ਸੀ ਅਤੇ ਇਨ੍ਹਾਂ ਸਾਰਿਆਂ ਨੇ ਗੁਰਦੁਆਰਾ ਜਨਮ-ਅਸਥਾਨ ਸਵੇਰੇ ਪੰਜ ਵਜੇ ਪਹੁੰਚਣਾ ਸੀ।

ਭਾਵੇਂ ਇਹ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਗੁਪਤ ਰੱਖਿਆ ਗਿਆ, ਪਰ ਮਾਸਟਰ ਤਾਰਾ ਸਿੰਘ ਅਤੇ ਸਰਦਾਰ ਤੇਜਾ ਸਿੰਘ ਸਮੁੰਦਰੀ ਜੋ ੧੮ ਫਰਵਰੀ ਨੂੰ ਲਾਇਲਪੁਰ ਆਏ ਹੋਏ ਸਨ, ਨੂੰ ਇਸ ਤਿਆਰੀ ਦਾ ਪਤਾ ਲੱਗ ਗਿਆ। ਉਨ੍ਹਾਂ ਦੀ ਗੱਡੀ ਲਾਇਲਪੁਰ ਤੋਂ ਲਾਹੌਰ ਜਾਂਦਿਆਂ ੧੯ ਫਰਵਰੀ ਨੂੰ ਸਵੇਰੇ ੫:੦੦ ਵਜੇ ਚੂਹੜਕਾਣੇ ਤੋਂ ਲੰਘੀ। ਉੱਥੋਂ ਸਟੇਸ਼ਨ ਤੋਂ ਉਨ੍ਹਾਂ ਦੇ ਜਥੇਦਾਰ ਝੱਬਰ ਨੂੰ ਸੁਨੇਹਾ ਭੇਜ ਕੇ ਜਥਾ ਨਨਕਾਣਾ ਸਾਹਿਬ ਲੈ ਜਾਣ ਤੋਂ ਰੋਕਿਆ।

ਮਾਸਟਰ ਤਾਰਾ ਸਿੰਘ ਅਤੇ ਸ. ਤੇਜਾ ਸਿੰਘ ਸਮੁੰਦਰੀ ਨੇ ਲਾਹੌਰ ਪਹੁੰਚ ਕੇ ਉੱਥੋਂ ਭਾਈ ਦਲੀਪ ਸਿੰਘ ਸਾਂਗ੍ਹੇਵਾਲ ਅਤੇ ਸ. ਜਸਵੰਤ ਸਿੰਘ ‘ਝਬਾਲ’ ਨੂੰ ਚੂਹੜਕਾਣੇ ਭੇਜਿਆ ਅਤੇ ਹਦਾਇਤ ਕੀਤੀ ਕਿ ਝੱਬਰ ੨੦ ਫਰਵਰੀ ਨੂੰ ਜਥੇ ਲੈ ਕੇ ਨਨਕਾਣਾ ਸਾਹਿਬ ਨਹੀਂ ਜਾਵੇਗਾ। ਜਦ ਇਹ ਸਿੰਘ ਚੂਹੜਕਾਣੇ ਪੁੱਜੇ, ਉਸ ਸਮੇਂ ਤਕ ਸੰਤ ਤੇਜਾ ਸਿੰਘ ਦੇ ੬੦ ਸਿੰਘਾਂ ਦਾ ਜਥਾ ਵੀ ਇੱਥੇ ਪੁੱਜ ਚੁੱਕਾ ਸੀ। ਇਨ੍ਹਾਂ ਨੇ ਰਾਤ ਪੈਣ ’ਤੇ ਇੱਥੋਂ ਨਨਕਾਣਾ ਸਾਹਿਬ ਵੱਲ ਮਾਰਚ ਕਰਨਾ ਸੀ। ਕਾਫੀ ਸੋਚ ਵਿਚਾਰ ਕਰਨ ਉਪਰੰਤ ਜਥੇ ਨੂੰ ਰੋਕ ਲੈਣ ਦਾ ਫੈਸਲਾ ਹੋਇਆ।

ਦੂਜੇ ਜਥਿਆਂ ਨੂੰ ਰੋਕਣ ਲਈ ੬ ਸਿੰਘਾਂ ਦੇ ਦਸਤਖਤਾਂ ਹੇਠ ਇੱਕ ਚਿੱਠੀ ਲਿਖੀ ਗਈ। ਭਾਈ ਦਲੀਪ ਸਿੰਘ ਨੇ ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਭਾਈ ਟਹਿਲ ਸਿੰਘ ਦੇ ਜਥਿਆਂ ਨੂੰ ਲੱਭ ਕੇ ਰੋਕਣ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ। ਭਾਈ ਦਲੀਪ ਸਿੰਘ ਇਨ੍ਹਾਂ ਜਥਿਆਂ ਨੂੰ ਲੱਭਣ ਲਈ ਸਾਰੀ ਰਾਤ ਫਿਰਦਾ ਰਿਹਾ ਪਰ ਕਿਸੇ ਵੀ ਜਥੇ ਨਾਲ ਮਿਲਾਪ ਨਾ ਹੋ ਸਕਿਆ। ਉੱਥੋਂ ਉਸ ਨੇ ਭਾਈ ਵਰਿਆਮ ਸਿੰਘ ਨੂੰ ਚਿੱਠੀ ਦੇ ਕੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਰੋਕਣ ਲਈ ਭੇਜਿਆ। ਇਹ ਸਿੰਘ ਚੰਦਰ ਕੋਟ ਅਤੇ ਉਸ ਤੋਂ ਅੱਗੇ ਕਈ ਥਾਵਾਂ 'ਤੇ ਸਾਰੀ ਰਾਤ ਜਥੇ ਨੂੰ ਭਾਲਣ ਵਿਚ ਲੱਗੇ ਰਹੇ। ਜੋ ਜਥੇ ਜਾਂ ਇਕੱਲੇ ਦੁਕੱਲੇ ਸਿੰਘ ਮਿਲੇ ਉਨ੍ਹਾਂ ਨੂੰ ਨਨਕਾਣਾ ਸਾਹਿਬ ਜਾਣ ਤੋਂ ਰੋਕਿਆ ਪਰੰਤੂ ਭਾਈ ਲਛਮਣ ਸਿੰਘ ਦਾ ਜਥਾ ਇਨ੍ਹਾਂ ਨੂੰ ਨਾ ਮਿਲਿਆ। ਇਹ ਸਿੰਘ ਅੰਮ੍ਰਿਤ ਵੇਲੇ ਚਾਰ ਵਜੇ ਦੇ ਕਰੀਬ ਨਨਕਾਣਾ ਸਾਹਿਬ ਪਹੁੰਚ ਗਏ। ਇੱਥੇ ਵੀ ਜਥੇ ਦੇ ਆਉਣ ਬਾਰੇ ਕੋਈ ਜਾਣਕਾਰੀ ਨਹੀਂ ਸੀ। ਅਖੀਰ ਭਾਈ ਦਲੀਪ ਸਿੰਘ ਜੀ ਸਾਰੀ ਰਾਤ ਦੇ ਸਫ਼ਰ ਤੇ ਉਨੀਂਦਰੇ ਅਤੇ ਥੱਕੇ ਹੋਏ ਸਰਦਾਰ ਉੱਤਮ ਸਿੰਘ ਦੇ ਕਾਰਖਾਨੇ ਗਏ ਅਤੇ ਉੱਥੋਂ ਭਾਈ ਵਰਿਆਮ ਸਿੰਘ ਭੋਜੀਆਂ ਵਾਲੇ ਨੂੰ ਚਿੱਠੀ ਦੇ ਕੇ ਜਥੇ ਨੂੰ ਜਨਮ-ਅਸਥਾਨ ਜਾਣ ਤੋਂ ਰੋਕਣ ਲਈ ਭੇਜਿਆ ਤਾਂ ਜੋ ਜਥੇ ਦੀ ਭਾਲ ਕਰ ਕੇ ਜਥੇ ਨੂੰ ਚਿੱਠੀ ਦੇ ਦਿੱਤੀ ਜਾਵੇ।

ਭਾਈ ਲਛਮਣ ਸਿੰਘ ਅਤੇ ਭਾਈ ਟਹਿਲ ਸਿੰਘ ਦਾ ਜਥਾ ਨਨਕਾਣਾ ਸਾਹਿਬ ਤਹਿਸੀਲ ਕੋਲ ਪਹੁੰਚ ਚੁੱਕਿਆ ਸੀ। ਭਾਈ ਟਹਿਲ ਸਿੰਘ ਅਤੇ ਭਾਈ ਲਛਮਣ ਸਿੰਘ ਨੇ ਇੱਥੋਂ ਜਥਾ ਵਾਪਸ ਮੋੜਨ ਤੋਂ ਇਨਕਾਰ ਕਰ ਦਿੱਤਾ। ਭਾਈ ਲਛਮਣ ਸਿੰਘ ਜੀ ਨੇ ਸਾਰੇ ਸਿੰਘਾਂ ਕੋਲੋਂ ਹੱਥ ਨਾ ਚੁੱਕਣ ਅਤੇ ਸ਼ਾਂਤਮਈ ਰਹਿੰਦੇ ਹੋਏ ਸ਼ਹੀਦੀ ਪ੍ਰਾਪਤ ਕਰਨ ਦਾ ਪ੍ਰਣ ਲਿਆ ਸੀ। ਗੁਰਦੁਆਰਾ ਸਾਹਿਬ ਦੇ ਨੇੜੇ ਇਹ ਪ੍ਰਣ ਫਿਰ ਦੁਹਰਾਇਆ ਗਿਆ ਅਤੇ ਭਾਈ ਲਛਮਣ ਸਿੰਘ ਜੀ ਦੀ ਸਿੰਘਣੀ ਬੀਬੀ ਇੰਦਰ ਕੌਰ ਅਤੇ ਹੋਰ ਬੀਬੀਆਂ ਜੋ ਸ਼ੁਰੂ ਤੋਂ ਹੀ ਜਥੇ ਦੇ ਨਾਲ ਆਈਆਂ ਸਨ ਨੂੰ ਭਾਈ ਹਾਕਮ ਸਿੰਘ ਨਾਲ ਗੁਰਦੁਆਰਾ ਤੰਬੂ ਸਾਹਿਬ ਵੱਲ ਭੇਜ ਦਿੱਤਾ। ਇਸ ਸਮੇਂ ਭਾਈ ਟਹਿਲ ਸਿੰਘ ਜੀ ਨੇ ਆਪਣੀ ਜੇਬ ਵਿੱਚੋਂ ੧੮ ਰੁਪਏ ਕੱਢ ਕੇ ਬੀਬੀ ਇੰਦਰ ਕੌਰ ਨੂੰ ਦਿੰਦੇ ਹੋਏ ਕਿਹਾ ਕਿ ਤੁਹਾਡੇ ਵਰਗੀਆਂ ਭੈਣਾਂ ਸ਼ਹੀਦੀ ਪਿੱਛੋਂ ਸਾਡੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾ ਦੇਣਗੀਆਂ।

ਜਥੇ ਵਿਚ ਸ਼ਾਮਿਲ ਸਿੰਘਾਂ ਨੇ ਆਪਣੀਆਂ ਜਾਨਾਂ ਵਾਰਨ ਲਈ ਕੀਤੀ ਅਰਦਾਸ ਨੂੰ ਪੂਰਾ ਕਰਨ ਲਈ ਗੁਰਦੁਆਰਾ ਸਾਹਿਬ ਵੱਲ ਮਾਰਚ ਕੀਤਾ। ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੋ ਕੇ ਭਾਈ ਲਛਮਣ ਸਿੰਘ ਮਹਾਰਾਜ ਦੀ ਤਾਬਿਆ ਬੈਠ ਗਏ। ਸਿੰਘਾਂ ਨੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿੱਤਾ।

ਮਹੰਤ ਨਰੈਣ ਦਾਸ ਉਸ ਸਮੇਂ ਗੁਰਦੁਆਰੇ ਦੇ ਲਹਿੰਦੇ ਤੇ ਦੱਖਣ ਦੀ ਗੁੱਠ ਵਾਲੇ ਮਕਾਨ (ਮਹਿਮਾਨ ਖਾਨੇ) ਦੇ ਚੁਬਾਰੇ ਵਿੱਚੋਂ ਇਸ ਸਾਰੇ ਕੌਤਕ ਨੂੰ ਵੇਖ ਰਿਹਾ ਸੀ। ਉਸ ਨੇ ਰਾਂਝਾ, ਰਿਹਾਣਾ, ਮਾਛੀ ਅਤੇ ਕਈ ਕਾਤਲ ਪਠਾਣ ਗੁੰਡੇ ਉੱਥੇ ਪਹਿਲਾਂ ਹੀ

ਇਕੱਠੇ ਕੀਤੇ ਹੋਏ ਸਨ। ਮਹੰਤ ਨੇ ਉਨ੍ਹਾਂ ਬਦਮਾਸ਼ਾਂ ਨੂੰ ਕਾਰਵਾਈ ਸ਼ੁਰੂ ਕਰਨ ਦਾ ਹੁਕਮ ਦਿੱਤਾ। ਥੋੜੇ ਜਿਹੇ ਸਮੇਂ ਵਿਚ ਹੀ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੋਏ ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ।

ਭਾਈ ਲਛਮਣ ਸਿੰਘ ਜੀ ਨੂੰ ਮਹਾਰਾਜ ਦੀ ਤਾਬਿਆ ਬੈਠਿਆਂ ਗੋਲੀਆਂ ਲੱਗੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਵੀ ਗੋਲੀਆਂ ਨਾਲ ਛਨਣੀ-ਛਨਣੀ ਕਰ ਦਿੱਤਾ। ਗੋਲੀਆਂ ਦੀ ਅਵਾਜ਼ ਸੁਣ ਕੇ ਭਾਈ ਦਲੀਪ ਸਿੰਘ ਅਤੇ ਭਾਈ ਵਰਿਆਮ ਸਿੰਘ ਜੋ ਭਾਈ ਉੱਤਮ ਸਿੰਘ ਦੇ ਕਾਰਖਾਨੇ ਵਿਚ ਸਨ, ਕਾਰਖਾਨੇ ਤੋਂ ਗੁਰਦੁਆਰਾ ਸਾਹਿਬ ਵੱਲ ਦੌੜੇ। ਮਹੰਤ ਨੇ ਇਨ੍ਹਾਂ ਦੋਹਾਂ ਨੂੰ ਆਪਣੀ ਪਸਤੌਲ ਨਾਲ ਗੇਟ ਦੇ ਬਾਹਰ ਹੀ ਸ਼ਹੀਦ ਕਰ ਦਿੱਤਾ ਅਤੇ ਇਨ੍ਹਾਂ ਦੋਹਾਂ ਦੀਆਂ ਲਾਸ਼ਾਂ ਨੇੜੇ ਹੀ ਭਾਂਡਿਆਂ ਦੀ ਜਲ ਰਹੀ ਆਵੀ ਵਿਚ ਸੁਟਵਾ ਦਿੱਤੀਆਂ। ਮਹੰਤ ਦੇ ਗੁੰਡਿਆਂ ਨੇ ਛੱਤ ਤੋਂ ਹੇਠਾਂ ਉਤਰ ਕੇ ਗੋਲੀਆਂ ਦਾਗਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਇਨ੍ਹਾਂ ਸ਼ਹੀਦ ਅਤੇ ਜ਼ਖ਼ਮੀ ਸਿੰਘਾਂ ਦੀਆਂ ਲਾਸ਼ਾਂ ਦੇ ਢੇਰ ਲਗਾ ਕੇ ਉੱਪਰ ਲੱਕੜ ਬਾਲਣ ਅਤੇ ਮਿੱਟੀ ਦਾ ਤੇਲ ਪਾ ਕੇ ਮਾਮਲਾ ਗਾਇਬ ਕਰਨ ਦੇ ਖਿਆਲ ਨਾਲ ਇਨ੍ਹਾਂ ਨੂੰ ਅੱਗ ਲਗਾ ਦਿੱਤੀ।

ਇਸ ਸਾਕੇ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਦੂਰ ਨੇੜੇ ਫੈਲ ਗਈ। ਇਸ ਭਿਆਨਕ ਸਾਕੇ ਦੀਆਂ ਖ਼ਬਰਾਂ ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ਼ ਖਾਲਸਾ ਦੀਵਾਨ, ਅਕਾਲੀ ਜਥਾ ਖਰਾ ਸੌਦਾ ਬਾਰ ਅਤੇ ਕਈ ਪੰਥਕ ਮੁਖੀਆਂ ਨੂੰ ਤਾਰ ਰਾਹੀਂ ਭੇਜੀਆਂ ਗਈਆਂ। ਤਾਰਾਂ ਦੇਣ ਦਾ ਕੰਮ ਸ. ਉੱਤਮ ਸਿੰਘ ਕਾਰਖਾਨੇ ਵਾਲੇ ਅਤੇ ਸਟੇਸ਼ਨ ਮਾਸਟਰ ਸ. ਕਰਮ ਸਿੰਘ ਨੇ ਕੀਤਾ। ਇਸ ਸਾਕੇ ਤੋਂ ਬਾਅਦ ਗੁਰਦੁਆਰਾ ਸਾਹਿਬ ਉੱਪਰ ਗੋਰਾ ਫੌਜ ਨੇ ਕਬਜ਼ਾ ਕਰ ਲਿਆ। ਭਾਈ ਕਰਤਾਰ ਸਿੰਘ 'ਝੱਬਰ' ੨੧ ਫਰਵਰੀ, ੧੯੨੧ ਈ. ਨੂੰ ੨੨੦੦ ਮਰਜੀਵੜੇ ਸਿੰਘਾਂ ਦੇ ਜਥੇ ਨਾਲ ਨਨਕਾਣਾ ਸਾਹਿਬ ਪਹੁੰਚੇ। ਭਾਈ ਕਰਤਾਰ ਸਿੰਘ 'ਝੱਬਰ ਸਿੰਘਾਂ ਦੇ ਜਥੇ ਸਮੇਤ ਗੋਰਾ ਫੌਜ ਨਾਲ ਟੱਕਰ ਲੈਣ ਲਈ ਅੱਗੇ ਵਧੇ ਪਰ ਉੱਥੇ ਮੌਜੂਦ ਪੁਲਿਸ ਜਰਨੈਲ, ਅੰਗਰੇਜ਼ ਕਮਿਸ਼ਨਰ ਅਤੇ ਡੀ. ਸੀ. ਆਦਿ ਨੇ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਹੋਇਆ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਜਥੇਦਾਰ ਕਰਤਾਰ ਸਿੰਘ 'ਝੱਬਰ' ਹਵਾਲੇ ਕਰ ਦਿੱਤੀਆਂ ਅਤੇ ਗੋਰਾ ਫੌਜ ਨੂੰ ਉੱਥੋਂ ਹਟਾ ਲਿਆ ਗਿਆ। ਅਗਲੇ ਦਿਨ ਪੰਥਕ ਨੇਤਾ ਅਤੇ ਸਰਕਾਰ ਦੇ ਵੱਡੇ ਅਫ਼ਸਰ ਨਨਕਾਣਾ ਸਾਹਿਬ ਪਹੁੰਚ ਗਏ। ਇਸ ਸਾਕੇ ਦੌਰਾਨ ੧੩੦ ਦੇ ਕਰੀਬ ਸਿੰਘਾਂ ਨੇ ਭਾਈ ਲਛਮਣ ਸਿੰਘ ਅਤੇ ਭਾਈ ਟਹਿਲ ਸਿੰਘ ਦੀ ਜਥੇਦਾਰੀ ਹੇਠ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਪਵਿੱਤਰ ਜਨਮ-ਅਸਥਾਨ ਨੂੰ ਸਿੱਖ ਪੰਥ ਦੇ ਹਵਾਲੇ ਕਰਵਾਇਆ। ■

# ਸ਼ਹੀਦ ਲਛਮਣ ਸਿੰਘ ਦੀ ਵਾਰ

*-ਡਾ. ਧਰਮ ਸਿੰਘ**

ਸੰਗੀਤ ਅਤੇ ਸਿੱਖ ਪਰੰਪਰਾ ਦਾ ਮੁੱਢ ਕਦੀਮ ਤੋਂ ਹੀ ਗਹਿਰਾ ਰਿਸ਼ਤਾ ਰਿਹਾ ਹੈ। ਸਮੁੱਚੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ, ਇਕੱਤੀ ਰਾਗਾਂ ਵਿਚ ਸੰਭਾਲੀ ਪਈ ਹੈ ਅਤੇ ਗੁਰਮਤਿ ਵਿਚ ਜਿਸ ਸਾਧਨਾ ਭਗਤੀ ਨੂੰ ਪ੍ਰਵਾਨ ਕੀਤਾ ਗਿਆ ਹੈ, ਉਹ ਕੀਰਤਨ ਭਗਤੀ (ਗੁਰੂ ਦਾ ਜੱਸ ਸੰਗੀਤਕ ਸਾਜ਼ਾਂ ਦੀ ਮਦਦ ਨਾਲ ਕਰਨਾ) ਹੈ। ਭਾਰਤੀ ਪਰੰਪਰਾ ਵਿਚ ਨੌਂ ਪ੍ਰਕਾਰ ਦੀ ਭਗਤੀ ਮੰਨੀ ਗਈ ਹੈ ਜਿਸ ਵਿਚ 'ਕੀਰਤਨ ਭਗਤੀ' ਇਕ ਹੈ ਪਰ ਗੁਰਮਤਿ ਵਿਚ ਇਹ ਇਸ ਕਰਕੇ ਪ੍ਰਵਾਨਿਤ ਹੈ ਕਿਉਂਕਿ ਇਹ ਹੀ ਪ੍ਰਮੁੱਖ ਹੈ, ਬਾਕੀ ਸਾਰੀਆਂ ਕਿਸਮਾਂ ਇਸ ਵਿਚ ਸਮਾਈਆਂ ਹੋਈਆਂ ਹਨ। ਇਸੇ ਲਈ ਕੀਰਤਨ ਨੂੰ *...ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥* ਕਹਿ ਕੇ ਵਡਿਆਇਆ ਗਿਆ ਹੈ। ਗੁਰੂ-ਘਰ ਵਿਚ ਕੀਰਤਨ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਅਰੰਭ ਹੋਇਆ ਹੈ। ਉਨ੍ਹਾਂ ਦੇ ਸਾਥੀ ਭਾਈ ਮਰਦਾਨਾ ਜੀ ਇਕ ਨਿਪੁੰਨ ਰਬਾਬ-ਵਾਦਕ ਸਨ। ਸਾਖੀਆਂ ਵਿਚ ਇਹ ਗੱਲ ਆਮ ਅੰਕਿਤ ਹੋਈ ਮਿਲਦੀ ਹੈ ਕਿ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਵਿਸਮਾਦੀ ਅਵਸਥਾ ਵਿਚ ਆਉਂਦੇ ਤਾਂ ਉਹ ਭਾਈ ਮਰਦਾਨਾ ਜੀ ਨੂੰ ਰਬਾਬ ਛੇੜਨ ਲਈ ਆਦੇਸ਼ ਦਿੰਦੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਸਾਧਨਾ ਭਗਤੀ ਅੱਜ ਵੀ ਪੂਰੀ ਆਭਾ ਅਤੇ ਜਲਵੇ ਨਾਲ ਜਾਰੀ ਹੈ। ਕੀਰਤਨੀਏ ਸਿੰਘਾਂ ਅਤੇ ਰਾਗੀਆਂ-ਰਬਾਬੀਆਂ ਦਾ ਸਿੱਖ ਸਮਾਜ ਵਿਚ ਬਹੁਤ ਆਦਰ ਮਾਣ ਹੈ।

ਸਿੱਖ ਧਰਮ ਵਿਚ ਢਾਡੀ ਪਰੰਪਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸ਼ੁਰੂ ਕੀਤੀ ਗਈ। ਇਸ ਵਿਚ ਭਗਤੀ ਅਤੇ ਸ਼ਕਤੀ ਦੋਵੇਂ ਰੰਗ ਸੰਮਿਲਤ ਹਨ। ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਅਤੇ ਅਗਵਾਈ ਹੇਠ ਸਿੱਖੀ ਵਿਚ ਜੁਝਾਰੂਪਨ ਦਾ ਜਜ਼ਬਾ ਆਇਆ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਾਜਨਾ ਕੀਤੀ। ਬੀਰ ਨਾਇਕਾਂ ਦਾ ਜੱਸ ਗਾਉਣ ਲਈ ਢਾਡੀ ਪਰੰਪਰਾ ਦਾ ਮੁੱਢ ਬੰਨਿਆ। ਕੀਰਤਨੀਆਂ ਦੇ ਨਾਲ-ਨਾਲ ਅੱਜ ਸਿੱਖ ਸਮਾਜ ਵਿਚ ਢਾਡੀਆਂ ਦਾ ਵੀ ਓਨਾਂ ਹੀ ਮਾਣ-ਸਤਿਕਾਰ ਹੈ। ਗੁਰਪੁਰਬਾਂ, ਕਾਨਫ਼ਰੰਸਾਂ ਅਤੇ ਹੋਰ ਸਿੱਖ ਸਮਾਗਮਾਂ ਸਮੇਂ ਢਾਡੀਆਂ ਨੂੰ ਬੁਲਾ ਕੇ ਗੁਰੂ ਜੱਸ ਸੁਣਨਾ ਅਤੇ ਬੀਰ ਪੁਰਸ਼ਾਂ ਦੇ ਕਾਰਨਾਮਿਆਂ ਤੋਂ ਨਵੀਂ ਪੀੜ੍ਹੀ ਨੂੰ ਜਾਣੂ ਕਰਾਉਣਾ ਸਿੱਖ ਸੱਭਿਆਚਾਰ ਦਾ ਇਕ ਅਹਿਮ ਅੰਗ ਬਣ ਚੁੱਕਿਆ

*ਸਾਬਕਾ ਪ੍ਰੋਫ਼ੈਸਰ ਅਤੇ ਮੁਖੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ।
ਮੋ. +੯੧੯੮੮੮੯-੩੯੮੦੮

ਹੈ। ਬਹੁਤਾ ਪਿੱਛੇ ਨਾ ਜਾਈਏ, ਜੇਕਰ ਵੀਹਵੀਂ ਸਦੀ ਤੋਂ ਹੀ ਗੱਲ ਅਰੰਭ ਕੀਤੀ ਜਾਵੇ ਤਾਂ ਸੋਹਣ ਸਿੰਘ ਘੁੱਕੇਵਾਲੀਆ ਅਤੇ ਗਿਆਨੀ ਸੋਹਣ ਸਿੰਘ ਸੀਤਲ ਤੋਂ ਬਾਅਦ ਜਿਸ ਢਾਡੀ ਦਾ ਨਾਮ ਲਿਆ ਜਾ ਸਕਦਾ ਹੈ, ਉਹ ਗੁਰਚਰਨ ਸਿੰਘ ਗੋਹਲਵੜੀਆ ਹੈ। ਢਾਡੀ ਕਲਾ ਅਤੇ ਵਾਰ ਕਾਵਿ ਵਿਚ ਉਨ੍ਹਾਂ ਦੀ ਦੇਣ ਅਤੀ ਮਹੱਤਵਪੂਰਨ ਹੈ। ਖੁਸ਼ਕਿਸਮਤੀ ਨਾਲ ਉਨ੍ਹਾਂ ਦੀ ਰਚਨਾ ਦੋ ਜਿਲਦਾਂ ਵਿਚ ਪ੍ਰਕਾਸ਼ਿਤ ਹੋਈ ਮਿਲਦੀ ਹੈ ਜਿਸ ਵਿਚ ਇਕ ਵਾਰ ਨਨਕਾਣਾ ਸਾਹਿਬ ਦੇ ਮੋਹਰੀ 'ਸ਼ਹੀਦ ਲਛਮਣ ਸਿੰਘ ਦੀ ਵਾਰ' ਹੈ। ਸ. ਲਛਮਣ ਸਿੰਘ ਉਹ ਸ਼ਹੀਦ ਹੈ ਜਿਸ ਨੇ ਆਪਣੀ ਕੁਰਬਾਨੀ ਦੇ ਕੇ ਅਰਦਾਸ ਦੀ ਪਵਿੱਤਰਤਾ ਕਾਇਮ ਰੱਖੀ। ਇਹੋ ਸ਼ਹੀਦ ਲਛਮਣ ਸਿੰਘ ਹੈ ਜਿਸ ਨੂੰ ਨਰੈਣੂ ਮਹੰਤ ਦੇ ਭਾੜੇ ਦੇ ਗੁੰਡਿਆਂ ਨੇ ਜੰਡ ਨਾਲ ਬੰਨ੍ਹ ਕੇ ਸ਼ਹੀਦ ਕਰ ਦਿੱਤਾ ਸੀ। ਇਹ ਜੰਡ ਅੱਜ ਵੀ ਜਨਮ-ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਚ ਸੁਭਾਇਮਾਨ ਹੈ।

ਸ. ਗੁਰਚਰਨ ਸਿੰਘ ਗੋਹਲਵੜੀਆ ਦਾ ਜਨਮ ੨੨ ਦਸੰਬਰ, ੧੯੨੫ ਈ. ਨੂੰ ਮੰਨੇ-ਪ੍ਰਮੰਨੇ ਢਾਡੀ ਸ. ਗੋਪਾਲ ਸਿੰਘ ਤੇ ਮਾਤਾ ਸ੍ਰੀਮਤੀ ਪ੍ਰੀਤਮ ਕੌਰ ਦੇ ਘਰ ਪਿੰਡ ਗੋਹਲਵੜ (ਅਜੋਕੇ ਜ਼ਿਲ੍ਹਾ ਤਰਨ ਤਾਰਨ) ਵਿਖੇ ਹੋਇਆ। ਗੁਰਚਰਨ ਸਿੰਘ ਨੇ ਪ੍ਰਾਇਮਰੀ ਤਕ ਸਿੱਖਿਆ ਆਪਣੇ ਪਿੰਡ ਦੇ ਸਕੂਲ ਤੋਂ ਹਾਸਲ ਕੀਤੀ, ਦਸਵੀਂ ਤਕ ਤਰਨ ਤਾਰਨ ਪੜ੍ਹੇ ਅਤੇ ਫਿਰ ਉਚੇਰੀ ਵਿੱਦਿਆ ਹਾਸਲ ਕਰ ਕੇ ਡਾਕਟਰ ਬਣਨ ਦੇ ਇਰਾਦੇ ਨਾਲ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਦੇ ਮੈਡੀਕਲ ਕੋਰਸ ਵਿਚ ਦਾਖ਼ਲਾ ਲੈ ਲਿਆ। ਦੱਸਿਆ ਜਾਂਦਾ ਹੈ ਕਿ ਇਕ ਵਾਰੀ ਉਨ੍ਹਾਂ ਦੇ ਪਿਤਾ ਸ. ਗੋਪਾਲ ਸਿੰਘ ਆਪਣੇ ਕੁਝ ਢਾਡੀ ਸਾਥੀਆਂ ਨਾਲ ਸੱਥ ਵਿਚ ਬੈਠੇ ਗੱਲਾਂ ਕਰ ਰਹੇ ਸਨ। ਬਾਲਕ ਗੁਰਚਰਨ ਸਿੰਘ ਉਨ੍ਹਾਂ ਕੋਲ ਕਿਸੇ ਕੰਮ ਲਈ ਗਿਆ। ਸੱਥ ਵਿੱਚੋਂ ਕਿਸੇ ਨੇ ਗੋਪਾਲ ਸਿੰਘ ਨੂੰ ਪੁੱਛਿਆ ਕਿ ਇਹ ਬਾਲਕ ਕੌਣ ਹੈ? ਤਾਂ ਉਨ੍ਹਾਂ ਨੇ ਕਿਹਾ ਕਿ ਇਹ ਉਨ੍ਹਾਂ ਦਾ ਪੁੱਤਰ ਹੈ। ਸਭਾ ਵਿੱਚੋਂ ਹੀ ਬੈਠੇ ਕਿਸੇ ਨੇ ਗੋਪਾਲ ਸਿੰਘ ਨੂੰ ਪੁੱਛਿਆ ਕਿ ਆਪਣਾ ਢਾਡੀ ਕਲਾ ਵਾਲਾ ਗੁਰ ਕਿਸੇ ਬੱਚੇ ਨੂੰ ਦੇ ਰਹੇ ਹੋ? ਤਾਂ ਉਨ੍ਹਾਂ ਨੇ ਫਿਰ ਉੱਤਰ ਦਿੱਤਾ ਕਿ ਮੇਰੇ ਕੋਲ ਤਾਂ ਏਹੋ ਬੱਚਾ ਹੈ, ਪਰ ਅੱਜਕਲ ਅੰਮ੍ਰਿਤਸਰ ਵਿਖੇ ਕਾਲਜ ਵਿਚ ਪੜ੍ਹ ਰਿਹਾ ਹੈ। ਸੰਗੀਆਂ-ਸਾਥੀਆਂ ਵਿੱਚੋਂ ਹੀ ਕਿਸੇ ਨੇ ਮੁੜ ਕਿਹਾ ਕਿ— "ਬੋਹੜ ਥੱਲੇ ਬੋਹੜ ਨਹੀਂ ਉਗਦਾ!" ਗੁਰਚਰਨ ਸਿੰਘ ਨੂੰ ਜਦ ਇਸ ਘਟਨਾ ਦਾ ਪਤਾ ਲੱਗਾ ਤਾਂ ਉਸ ਨੇ ਇਹ ਠਾਣ ਲਿਆ ਕਿ ਉਹ ਆਪ ਵੀ ਢਾਡੀ ਬਣ ਕੇ ਪਿਤਾ ਵੱਲੋਂ ਚਲਾਈ ਰੀਤ ਨੂੰ ਅਗਾਂਹ ਤੋਰੇਗਾ। ਪੜ੍ਹਾਈ ਵਿੱਚੇ ਛੱਡ ਕੇ ਉਹ ਢਾਡੀ ਬਣਨ ਵੱਲ ਤੁਰ ਪਿਆ। ਪਹਿਲਾਂ ਪਹਿਲਾਂ ਗੁਰਚਰਨ ਸਿੰਘ ਆਪਣੇ ਪਿਤਾ ਨਾਲ ਸਟੇਜ ਉੱਤੇ ਗਾਉਣ ਲੱਗਾ, ਪਰ ਫਿਰ ਵੱਖਰਾ ਜਥਾ ਬਣਾ ਲਿਆ ਕਿਉਂਕਿ ਪਿਤਾ ਗੋਪਾਲ ਸਿੰਘ ਦੀ ਵੀ ਇਹੋ ਇੱਛਾ ਸੀ। ਅਰੰਭ ਵਿਚ ਇਹ ਜਥਾ ਹੋਰਨਾਂ ਢਾਡੀਆਂ ਦੀਆਂ ਲਿਖੀਆਂ ਹੋਈਆਂ ਵਾਰਾਂ ਗਾਉਂਦਾ, ਪਰ ਛੇਤੀ ਹੀ ਗੁਰਚਰਨ ਸਿੰਘ ਨੇ ਆਪਣੀਆਂ ਵਾਰਾਂ ਲਿਖਣੀਆਂ ਅਤੇ ਗਾਉਣੀਆਂ

ਸ਼ੁਰੂ ਕਰ ਦਿੱਤੀਆਂ। ਗੜ੍ਹਕਵੀਂ ਅਵਾਜ਼ ਵਿਚ ਜੋਸ਼ੀਲੇ ਭਾਸ਼ਣ ਨੇ ਸੋਨੇ ਉੱਪਰ ਸੁਹਾਗੇ ਦਾ ਕੰਮ ਕੀਤਾ। ਪਹਿਲਾਂ ਪੂਰੇ ਭਾਰਤ ਵਿਚ ਅਤੇ ਫਿਰ ਵਿਦੇਸ਼ਾਂ ਵਿਚ ਉਸ ਦੀ ਗਾਇਨ ਕਲਾ ਦੀਆਂ ਧੁੰਮਾਂ ਪੈ ਗਈਆਂ। ਬਚਪਨ ਵਿਚ ਸੁਣੀਆਂ ਗੁਰਚਰਨ ਸਿੰਘ ਗੋਹਲਵੜੀਏ ਦੀਆਂ ਵਾਰਾਂ ਅਤੇ ਅੰਦਾਜ਼-ਏ-ਬਿਆਂ ਮੈਨੂੰ ਅੱਜ ਵੀ ਕੁਝ-ਕੁਝ ਯਾਦ ਹਨ। ਉਨ੍ਹਾਂ ਆਖਰੀ ਪ੍ਰੋਗਰਾਮ ੧੩ ਅਪ੍ਰੈਲ, ੧੯੯੫ ਈ. ਨੂੰ ਵੈਸਾਖੀ ਵਾਲੇ ਦਿਨ ਭਲੱਈ (ਮੱਧ ਪ੍ਰਦੇਸ਼) ਵਿਚ ਪੇਸ਼ ਕੀਤਾ।

ਉਨ੍ਹਾਂ ਦੀ ਪ੍ਰਸਿੱਧੀ ਵੇਖ ਕੇ ਰੇਡੀਓ ਅਤੇ ਟੈਲੀਵਿਜ਼ਨ ਵਾਲਿਆਂ ਨੇ ਉਨ੍ਹਾਂ ਨਾਲ ਸੰਪਰਕ ਕੀਤਾ। ਸੰਨ ੧੯੬੨ ਈ. ਵਿਚ ਹਿੰਦ-ਚੀਨ ਦੀ ਲੜਾਈ ਸਮੇਂ ਗੁਰਚਰਨ ਸਿੰਘ ਦੇ ਜਥੇ ਨੇ ਵਾਰ ਪੇਸ਼ ਕੀਤੀ। ਸੰਨ ੧੯੬੫ ਈ. ਦੀ ਭਾਰਤ-ਪਾਕਿਸਤਾਨ ਦੀ ਜੰਗ ਸਮੇਂ ਵੀ ਇੰਨ੍ਹਾਂ ਦੀਆਂ ਸਾਧੀਆਂ ਹੋਈਆਂ ਵਾਰਾਂ ਰੇਡੀਓ ਤੋਂ ਹਰੇਕ ਘੰਟੇ ਬਾਅਦ ਸੁਣਾਈਆਂ ਜਾਂਦੀਆਂ। ਰੇਡੀਓ ਤੋਂ ਬਿਨਾਂ ਕਈ ਰਿਕਾਰਡਿੰਗ ਕੰਪਨੀਆਂ ਅਤੇ ਟੈਲੀਵਿਜ਼ਨ ਵਾਲਿਆਂ ਨੇ ਉਨ੍ਹਾਂ ਦੀਆਂ ਵਾਰਾਂ ਰਿਕਾਰਡ ਕੀਤੀਆਂ। ਇਸ ਤਰ੍ਹਾਂ ਉਨ੍ਹਾਂ ਦੀ ਅਵਾਜ਼, ਰਚਨਾਵਾਂ ਅਤੇ ਗਾਇਨ ਕਲਾ ਹਰ ਘਰ ਤਕ ਪਹੁੰਚੀ। ਗੁਰਚਰਨ ਸਿੰਘ ਗੋਹਲਵੜੀਏ ਦੀਆਂ ਵਾਰਾਂ ਪ੍ਰਸੰਗਾਂ ਅਤੇ ਹੋਰ ਕਵਿਤਾਵਾਂ ਦੋ ਜਿਲਦਾਂ ਵਿਚ ਡਾ. ਰਾਏ ਜਸਬੀਰ ਸਿੰਘ ਅਤੇ ਡਾ. ਅਮਰਜੀਤ ਕੌਰ ਇੱਬਣ ਦੀ ਸੰਪਾਦਨਾ ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚੋਂ ਅਸੀਂ ਪਾਠਕਾਂ ਦੀ ਸਾਂਝ ਸ਼ਹੀਦ 'ਲਛਮਣ ਸਿੰਘ ਦੀ ਵਾਰ' ਨਾਲ ਪੁਆ ਰਹੇ ਹਾਂ। ਉਸ ਦੀਆਂ ਹੋਰ ਵਾਰਾਂ ਵਿਚ ਸ਼ਹੀਦ ਭਗਤ ਸਿੰਘ ਦੀ ਵਾਰ, 'ਬਾਬਾ ਦੀਪ ਸਿੰਘ ਦੀ ਵਾਰ', 'ਵਾਰ ਸ. ਊਧਮ ਸਿੰਘ', 'ਭਾਈ ਤਾਰੂ ਸਿੰਘ ਜੀ ਦੀ ਵਾਰ' ਅਤੇ 'ਬਿਧੀ ਚੰਦ ਦੀ ਵਾਰ' ਬਹੁਤ ਮਸ਼ਹੂਰ ਹੋਈਆਂ। ਭਗਤ ਸਿੰਘ ਵੱਲੋਂ ਸਾਂਡਰਸ ਨੂੰ ਮਾਰਨ ਅਤੇ ਊਧਮ ਸਿੰਘ ਵੱਲੋਂ ਜਨਰਲ ਡਾਇਰ ਨੂੰ ਫੁੰਡਣ ਦੀਆਂ ਕਥਾਵਾਂ ਤਾਂ ਸੱਚਮੁਚ ਲੂੰ ਕੰਡੇ ਖੜੇ ਕਰ ਦੇਣ ਵਾਲੀਆਂ ਸਨ। ਅਜਿਹੇ ਨਾਮਵਰ ਢਾਡੀ ਨੇ ਮਾਰਚ ੧੯੯੫ ਈ. ਵਿਚ ਆਪਣੇ ਪਿੰਡ ਵਿਚ ਹੀ ਆਖਰੀ ਸਾਹ ਲਏ।

ਗੱਲ ਅਰੰਭ ਕਰਨ ਲਈ ਕਵੀ ਨੂੰ ਕਿਸੇ ਨਾ ਕਿਸੇ ਬਹਾਨੇ ਦੀ ਲੋੜ ਅਥਵਾ ਕਾਰਨ ਦੀ ਤਲਾਸ਼ ਹੁੰਦੀ ਹੈ। ਮੱਧਕਾਲ ਵਿਚ ਇਹ ਬਹਾਨਾ ਦੋਸਤਾਂ-ਮਿੱਤਰਾਂ ਦੀ ਫੁਰਮਾਇਸ਼, ਸੁਪਨਾ, ਕੋਈ ਗਾਇਬਨਾ ਪ੍ਰੇਰਨਾ ਅਤੇ ਕਲ ਤੇ ਨਾਰਦ ਦੀ ਲੜਾਈ ਆਦਿ ਹੁੰਦਾ ਸੀ। ਵਾਰ ਕਿਉਂਕਿ ਮੱਧਕਾਲ ਦਾ ਹੀ ਅਤਿਅੰਤ ਸ਼ਕਤੀਸ਼ਾਲੀ ਕਾਵਿ ਰੂਪ ਹੈ, ਇਸ ਵਿਚ ਵੀ ਅਜਿਹੀ ਕਥਾ-ਰੂੜੀ ਦੇ ਅੰਸ਼ ਮਿਲ ਜਾਂਦੇ ਹਨ। ਨਨਕਾਣਾ ਸਾਹਿਬ ਦਾ ਸਾਕਾ ਭਾਵੇਂ ਮਹੰਤ ਨਰੈਣੂ ਦੇ ਕੁਕਰਮਾਂ ਅਤੇ ਦੁਰਾਚਾਰੀ ਕਾਰਨਾਮਿਆਂ ਦਾ ਪ੍ਰਤਿਫਲ ਸੀ ਪਰ ਕਵੀ ਗੁਰਚਰਨ ਸਿੰਘ ਇਸ ਦਾ ਕੋਈ ਹੋਰ ਹੀ ਕਾਰਨ ਦੱਸ ਕੇ ਗੱਲ ਅੱਗੇ ਤੋਰਦਾ ਹੈ। ਉਹ ਦੱਸਦਾ ਹੈ ਕਿ ਭਾਈ ਲਛਮਣ ਸਿੰਘ ਨੂੰ ਸੁੱਤੇ ਪਏ ਨੂੰ ਸੁਪਨਾ

ਆਇਆ ਜਿਸ ਵਿਚ ਦਸਮੇਸ਼ ਪਿਤਾ ਪ੍ਰਗਟ ਹੋ ਕੇ ਉਸ ਨੂੰ ਮਹੰਤ ਦੇ ਜ਼ੁਲਮਾਂ ਦਾ ਅੰਤ ਕਰਨ ਅਤੇ ਉਸ ਦਾ ਸਿਰ ਅਥਵਾ ਸ਼ਹੀਦੀ ਮੰਗਦੇ ਹਨ। ਦਿਨ ਚੜ੍ਹੇ ਉਸ ਨੇ ਇਹ ਸੁਪਨਾ ਬਾਕੀ ਸਿੰਘਾਂ ਨਾਲ ਸਾਂਝਾ ਕੀਤਾ। ਲਾਗਲੇ ਪਿੰਡਾਂ ਦੇ ਲੋਕ ਵੀ ਨਾਲ ਆਣ ਰਲੇ। ਉਸ ਦੀ ਭੈਣ ਉਸ ਨੂੰ ਨਨਕਾਣਾ ਸਾਹਿਬ ਜਾਣ ਤੋਂ ਵਰਜਦੀ ਹੈ ਪਰ ਉਹ ਆਪਣੇ ਪ੍ਰਣ ਉੱਪਰ ਅਡਿੱਗ ਰਹਿੰਦਾ ਹੈ। ਧਰਤੀ ਉੱਤੇ ਲੀਕ ਖਿੱਚ ਕੇ ਉਹ ਸਾਥੀਆਂ ਨੂੰ ਵੰਗਾਰਦਾ ਹੈ ਕਿ ਜਿਸ ਨੇ ਸਿਰ ਦੇਣਾ ਹੈ, ਉਹ ਹੀ ਲੀਕ ਟੱਪ ਕੇ ਉਸ ਨਾਲ ਰਲੇ, ਦੂਜੇ ਉੱਥੇ ਖੜੇ ਰਹਿਣ। ਲੀਕ ਤਾਂ ਕਿਸੇ ਨੇ ਕੀ ਟੱਪਣੀ ਸੀ, ਸਭ ਨੇ ਜੈਕਾਰੇ ਬੁਲਾ ਕੇ ਉਸ ਨਾਲ ਚੱਲਣ ਦੀ ਆਪਣੀ ਸਹਿਮਤੀ ਦੇ ਦਿੱਤੀ। ਓਧਰ ਮਹੰਤ ਨੇ ਵੀ ਪੂਰੀ ਤਿਆਰੀ ਕਰ ਰੱਖੀ ਸੀ। ਲਛਮਣ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਾ ਬੈਠਾ। ਜਥੇ ਦੇ ਗੁਰਦੁਆਰਾ ਸਾਹਿਬਾਨ ਅੰਦਰ ਪੈਰ ਪਾਉਂਦਿਆਂ ਹੀ ਚਾਰ-ਚੁਫੇਰਿਓਂ ਗੋਲੀਆਂ ਦਾ ਮੀਂਹ ਵਰ੍ਹਨ ਲੱਗ ਪਿਆ ਅਤੇ ਇਹ ਉਦੋਂ ਤਕ ਵਰ੍ਹਦਾ ਰਿਹਾ ਜਦ ਤਕ ਦਾਰੂ-ਸਿੱਕਾ ਮੌਜੂਦ ਰਿਹਾ। ਫਿਰ ਟੋਕਿਆਂ, ਕੁਹਾੜੀਆਂ ਨਾਲ ਜ਼ਖ਼ਮੀ ਅਤੇ ਸਹਿਕਦੇ ਸਿੰਘਾਂ ਦੇ ਟੋਟੇ ਕਰ ਕੇ ਬਲਦੀ ਅੱਗ ਵਿਚ ਸੁੱਟ ਦਿੱਤੇ ਗਏ, ਤਾਬਿਆ ਬੈਠੇ ਲਛਮਣ ਸਿੰਘ ਨੂੰ ਵੀ ਜ਼ਾਲਮ ਧੂਹ ਕੇ ਲੈ ਗਏ ਅਤੇ ਜੰਡ ਨਾਲ ਬੰਨ੍ਹ ਕੇ ਉੱਪਰੋਂ ਤੇਲ ਪਾ ਕੇ ਸਾੜ ਦਿੱਤਾ। ਨਿਰਦੈਤਾ ਦੀ ਹੱਦ ਇਹ ਕਿ ਇਕ ਅੱਠ-ਨੌਂ ਸਾਲ ਦੇ ਬਾਲਕ ਨੂੰ ਵੀ ਨਾ ਬਖ਼ਸ਼ਿਆ।

ਗੁਰਚਰਨ ਸਿੰਘ ਗੋਹਲਵੜੀਆ ਕਿਉਂਕਿ ਇੱਕ ਢਾਡੀ ਅਤੇ ਸਾਜ਼ਾਂ ਦਾ ਧਨੀ ਵਿਅਕਤੀ ਸੀ ਜਿਸ ਲਈ ਪੇਸ਼ਕਾਰੀ (Performance) ਅਤਿਅੰਤ ਮਹੱਤਵਪੂਰਨ ਸੀ। ਉਸ ਨੂੰ ਪਤਾ ਸੀ ਜਿੰਨਾ ਚਿਰ ਗਾਇਕ ਵਿਚ ਵੀ ਵੰਨ-ਸੁਵੰਨਤਾ ਨਾ ਹੋਵੇ, ਓਨਾ ਚਿਰ ਉਹ ਸਟੇਜ ਉੱਪਰ ਨਹੀਂ ਜੰਮਦੀ। ਇਸੇ ਲਈ ਉਸ ਦੀਆਂ ਵਾਰਾਂ ਵਿਚ ਛੰਦਾਂ ਦੀ ਵੰਨ-ਸੁਵੰਨਤਾ ਹੈ ਕਿਉਂਕਿ ਛੰਦ ਹੀ ਲੈਅ ਦਾ ਮੂਲ ਹੈ। ਗੁਰਚਰਨ ਸਿੰਘ ਦੀ ਇਹ ਰਚਨਾ ਆਪਣੇ ਮੂਲ ਰੂਪ ਇੱਥੇ ਵਿਚ ਅਗਲੇ ਪੰਨਿਆਂ ਉੱਪਰ ਦਿੱਤੀ ਜਾ ਰਹੀ ਹੈ।

## ਸ਼ਹੀਦ ਲਛਮਣ ਸਿੰਘ ਦੀ ਵਾਰ

**ਸਾਕਾ :**

*ਸੁੱਤੇ ਲਛਮਣ ਸਿੰਘ ਨੂੰ, ਇਕ ਸੁਪਨਾ ਆਇਆ।*
*ਸੁਪਨੇ ਵਿਚ ਦਸ਼ਮੇਸ਼ ਨੇ, ਆ ਦਰਸ ਦਿਖਾਇਆ।*
*ਉਠ ਬਚੜਿਆ ਮੇਰਿਆ, ਚਿਰ ਕਾਹਨੂੰ ਲਾਇਆ।*
*ਵਿਚ ਨਨਕਾਣੇ ਮਹੰਤ ਨੇ, ਬਹੁਤ ਸ਼ੋਰ ਮਚਾਇਆ।*
*ਦੁਰਾਚਾਰ ਬਦਕਾਰ ਨੇ, ਬਹੁਤ ਜ਼ੁਲਮ ਕਮਾਇਆ।*

*ਤੇਰੇ ਸਿਰ ਦੀ ਲੋੜ ਹੈ, ਸਿਰ ਦੇਣਾ ਆਇਆ।*

**ਵਾਰ:**

*ਅੰਮ੍ਰਿਤ ਵੇਲੇ ਉਠ ਕੇ, ਕੀਤਾ ਸਿੰਘ ਇਸ਼ਨਾਨ।*
*ਪਾਠ ਕੀਤਾ ਨਿਤਨੇਮ ਦਾ, ਹੋ ਕੇ ਅੰਤਰ ਧਿਆਨ।*
*ਕਰ ਅਰਦਾਸਾਂ ਉੱਠਿਆ, ਗਲ ਵਿਚ ਪਾ ਕਿਰਪਾਨ।*
*ਪਿੰਡਾਂ ਦੇ ਜਨੇ ਇਕੱਠੇ, ਕਰ ਕੇ ਜਵਾਨ।*
*ਸੁਪਨੇ ਵਾਲੀ ਵਾਰਤਾ, ਕੀਤੀ ਕੁਲ ਬਿਆਨ।*
*ਉਠੋ ਸਿੰਘੋ ਸੂਰਿਓ, ਹੋਣਾ ਜਿਨ ਕੁਰਬਾਨ।*
*ਵਿਚ ਨਨਕਾਣੇ ਸੱਦਦਾ, ਸਤਿਗੁਰੂ ਜਾਣੀ ਜਾਨ।*
*ਦੁਸ਼ਟ ਮਹੰਤ ਸੁਧਾਰਨਾ, ਜਿਹੜਾ ਪੱਕਾ ਬੇਈਮਾਨ।*

**ਜੱਗਾ:**

*੧. ਹੋ ਕੇ ਸਾਹਮਣੇ ਭਰਾ ਨੂੰ ਆਖਿਆ,*
*ਭੈਣ ਪਿਆਰੀ ਨੇ, ਵੀਰਾ,*
*੨. ਨਾ ਰੋਕ ਪਿਆਰੀਏ ਭੈਣੇ ਗੁਰੂ ਘਰ ਜਾਂਦਿਆਂ ਨੂੰ, ਭੈਣਾਂ।*
*੩. ਸਾਨੂੰ ਆਸਰੇ ਕੀਹਦੇ ਛੱਡ ਚੱਲਿਆ,*
*ਏਨੀ ਗੱਲ ਜਾ ਦੱਸ ਕੇ, ਵੀਰਾ।*
*੪. ਭੈਣ ਪਿਆਰੀਏ ਵਾਹਿਗੁਰੂ ਰਾਖਾ,*
*ਸਾਰੀ ਦੁਨੀਆ ਦਾ, ਭੈਣਾ।*
*੫. ਰਾਤੀ ਸੁਪਨੇ 'ਚ ਜੋ ਮੈਂ ਵੇਖਿਆ,*
*ਮੈਥੋਂ ਨਹੀਂ ਜਾਂਦਾ ਦੱਸਿਆ, ਵੀਰਾ।*
*੬. ਜਾਨ ਲੱਗ ਜਾਏ ਗੁਰੂ ਘਰ ਵਾਸਤੇ,*
*ਹੋਰ ਦੱਸ ਕੀ ਲੱਭਣਾ, ਭੈਣਾਂ।*

**ਸਾਕਾ:**

*ਤੁਰਦੇ ਲਛਮਣ ਸਿੰਘ ਨੇ, ਏਹ ਬਾਤ ਉਚਾਰੀ।*
*ਤੁਸੀਂ ਵੱਸੋ ਰਸੋ ਨਾਲ ਖੁਸ਼ੀ ਦੇ, ਸਭ ਸਣ ਪ੍ਰਵਾਰੀ।*
*ਅਸੀਂ ਫਤਿਹ ਬੁਲਾਈਏ ਸਭ ਨੂੰ, ਹੁਣ ਜਾਂਦੀ ਵਾਰੀ।*
*ਅਸੀਂ ਗੁਰ ਚਰਨਾਂ ਤੋਂ ਵਾਰਨੀ, ਇਹ ਜਿੰਦ ਪਿਆਰੀ।*
*ਜੀਉਂਦੇ ਰਹੇ ਤਾਂ ਮਿਲਾਂਗੇ, ਕਹਿ ਕਰੀ ਤਿਆਰੀ।*
*ਨਹੀਂ ਤੇ ਮੇਲੇ ਹੋਣਗੇ, ਸਚਖੰਡ ਮਝਾਰੀ।*

**ਵਾਰ:**

*ਲੀਕ ਖਿੱਚ ਕੇ ਜਥੇਦਾਰ ਬੋਲਿਆ,*

*ਅਸੀਂ ਚੱਲੇ ਹਾਂ ਸ਼ਹੀਦੀਆਂ ਪਾਣ।*
*ਉਹ ਮੁੜ ਜਾਏ ਅਸਾਂ 'ਚੋਂ ਹੁਣੇ ਹੀ,*
*ਜਿਹੜਾ ਚਾਹੁੰਦਾ ਬਚਾਉਣੀ ਜਾਨ।*
*ਉੱਥੇ ਹੱਥ ਨਹੀਂ ਕਿਸੇ ਨੂੰ ਕੁਛ ਆਉਣਾ,*
*ਪੈਣੀ ਕਰਨੀ ਜਾਨ ਕੁਰਬਾਨ।*
*ਸਿੱਖੀ ਸਿੱਲ ਹੈ ਅਲੂਣੀ ਚੱਟਣੀ,*
*ਮੁੱਖੋਂ ਭਾਈ ਗੁਰਦਾਸ ਫੁਰਮਾਨ।*
*ਜਿਹੜੇ ਚਾਹੁੰਦੇ ਸੀਨੇ 'ਚ ਖਾਈਏ ਗੋਲੀਆਂ,*
*ਲੀਕੋਂ ਅੱਗੇ ਉਹੋ ਕਦਮ ਉਠਾਣ।*
*ਗੁਰੂ ਘਰ ਜੋ ਸ਼ਹੀਦੀਆਂ ਪਾਉਣਗੇ,*
*ਗੋਦੀ ਗੁਰੂ ਸਾਹਿਬ ਉਨ੍ਹਾਂ ਨੂੰ ਬਿਠਾਣ।*

**ਗੱਡੀ:**

*ਗੱਲ ਸੁਣ ਕੇ ਜਥੇਦਾਰ ਵਾਲੀ,*
*ਸਿੰਘਾਂ ਨੇ ਜੈਕਾਰਾ ਛੱਡਿਆ।*
*ਕਹਿੰਦੇ ਹੱਸ ਕੇ ਸ਼ਹੀਦੀਆਂ ਪਾਈਏ,*
*ਏਨੀ ਆਖ ਤੁਰੇ ਸੂਰਮੇ।*
*ਪਤਾ ਹੋ ਗਿਆ ਜਥਾ ਹੈ ਆਇਆ,*
*ਉਧਰੋਂ ਨਰੈਣ ਦਾਸ ਨੂੰ*
*ਏਧਰ ਸਿੰਘ ਵੀ ਜਥੇ ਦੇ ਸਾਰੇ,*
*ਗੁਰੂ ਘਰ ਆਣ ਅਪੜੇ।*
*ਗੁਰੂ ਗ੍ਰੰਥ ਦੀ ਤਾਬਿਆ ਬੈਠਾ,*
*ਲਛਮਣ ਸਿੰਘ ਸੂਰਮਾ।*
*ਕੋਠੇ ਚੜ੍ਹਕੇ ਨਰੈਣੇ ਦਿੱਤੀ ਬੋਲੀ,*
*ਜ਼ਾਲਮਾਂ ਚਲਾਈਆਂ ਗੋਲੀਆਂ।*
*ਹੱਸ ਹੱਸ ਕੇ ਬਹਾਦਰ ਖਾਂਦੇ,*
*ਛਾਤੀਆਂ 'ਚ ਗੋਲੀਆਂ ਨੂੰ।*
*ਗੋਦੀ ਮੌਤ ਦੀ ਸਦਾ ਲਈ ਸੌਂ ਗਏ*
*ਲਾਡਲੇ ਨੇ ਜਾਨਾਂ ਵਾਰਦੇ।*
*ਅੱਗੋਂ ਹੱਥ ਨਾ ਕਿਸੇ ਵੀ ਚੁੱਕਿਆ,*
*ਮਿੱਠਾ ਤੇਰਾ ਭਾਣਾ ਆਖਦੇ।*
*ਦਾਰੂ ਸਿੱਕਾ ਜਾਂ ਖ਼ਤਮ ਸਾਰਾ ਹੋ ਗਿਆ,*

*ਜ਼ਾਲਮਾਂ ਨੇ ਟੋਕੇ ਫੜ ਕੇ।*
*ਛੋਟੇ-ਛੋਟੇ ਸੀ ਬਣਾਏ ਟੋਟੇ,*
*ਗੁਰੂ ਦੇ ਦੁਲਾਰਿਆਂ ਦੇ।*
*ਅੱਠ ਨੌਂ ਸਾਲ ਦਾ ਇਕ ਲੜਕਾ,*
*ਮੰਜੀ ਸਾਹਿਬ* ਹੇਠਾਂ ਲੁਕਿਆ।*
*ਨਹੀਂ ਤਰਸ ਜਰਾ ਵੀ ਕੀਤਾ,*
*ਪਾਪੀ ਹਤਿਆਰਿਆਂ ਨੇ।*
*ਟੋਟੇ ਉਸ ਦੇ ਉੱਥੇ ਹੀ ਕੀਤੇ,*
*ਪਾਪ ਵਾਲੀ ਹੱਦ ਮੁਕ ਗਈ।*
*ਏਥੇ ਬਸ ਨਾ ਜ਼ਾਲਮਾਂ ਕੀਤਾ,*
*ਅੱਗੇ ਵਾਲੀ ਸੁਣੋ ਵਾਰਤਾ।*
*ਇਕ ਢੇਰ ਲੱਕੜਾਂ ਦਾ ਲਾ ਕੇ,*
*ਸਿੰਘ ਸਾਰੇ ਪਏ ਉਸ ਤੇ।*
*ਕਈ ਫੱਟੜ ਜੀਂਦੇ ਅਜੇ ਸਹਿਕਦੇ,*
*ਤੇ ਕਈ ਸੀ ਸ਼ਹੀਦੀ ਪਾ ਗਏ।*
*ਉੱਤੇ ਪਾ ਪਟਰੋਲ ਅੱਗ ਲਾਈ,*
*ਜ਼ਾਲਮ ਨਰੈਣੂ ਨੇ।*
*ਲਾਲ ਗੁਰਾਂ ਦੇ ਗੁਰਾਂ ਤੋਂ ਜਿੰਦ ਵਾਰ ਗਏ,*
*ਚਿਤ ਨਾਲ ਗੁਰਚਰਨਾਂ।*
*ਜੋੜਿਆ,*
*ਸਿੰਘਾਂ ਪ੍ਰਵਾਨਿਆਂ ਦਾ ਮਾਣ ਤੋੜਿਆ।*

**ਗੱਡੀ:**

*ਗੁਰੂ ਗ੍ਰੰਥ ਤੋਂ ਰੁਮਾਲ ਹੈ ਸੀ ਚੁੱਕਿਆ, ਸ਼ਬਦ ਸੁਨਾਵਣ ਨੂੰ।*
*ਉਸੇ ਵਕਤ ਚੰਡਾਲ ਨਰੈਣੂ, ਸਾਥੀਆਂ ਨੂੰ ਹੁਕਮ ਦਿੱਤਾ।*
*ਗੋਲੀ ਚੱਲ ਪਈ ਬੱਦਲ ਜਿਉਂ ਵਰਖਾ, ਚਾਰ ਚੁਫੇਰਿਓਂ ਹੀ।*
*ਮੰਗੀ ਆਗਿਆ ਸਿੰਘਾਂ ਨੇ ਜਥੇਦਾਰ ਤੋਂ, ਜ਼ਾਲਮਾਂ ਦੇ ਟਾਕਰੇ ਲਈ।*
*ਸ਼ਾਂਤ ਮਈ ਹੈ ਪ੍ਰਣ ਨਿਭਾਉਣਾ, ਕਿਹਾ ਅੱਗੋਂ ਜਥੇਦਾਰ ਨੇ।*
*ਸੀਨੇ ਵਾਂਗ ਛਾਨਣੀ ਕਰਵਾ ਲਏ, ਗੋਲੀਆਂ ਦੇ ਛੇਕ ਪੈ ਗਏ।*
*ਗੁਰੂ ਗ੍ਰੰਥ ਨੂੰ ਗੋਲੀਆਂ ਵੱਜੀਆਂ, ਵਿੰਨ੍ਹ ਕੇ ਜਥੇਦਾਰ ਨੂੰ।*
*ਆਣ ਮਚਿਆ ਘਾਣ ਲਹੂ ਮਿਝ ਦਾ, ਵਿਚ ਦਰਬਾਰ ਸਾਹਿਬ ਦੇ।*

---

*ਇਤਿਹਾਸਿਕ ਸ੍ਰੋਤਾਂ ਮੁਤਾਬਿਕ ਬੱਚੇ ਦੇ ਅਲਮਾਰੀ ਵਿਚ ਹੋਣ ਬਾਰੇ ਦੱਸਿਆ ਗਿਆ ਹੈ।

*ਜਥੇਦਾਰ ਨੂੰ ਬੱਧਾ ਨਾਲ ਜੰਡ ਦੇ, ਹੱਥਾਂ ਵਿਚ ਕਿੱਲ ਠੋਕ ਦੇ।*
*ਫਿਰ ਕਰ ਕੇ ਨਿੱਕੇ-ਨਿੱਕੇ ਟੋਟੇ, ਗੁਰੂ ਦੇ ਦੁਲਾਰਿਆਂ ਦੇ।*
*ਜਥੇਦਾਰ ਦੇ ਚੁਫੇਰੇ ਖਲਾਰੇ, ਜ਼ਾਲਮਾਂ ਨੇ ਚੁੱਕ ਚੁੱਕ ਕੇ।*
*ਪੀਪੇ ਪਾ ਕੇ ਉੱਤੋਂ ਪਟਰੋਲ ਦੇ, ਅੱਗ ਜਦੋਂ ਲਾਉਣ ਲੱਗੇ।*
*ਕਹਿੰਦਾ,*
*ਕਿੱਥੇ ਤੇਰਾ ਨਾਨਕ ਦੱਸ ਰਹਿੰਦਾ।*

**ਬੈਂਤ :**

*ਲਾਈ ਅੱਗ ਮਹੰਤ ਨੇ ਸੂਰਮੇ ਨੂੰ,*
*ਘੋੜੀ ਮੌਤ ਵਾਲੀ ਯੋਧਾ ਚੜ੍ਹਨ ਲੱਗਾ।*
*ਲੰਬੂ ਨਿਕਲਿਆ ਅੱਗ ਦਾ ਮਾਰ ਲਾਟਾਂ,*
*ਚਿਰੜ ਚਿਰੜ ਕਰ ਕੇ ਮਾਸ ਸੜਨ ਲੱਗਾ।*
*ਤੇਰਾ ਭਾਣਾ ਮਿੱਠਾ ਮੂੰਹੋਂ ਵਾਜ ਆਵੇ,*
*ਰਤੀ ਰਤੀ ਸਰੀਰ ਤੋਂ ਝੜਨ ਲੱਗਾ।*
*ਸੋਨਾ ਪਾਸੇ ਦਾ ਪਾਸ ਸੁਨਿਆਰ ਜਾ ਕੇ,*
*ਵੇਖੋ ਮੁੰਦਰੀ ਯਾਰ ਲਈ ਜੜਨ ਲੱਗਾ।*

**ਸਾਕਾ:**

*ਆਉਂਦਾ ਤਕ ਦਲੀਪ ਸਿੰਘ, ਨਰੈਣੂ ਬੋਲੇ।*
*ਮੈਂ ਭੁੰਨੇ ਵਾਂਗ ਕਬਾਬ ਦੇ ਸਿੰਘਾਂ ਦੇ ਟੋਲੇ।*
*ਮੈਂ ਲਛਮਣ ਸਿੰਘ ਦੇ ਸਾੜ ਕੇ, ਕਰ ਦਿੱਤੇ ਕੋਲੇ।*
*ਤੂੰ ਜਾਨ ਬਚਾਅ ਲੈ ਆਪਣੀ, ਮੈਥੋਂ ਹੋ ਕੇ ਓਹਲੇ।*
*ਸੁਣਕੇ ਬਟਨ ਕਮੀਜ਼ ਦੇ ਝਟ ਸਿੰਘ ਨੇ ਖੋਹਲੇ।*
*ਮੈਨੂੰ ਵੀ ਘੱਲ ਜ਼ਾਲਮਾਂ, ਸਿੰਘਾਂ ਦੇ ਕੋਲੇ।*
*ਸਿੰਘ ਗੁਰੂ ਦਸਮੇਸ਼ ਦਾ, ਨਾ ਮਰਨੋ ਡੋਲੇ।*

**ਵਾਰ:**

*ਗੱਲ ਜਾਲਮ ਨਰੈਣੂ ਸੁਣਦਿਆਂ ਗੋਲੀ ਦਿੱਤੀ ਝੱਟ ਸਿੰਘ ਨੂੰ ਮਾਰ।*
*ਸਿੱਧੀ ਵੱਜ ਗਈ ਕਲੇਜੇ ਵਿਚ ਆਣ ਕੇ, ਸੀਨਾ ਚੀਰ ਕੇ ਲੰਘ ਗਈ ਪਾਰ।*
*ਸਿੰਘ ਡਿੱਗਦੇ ਜੈਕਾਰਾ ਛੱਡਿਆ, ਕਹਿੰਦਾ ਮਰੂੰ ਤਾਂ ਹਰਿ ਕੇ ਦਵਾਰ।*
*ਜੇਹੜੇ ਡਾਕੂ ਨਰੈਣੂ ਨਾਲ ਸੀ, ਕੀਤੇ ਸਿੰਘ ਤੇ ਉਨ੍ਹਾਂ ਨੇ ਵਾਰ।*
*ਹੋ ਕੇ ਫੱਟੜ ਜ਼ਮੀਨ ਤੇ ਜਾ ਪਿਆ, ਮੂੰਹੋਂ ਕਹਿੰਦਾ ਕਰਤਾਰ ਕਰਤਾਰ।*
*ਫਿਰ ਚੁੱਕ ਕੇ ਚੰਡਾਲ ਸੀ ਲੈ ਗਏ, ਜਾ ਕੇ ਸੁੱਟਿਆ ਭੱਠੀ ਵਿਚਕਾਰ।*
*ਘਾਲੀ ਘਾਲ ਜੋ ਦਲੀਪ ਸਿੰਘ ਸੂਰਮੇ, ਰਹੂ ਯਾਦ ਸਦਾ ਜਗ ਵਿਚਕਾਰ।*

**ਬੈਂਤ :**

*ਡਰਦੀ ਮੌਤ ਕੋਲੋਂ ਫਿਰੇ ਕੁਲ ਦੁਨੀਆਂ,*
*ਐਪਰ ਸਿੰਘਾਂ ਨੇ ਮੌਤ ਕੰਬਾ ਛੱਡੀ।*
*ਮਨੀ ਸਿੰਘ ਨੇ ਬੰਦ ਕਟਵਾਉਣ ਵੇਲੇ,*
*ਮੌਤ ਉਂਗਲਾਂ ਉੱਤੇ ਨਚਾ ਛੱਡੀ।*
*ਦੀਪ ਸਿੰਘ ਬਾਬੇ ਜੰਗ ਕਰਨ ਵੇਲੇ,*
*ਮੌਤ ਪੈਰਾਂ ਦੇ ਵਿਚ ਰੁਲਾ ਛੱਡੀ।*
*ਤਾਰੂ ਸਿੰਘ ਨੇ ਚਰਖੜੀ ਚੜ੍ਹਨ ਵੇਲੇ,*
*ਮੌਤ ਨਹੀਂ ਸੀ ਖੇਡ ਬਣਾ ਛੱਡੀ?*
*ਮੌਤ ਕੋਲੋਂ ਨਾ ਜਿਨ੍ਹਾਂ ਨੂੰ ਡਰ ਆਵੇ,*
*ਕੌਣ ਜੰਮਿਆ ਉਨ੍ਹਾਂ ਨੂੰ ਮਿਟਾਉਣ ਵਾਲਾ।*
*ਸ਼ਮਾਂ ਬਲਦੀ ਹੋਵੇ ਜਦ ਸਾਹ ਵਾਲੀ,*
*ਫੇਰ ਕੌਣ ਪ੍ਰਵਾਨੇ ਨੂੰ ਹਟਾਉਣ ਵਾਲਾ।*
*ਲਛਮਣ ਸਿੰਘ ਕਿਹਾ ਫੇਰ ਜੰਡ ਤਾਈਂ,*
*ਸਣੇ ਟਾਹਣੀਆਂ ਪਤਿਆ ਸੜ ਰਿਹਾ ਏਂ।*
*ਏਸ ਜ਼ੁਲਮ ਦੀ ਅੱਗ ਵਿਚ ਮਿਤਰਾ ਉਏ,*
*ਮੇਰੇ ਨਾਲ ਬਿਦੋਸ਼ ਤੂੰ ਸੜ ਰਿਹਾ ਏਂ।*
*ਉਦੋਂ ਜੰਡ ਦੇ ਵਿੱਚੋਂ ਆਵਾਜ਼ ਆਈ,*
*ਜਦੋਂ ਤੀਕ ਜਹਾਨ ਏਹ ਰਹੂ ਸਿੰਘਾ,*
*ਉਦੋਂ ਤੀਕ ਮੈਨੂੰ ਜਿੰਦਾ ਕਰ ਚੱਲਿਆ,*
*ਮੇਰੀਆਂ ਜੜ੍ਹਾਂ ਵਿਚ ਡੋਲ ਕੇ ਲਹੂ ਸਿੰਘਾ।*
*ਮੇਰੇ ਕੋਲ ਜਦ ਚਲਕੇ ਆਊ ਕੋਈ,*
*ਹੋ ਬੇਵਸ ਏਦਾਂ ਮੂੰਹੋਂ ਕਹੂ ਸਿੰਘਾ।*
*ਏਹਦੇ ਨਾਲ ਬੰਨ੍ਹ ਕੇ ਲਛਮਣ ਸਿੰਘ ਸੜਿਆ,*
*ਤੇਰੇ ਨਾਲ ਮੇਰਾ ਨਾਮ ਲਊ ਸਿੰਘਾ।*
*ਤੇਰੀ ਵੇਖ ਕੁਰਬਾਨੀ ਨੂੰ ਯੋਧਿਆ ਓਏ,*
*ਲੱਗਾ ਪਾਪ ਨਨਕਾਣੇ 'ਚੋਂ ਨੱਸਣੇ ਨੂੰ।*
*ਤੇਰੇ ਨਾਲ ਸੜ ਕੇ ਜ਼ਿੰਦਾ ਰਵਾਂਗਾ ਮੈਂ,*
*ਤੇਰੇ ਹਾਲ ਜਹਾਨ ਦੇ ਦੱਸਣੇ ਨੂੰ।*

■

# ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ

*-ਜਨਾਬ ਬਸ਼ੀਰ ਮੁਹੰਮਦ**

'ਖ਼ੂਨੀ' ਸ਼ਬਦ ਹੀ ਅਜਿਹਾ ਹੈ ਜਿਸ ਨੂੰ ਸੁਣ ਕੇ ਮਨੁੱਖ ਦੇ ਦਿਮਾਗ 'ਚ ਗੰਡਾਸੇ, ਤਲਵਾਰਾਂ, ਰਾਈਫਲਾਂ ਦੇ ਡੁੱਲ੍ਹੇ ਖ਼ੂਨ ਦੀ ਤਸਵੀਰ ਆ ਜਾਂਦੀ ਹੈ ਜਿਸ ਨੂੰ ਸਾਧੂ-ਜਨ ਚੰਗਾ ਨਹੀਂ ਸਮਝਦਾ। ਅੰਗਰੇਜ਼ਾਂ ਦੀ ਸਾਜ਼ਿਸ਼ ਨਾਲ ਪੰਜਾਬ ਦੇ ਸਾਰੇ ਗੁਰਦੁਆਰਾ ਸਾਹਿਬਾਨ 'ਤੇ ਕਬਜ਼ਾ ਮਹੰਤਾਂ ਦਾ ਹੋ ਗਿਆ। ਮਹੰਤ ਕਬਜ਼ਾ ਕਰਨ ਤੋਂ ਕੁਝ ਸਮਾਂ ਬਾਅਦ ਤਕ ਹੀ ਠੀਕ ਰਹੇ। ਬਾਅਦ ਵਿਚ ਗੁਰੂ ਸਾਹਿਬ ਦੀ ਹਾਜ਼ਰੀ ਵਿਚ ਵੀ ਕੁਰਹਿਤਾਂ ਕਰਨੋਂ ਨਾ ਟਲੇ ਸਗੋਂ ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਵਧ ਗਏ। ਬਜਰ ਕੁਰਹਿਤਾਂ ਹੁੰਦੀਆਂ। ਗੁਰਦੁਆਰੇ ਨਹੀਂ ਜਿਵੇਂ ਕਲੱਬ ਹਾਲ ਹੋਣ। ਅਕਾਲੀ ਸਿੰਘ, ਇਨ੍ਹਾਂ ਮਹੰਤਾਂ ਕੋਲੋਂ ਗੁਰਦੁਆਰੇ ਤੇ ਅੰਗਰੇਜ਼ਾਂ ਕੋਲੋਂ ਦੇਸ਼ ਅਜ਼ਾਦ ਕਰਾਉਣ ਦਾ ਸੰਘਰਸ਼ ਤੋਰੀ ਬੈਠੇ ਸਨ। ਅਕਾਲੀਆਂ ਨੂੰ ਅੰਗਰੇਜ਼ ਖ਼ਤਮ ਕਰਨਾ ਚਾਹੁੰਦੇ ਸੀ। ਉਧਰ ਅਕਾਲੀਆਂ ਦਾ ਮਹੰਤਾਂ ਨਾਲ ਵੀ ਵੈਰ ਪਿਆ ਸੀ। ਅੰਗਰੇਜ਼ਾਂ ਨੇ ਦੋਗਲੀ ਨੀਤੀ ਚਲਾਈ। ਉਹ ਅਕਾਲੀਆਂ ਨੂੰ ਮਹੰਤਾਂ ਰਾਹੀਂ ਖ਼ਤਮ ਕਰਵਾਉਣਾ ਚਾਹੁੰਦੇ ਸੀ। ਆਪ ਪਿੱਛੇ ਹਟ ਕੇ ਮਹੰਤਾਂ ਨੂੰ ਮਦਦ ਦੇ ਰਹੇ ਸਨ। ਅਕਾਲੀਆਂ ਨੇ ਮਹੰਤਾਂ ਤੋਂ ਗੁਰੂ-ਘਰ ਮੁਕਤ ਕਰਾਉਣ ਲਈ ਜਥੇ ਤੋਰਨ ਦੀ ਤਿਆਰੀ ਕਰ ਲਈ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ-ਅਸਥਾਨ 'ਤੇ ਮਹੰਤ ਨਰੈਣ ਦਾਸ ਦਾ ਕਬਜ਼ਾ ਸੀ। ਨਰੈਣ ਦਾਸ ਸੰਗਤ ਦੀ ਸ਼ਰਧਾ ਦਾ ਚੜ੍ਹਾਵਾ ਖਾ-ਖਾ ਕੇ ਗੁਰੂ-ਘਰ ਪ੍ਰਤੀ ਆਪਣੀ ਸ਼ਰਧਾ ਗੁਆ ਚੁੱਕਾ ਸੀ, ਉਸ ਦੀ ਸ਼ਰਧਾ ਹੀ ਖ਼ਤਮ ਨਹੀਂ ਸੀ ਹੋਈ ਸਗੋਂ ਬਜਰ ਕੁਰਹਿਤੀਆ ਵੀ ਬਣ ਚੁੱਕਾ ਸੀ। ਉਸ ਦਾ ਮਨ ਬੇਈਮਾਨ ਤੇ ਲਾਲਚ ਵੱਸ ਅਪਰਾਧੀ ਹੋ ਗਿਆ। ਇਸ ਮਹਾਨ ਅਸਥਾਨ ਦੀ ਪਵਿੱਤਰਤਾ ਨੂੰ ਭੁੱਲ ਗਿਆ।

੨੧ ਫਰਵਰੀ, ੧੯੨੧ ਈ. ਨੂੰ ਜੋ ਦੁਖਾਂਤ ਵਾਪਰਿਆ ਇਸ ਨੂੰ ਪੜ੍ਹ-ਸੁਣ ਕੇ ਧਾਅ ਨਿਕਲਦੀ ਹੈ। ਅੱਜ ਵੀ ਅਣਖੀ ਸੂਰਬੀਰਾਂ ਦੀਆਂ ਅੱਖਾਂ 'ਚ ਖ਼ੂਨ ਉਤਰ ਆਉਂਦਾ ਹੈ। ਇਹ ਕੁਝ ਇਸ ਤਰ੍ਹਾਂ ਹੋਇਆ ਕਿ ਮਹੰਤ ਨਰੈਣ ਦਾਸ ਕਰਤਾ-ਧਰਤਾ ਨਨਕਾਣਾ ਸਾਹਿਬ, ਗੁਰਦੁਆਰਾ ਸਾਹਿਬ ਦੀ ਮਰਯਾਦਾ ਨੂੰ ਜਾਣਦਾ ਹੋਇਆ ਵੀ ਅਣਭੋਲ ਹੋ ਗਿਆ। ਆਪਣੇ ਕਰਿੰਦਿਆਂ ਨਾਲ ਸ਼ਰਾਬ ਦਾ ਦੌਰ ਚਲਾ ਰਿਹਾ ਸੀ ਅੰਗਰੇਜ਼ਾਂ ਦਾ ਪਿੱਠੂ ਸੀ, ਜੋ ਹੁਕਮ ਅੰਗਰੇਜ਼ ਅਫਸਰ ਕਰਦੇ ਸੋ ਕਰਦਾ। ੨੦ ਫਰਵਰੀ, ੧੯੨੧ ਈ. ਨੂੰ ਨਰੈਣ ਦਾਸ ਅਰਾਮ ਕੁਰਸੀ 'ਤੇ ਧੁੱਪੇ ਬੈਠਾ ਸੀ, ਤਾਂ ਬਾਹਰਲੇ ਗੇਟ ਰਾਹੀਂ ਦੋ ਆਦਮੀ ਆਏ ਤੇ ਮਹੰਤ ਨੂੰ ਕਹਿਣ ਲੱਗੇ, "ਮਹੰਤ ਜੀ!

*ਪਿੰਡ ਤੇ ਡਾਕ: ਝਨੇਰ, ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ।*

ਕਾਇਮ ਹੋ ਜਾਵੇ। ਕੱਲ੍ਹ ੨੧ ਫਰਵਰੀ ਨੂੰ ਇਸ ਗੁਰਦੁਆਰੇ 'ਚੋਂ ਕੱਢਣ ਲਈ ਅਕਾਲੀਆਂ ਦੇ ਜਥੇ ਆ ਰਹੇ ਹਨ।" ਮਹੰਤ ਨਰੈਣ ਦਾਸ ਆਪਣੇ ਸਾਥੀ ਮਹੰਤ ਗੁਰਦਿੱਤ ਸਿੰਘ ਨੂੰ ਨਾਲ ਲੈ ਕੇ ਅੰਗਰੇਜ਼ ਅਫ਼ਸਰ ਕੋਲ ਚਲਾ ਗਿਆ। ਜਥੇ ਦੇ ਆਉਣ ਬਾਰੇ ਦੱਸਿਆ। ਅੰਗਰੇਜ਼ ਖੁਸ਼ ਹੋਇਆ। ਇਹੀ ਸਭ ਕੁਝ ਤਾਂ ਉਹ ਚਾਹੁੰਦਾ ਸੀ। ਸਾਰਾ ਸਲਾਹ-ਮਸ਼ਵਰਾ ਕਰ ਕੇ, ਕੁਝ ਜ਼ਰ-ਖਰੀਦ ਪਠਾਣ ਤੇ ਭਾੜੇ ਦੇ ਬਦਮਾਸ਼ ਨਾਲ ਲੈ ਕੇ ਮਹੰਤ ਗੁਰਦਿੱਤ ਸਿੰਘ ਗੁਰਦੁਆਰਾ ਸਾਹਿਬ ਚਲਾ ਗਿਆ। ਮਹੰਤ ਨਰੈਣ ਦਾਸ ਗੋਰੇ ਨਾਲ ਹੋਰ ਪ੍ਰੋਗਰਾਮ ਬਣਾਉਣ ਲੱਗਾ। ਅੰਗਰੇਜ਼ ਕਹਿ ਰਿਹਾ ਸੀ, "ਆਜ ਰਾਤ ਕੋ ੫੦ ਲੀਟਰ ਮਿੱਟੀ ਕਾ ਤੇਲ ਔਰ ੫੦ ਕੁਇੰਟਲ ਸੁਕੀ ਲੱਕੜੀ ਤੇ ਹਥਿਆਰਾਂ ਦਾ ਜਖੀਰਾ ਆਪ ਕੇ ਪਾਸ ਪਹੁੰਚ ਜਾਏਗਾ।"

ਮਹੰਤ ਨਰੈਣ ਦਾਸ ਗੁਰਦੁਆਰਾ ਸਾਹਿਬ ਪਹੁੰਚ ਗਿਆ। ਸਾਰੇ ਬਦਮਾਸ਼, ਕਰਿੰਦੇ ਤੇ ਪਠਾਣ ਕਮਰਿਆਂ 'ਚ ਬੰਦ ਸਨ ਤਾਂ ਕਿ ਕਿਸੇ ਨੂੰ ਪਤਾ ਨਾ ਲੱਗ ਜਾਵੇ। ਸਾਰੇ ਸ਼ਰਾਬ ਪੀ ਰਹੇ ਸੀ, ਮੀਟ ਖਾ ਰਹੇ ਸੀ। ਜਦ ਤਕ ਗੋਰੇ ਸਾਮਾਨ ਨਹੀਂ ਛੱਡ ਕੇ ਗਏ, ਉਸ ਸਮੇਂ ਤਕ ਮਹੰਤ ਨਰੈਣ ਦਾਸ ਚੈਨ ਨਾਲ ਨਹੀਂ ਬੈਠਾ। ਜਦੋਂ ਅੰਗਰੇਜ਼ ਅਫ਼ਸਰ ਖੱਚਰ-ਰੇਹੜਿਆਂ 'ਤੇ ੫੦ ਤੇਲ ਦੇ ਪੀਪੇ, ੫੦ ਕੁਇੰਟਲ ਲੱਕੜਾਂ, ਹਥਿਆਰ ਗੋਲੀ-ਸਿੱਕਾ (ਕੁਝ ਤਾਂ ਮਹੰਤ ਕੋਲ ਪਹਿਲਾਂ ਹੀ ਸੀ) ਤੇ ਹੋਰ ਬਹੁਤ ਸਮੱਗਰੀ ਗੋਰਾ ਛੱਡ ਗਿਆ। ਮਹੰਤ ਨਰੈਣ ਦਾਸ ਮਸਤਿਆ ਫਿਰਦਾ ਸੀ। ਉਸ ਨੇ ਸਾਰਾ ਗੋਲੀ-ਸਿੱਕਾ ਤੇ ਹਥਿਆਰ ਚੈੱਕ ਕੀਤੇ। ਪਾਪੀ ਜ਼ਾਲਮ ਪਾਪ ਕਮਾਉਣ ਦੀਆਂ ਤਿਆਰੀਆਂ ਕਰ ਚੁੱਕਾ ਸੀ। ਇਧਰ ਸ. ਲਛਮਣ ਸਿੰਘ (ਧਾਰੋਵਾਲੀਆ) ਆਪਣੇ ਜਥੇ ਵਿਚ ਸਿੰਘਾਂ ਨੂੰ ਸ਼ਾਮਲ ਕਰ ਰਹੇ ਸੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ-ਸਥਾਨ ਮੁਕਤ ਕਰਵਾਉਣ ਲਈ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਆਉਣਾ ਸੀ। ਉਨ੍ਹਾਂ ਨਾਲ ਇਕ ਦਸ ਕੁ ਸਾਲ ਦਾ ਲੜਕਾ ਦਰਬਾਰਾ ਸਿੰਘ ਵੀ ਆਪਣੇ ਬਾਪ ਨਾਲ ਜਥੇ 'ਚ ਜਾਣ ਦੀ ਜ਼ਿੱਦ ਕਰ ਰਿਹਾ ਸੀ। ਉਸ ਦੀ ਮਾਂ ਉਸ ਨੂੰ ਨਿਆਣਾ ਹੋਣ ਕਰਕੇ ਰੋਕ ਰਹੀ ਸੀ, ਪਰ ਉਹ ਨਹੀਂ ਰੁਕਿਆ।

ਮਹੰਤ ਨਰੈਣ ਦਾਸ ਦੇ ਜ਼ਾਲਮ ਗੁੰਡੇ, ਬਦਮਾਸ਼ ਸਵੇਰੇ ਉੱਠਣ ਸਾਰ ਹੀ ਨਸ਼ੇ ਵਰਤਣ ਲੱਗੇ। ਅਫੀਮ ਤੇ ਸ਼ਰਾਬ ਮਹੰਤ ਨਰੈਣ ਦਾਸ ਤੇ ਮਹੰਤ ਗੁਰਦਿੱਤ ਸਿੰਘ ਆਪ ਵੰਡ ਰਹੇ ਸਨ। ਡਿਉਢੀ ਦਾ ਬਾਹਰਲਾ ਗੇਟ ਖੋਲ੍ਹ ਦਿੱਤਾ। ਜਿਨ੍ਹਾਂ ਨੇ ਸ਼ਰਾਬ ਨਹੀਂ ਪੀਤੀ ਉਹ ਦਰਬਾਰ ਸਾਹਿਬ ਅੰਦਰ ਜਾ ਕੇ ਬੈਠ ਗਏ। ਮਹੰਤ ਬਾਹਰਲੇ ਗੇਟ 'ਤੇ ਦਰਬਾਰ ਸਾਹਿਬ ਦੇ ਵਿਚਕਾਰ ਉੱਚੀ ਥਾਂ ਚੌਂਕੜਾ ਮਾਰ ਕੇ ਮਾਲਾ ਫੇਰਨ ਲੱਗਿਆ। ਮਿੱਥੇ ਪ੍ਰੋਗਰਾਮ ਅਨੁਸਾਰ ਸਾਰੇ ਬਦਮਾਸ਼ ਆਪੋ-ਆਪਣੇ ਟਿਕਾਣਿਆਂ 'ਤੇ ਖੜ੍ਹ ਗਏ। ਅੱਧ ਤੋਂ ਵੱਧ ਲੁਕ ਗਏ ਜੋ ਮੌਕੇ 'ਤੇ ਬਾਹਰ ਆਉਣੇ ਸੀ। ਗੁਰਬਾਣੀ ਦਾ ਪਾਠ ਸ਼ੁਰੂ ਹੋ ਗਿਆ। ਸ਼ੱਕ ਕਰਨ 'ਤੇ ਵੀ ਨਹੀਂ ਲੱਗਦਾ ਸੀ ਕਿ ਖ਼ੂਨੀ ਕਹਿਰ ਦੀ ਤਿਆਰੀ ਹੋ

ਗਈ ਹੈ। ਮਹੰਤ ਨਰੈਣ ਦਾਸ ਇਸ ਕਾਰਵਾਈ ਦੀ ਅਗਵਾਈ ਆਪ ਕਰ ਰਿਹਾ ਸੀ। ਸੰਗਤ ਆਉਂਦੀ ਜਾਂਦੀ ਰਹੀ। ਮਾਹੌਲ ਨੂੰ ਬੜੀ ਚਲਾਕੀ ਨਾਲ ਆਮ ਦੀ ਤਰ੍ਹਾਂ ਬਣਾਇਆ ਹੋਇਆ ਸੀ। ਜੋ ਸੰਗਤ ਨਮਸਕਾਰ ਕਰ ਕੇ ਮੁੜਦੀ ਉਸ ਨੂੰ ਪਰਸ਼ਾਦ ਦਿੱਤਾ ਜਾਂਦਾ। ਸਾਰੇ ਚੁੱਪ ਵਰਤੀ ਸੀ । ੧% ਵੀ ਸ਼ੱਕ ਨਹੀਂ ਸੀ ਪੈਦਾ ਹੁੰਦਾ।

ਸਵੇਰ ਦੇ ੬:੦੦ ਵਜੇ ਪਵਿੱਤਰ ਡਿਉਢੀ 'ਤੇ ਕੋਈ ਦੋ ਕੁ ਸੌ ਦਾ ਜਥਾ ਪੈਦਲ ਆ ਕੇ ਰੁਕਿਆ। ਇਹ ਜਥਾ ਸ. ਲਛਮਣ ਸਿੰਘ ਧਾਰੋਵਾਲੀਏ ਦੀ ਅਗਵਾਈ 'ਚ ਆਇਆ। ਧਰਮੀ ਮਰਜੀਵੜੇ ਇਕ-ਇਕ ਕਰ ਕੇ ਸ੍ਰੀ ਗੁਰੂ ਨਾਨਕ ਜੀ ਦੇ ਦਰ 'ਤੇ ਸੀਸ ਝੁਕਾਉਂਦੇ, ਧੂੜੀ ਮਸਤਕ ਨੂੰ ਲਾਉਂਦੇ, ਆਪਣੇ ਧੰਨ-ਭਾਗ ਸਮਝਦੇ ਹੋਏ ਅੰਦਰ ਚਲੇ ਜਾਂਦੇ। 'ਵਾਹਿਗੁਰੂ-ਵਾਹਿਗੁਰੂ' ਕਰਦੇ ਸ੍ਰੀ ਦਰਬਾਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਬੈਠ ਗਏ। ਭਾਈ ਲਛਮਣ ਸਿੰਘ ਜਥੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠ ਗਏ ਤੇ ਕੁਝ ਸਮਾਂ ਗੁਰਬਾਣੀ ਪੜ੍ਹਨ ਤੋਂ ਬਾਅਦ ਉਨ੍ਹਾਂ ਨੇ ਹੁਕਮਨਾਮਾ ਲਿਆ ਤੇ ਸਿੰਘਾਂ ਨੂੰ ਇਸ਼ਾਰਾ ਕੀਤਾ ਕਿ ਕੀਰਤਨ ਕਰਨ। ਕੁਝ ਸਿੰਘ ਕੀਰਤਨ ਕਰਨ ਲੱਗ ਪਏ। ਬਾਕੀ ਸਿੰਘ ਕੀਰਤਨ ਦਾ ਅਨੰਦ ਮਾਣ ਰਹੇ ਸਨ। ਸਿੰਘ ਏਨੇ ਲੀਨ ਹੋ ਗਏ ਕਿ ਉਨ੍ਹਾਂ ਦਾ ਸਵਾਸ-ਸਵਾਸ, ਰੋਮ-ਰੋਮ ਸਿਮਰਨ ਨਾਲ ਬੱਝਾ ਬੈਠਾ ਸੀ। ਉਨ੍ਹਾਂ ਨੂੰ ਆਪਣੇ ਆਪ ਦਾ ਵੀ ਪਤਾ ਨਹੀਂ ਸੀ। ਸਾਰਾ ਖ਼ਿਆਲ ਗੁਰੂ ਸ਼ਬਦ ਨਾਲ ਹੀ ਜੋੜਿਆ ਹੋਇਆ ਸੀ। ਪਰ ਮਹੰਤ ਦੇ ਕਰਿੰਦੇ ਜੋ ਦਰਬਾਰ ਸਾਹਿਬ ਅੰਦਰ ਬੈਠੇ ਸਨ, ਉਹ ਹੌਲੀ-ਹੌਲੀ ਇਕ-ਇਕ ਕਰ ਕੇ ਬਾਹਰ ਆ ਗਏ। ਮਹੰਤ ਨੇ ਡਿਉਢੀ ਦਾ ਬਾਹਰਲਾ ਗੇਟ ਲਗਵਾ ਦਿੱਤਾ, ਜੋ ਗੁੰਡੇ ਲੁਕੇ ਹੋਏ ਸੀ ਉਹ ਵੀ ਸਾਵਧਾਨ ਹੋ ਗਏ। ਜਦੋਂ ਸਾਰੇ ਪੁਜ਼ੀਸ਼ਨਾਂ ਸੰਭਾਲ ਗਏ ਤਾਂ ਸਾਰਿਆਂ ਦੀ ਨਜ਼ਰ ਮਹੰਤ ਵੱਲੀਂ ਸੀ।

ਅਖੀਰ ਪਾਪੀ ਨਰੈਣ ਦਾਸ ਨੇ ਇਸ਼ਾਰਾ ਕੀਤਾ ਤੇ ਗੋਲੀਆਂ ਦੀ ਵਾਛੜ ਖੁੱਲ੍ਹ ਗਈ। ਜੋ ਸਿੰਘ ਦਰਬਾਰ ਸਾਹਿਬ ਤੋਂ ਬਾਹਰ ਸੀ, ਗੋਲੀਆਂ ਨਾਲ ਭੁੰਨ ਦਿੱਤੇ। ਸਿੰਘਾਂ ਦੇ ਸਰੀਰ, ਤੜਫਣ ਲੱਗੇ, ਸਰੀਰ ਖ਼ੂਨ ਨਾਲ ਲੱਥ-ਪੱਥ ਹੋ ਗਏ। ਲੋਥਾਂ ਢੇਰੀ ਹੋ ਗਈਆਂ। ਖ਼ੂਨ ਦੇ ਪਰਨਾਲੇ ਚੱਲ ਪਏ। ਪਾਪੀ ਵਾਰ-ਵਾਰ ਸ਼ਹੀਦ ਹੋਏ ਸਿੰਘਾਂ ਦੇ ਵੀ ਗੋਲੀਆਂ ਮਾਰ ਰਿਹਾ ਸੀ। ਜੋ ਸਿੰਘ ਦਰਬਾਰ ਸਾਹਿਬ ਅੰਦਰ ਸੀ, ਉਨ੍ਹਾਂ ਨੇ ਅੰਦਰੋਂ ਹੀ ਗੇਟਾਂ ਨੂੰ ਕੁੰਡੇ ਲਾ ਲਏ। ਸਿੰਘਾਂ ਦੀਆਂ ਅੱਖਾਂ 'ਚ ਖ਼ੂਨ ਆ ਗਿਆ ਤੇ ਇਕ ਸਿੰਘ ਕਹਿਣ ਲੱਗਿਆ ਕਿ ਅਸੀਂ ਗੇਟ ਖੋਲ੍ਹ ਕੇ ਇਨ੍ਹਾਂ ਕੋਲੋਂ ਰਾਈਫਲਾਂ ਖੋਹ ਕੇ ਇਨ੍ਹਾਂ ਗੁੰਡਿਆਂ ਦਾ ਨਾਮੋ-ਨਿਸ਼ਾਨ ਮਿਟਾ ਦੇਈਏ। ਪਰ ਜਥੇਦਾਰ ਲਛਮਣ ਸਿੰਘ ਨੇ ਕਿਹਾ ਕਿ ਅਸੀਂ ਸ਼ਾਂਤ ਰਹਿ ਕੇ ਹੀ ਸ਼ਹੀਦੀਆਂ ਦੇਵਾਂਗੇ। ਇਸ ਮਹੰਤ ਦੇ ਬੱਜਰ ਪਾਪਾਂ ਨੂੰ ਸਾਡਾ ਖ਼ੂਨ ਹੀ ਸਾਫ ਕਰੇਗਾ। ਜਦੋਂ ਬਾਹਰੋਂ ਸਾਰੇ ਸਿੰਘ ਸ਼ਹੀਦ ਹੋ ਗਏ ਤਾਂ ਪਾਪੀਆਂ ਨੇ ਚਾਂਦੀ ਦਾ ਗੇਟ ਥੋੜ੍ਹਾ ਜਿਹਾ ਫਾਇਰ ਕਰਨ ਲਈ ਤੋੜ ਲਿਆ। ਮੋਰੀ ਵਿਚ ਦੀ ਗੋਲੀਆਂ ਚਲਾਉਣ ਲੱਗੇ, ਜਦੋਂ ਅੰਦਰ ਸਿੰਘਾਂ ਦੇ ਗੋਲੀਆਂ ਲੱਗਣ ਲੱਗੀਆਂ, ਉਨ੍ਹਾਂ ਦੇ

ਸਰੀਰ 'ਚੋਂ ਖ਼ੂਨ ਨਿਕਲਣ ਲੱਗਿਆ, ਬਾਹਰ ਇਕ ਕੁੰਡ ਬਣਾਇਆ ਸੀ ਜਿਸ ਵਿਚ ਫਰਸ਼ ਧੋਣ 'ਤੇ ਪਾਣੀ ਆਉਂਦਾ ਸੀ। ਪਰ ਅੱਜ ਇਹ ਲਹੂ ਨਾਲ ਭਰ ਗਿਆ ਤੇ ਉੱਪਰ ਦੀ ਹੋ ਕੇ ਰਾਹ 'ਚ ਪੈਣ ਲੱਗਿਆ। ਸਾਰਾ ਨਨਕਾਣਾ ਸਾਹਿਬ ਗੂੰਜ ਉੱਠਿਆ। ਮਹੰਤ ਦੇ ਹੁਕਮ 'ਤੇ ਸ੍ਰੀ ਦਰਬਾਰ ਸਾਹਿਬ ਦੇ ਸਾਰੇ ਗੇਟ ਤੋੜ ਦਿੱਤੇ, ਜੋ ਸਿੰਘ ਬਚੇ ਸਨ ਉਹ ਗੇਟ ਤੋੜਦਿਆਂ ਸਾਰ ਹੀ ਗੋਲੀਆਂ ਨਾਲ ਭੁੰਨ ਦਿੱਤੇ। ਦਰਬਾਰਾ ਸਿੰਘ, ਸਿੰਘਾਂ ਨੇ ਅਲਮਾਰੀ 'ਚ ਬੰਦ ਕਰ ਦਿੱਤਾ ਸੀ। ਮਹੰਤ ਦੇ ਹੁਕਮ 'ਤੇ ਸ. ਲਛਮਣ ਸਿੰਘ ਨੂੰ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਸੀ, ਉਸ ਨੂੰ ਚਾਰ ਬਦਮਾਸ਼ਾਂ ਨੇ ਕੇਸਾਂ ਤੇ ਲੱਤਾਂ ਤੋਂ ਫੜ ਕੇ ਮਹੰਤ ਅੱਗੇ ਸੁੱਟ ਦਿੱਤਾ। ਮਹੰਤ ਨੇ ਹੁਕਮ ਕੀਤਾ ਕਿ ਇਸ ਦੇ ਗੋਲੀ ਨਹੀਂ ਮਾਰਨੀ। ਇਸ ਨੂੰ ਪੁੱਠਾ ਕਰ ਕੇ ਜੰਡ ਨਾਲ ਬੰਨ੍ਹ ਦੇਵੋ। ਤੇਲ ਪਾ ਕੇ ਜਿਊਂਦੇ ਨੂੰ ਹੀ ਅੱਗ ਲਾ ਦੇਵੋ। ਜ਼ਾਲਮ ਬੁੱਚੜ ਬਦਮਾਸ਼ਾਂ ਨੇ ਸ. ਲਛਮਣ ਸਿੰਘ ਨੂੰ ਜੰਡ ਨਾਲ ਪੁੱਠਾ ਬੰਨ੍ਹ ਦਿੱਤਾ। ਥੱਲੇ ਲੱਕੜਾਂ ਨੂੰ ਤੇਲ ਪਾ ਕੇ ਅੱਗ ਲਾ ਦਿੱਤੀ। ਸ. ਲਛਮਣ ਸਿੰਘ ਨੂੰ ਜਿਊਂਦੇ ਨੂੰ ਅੱਗ ਲਾ ਦਿੱਤੀ। ਵਾਹਿਗੁਰੂ. . . ਧੰਨ ਸਿੱਖੀ. . .। ਸ. ਲਛਮਣ ਸਿੰਘ ਬਹੁਤ ਤੜਫਿਆ ਤੇ ਨਰੈਣ ਦਾਸ ਮਜ਼ਾਕ ਕਰ ਰਿਹਾ ਸੀ; ਕਿਉਂ ਬਣਨਾ ਪੰਥ ਦਾ ਮੋਢੀ? ਮਹੰਤ ਨਰੈਣ ਦਾਸ ਨੇ ਵੱਡੇ ਭੱਠ ਲੱਕੜਾਂ ਚਿਣ ਕੇ ਬਣਾ ਲਏ। ਸਾਰੇ ਭੱਠਾਂ 'ਤੇ ਸਰੀਰ ਤੇ ਸ਼ਹੀਦਾਂ ਦੇ ਅੰਗ ਬਾਂਹਾਂ, ਲੱਤਾਂ ਭੱਠਾਂ 'ਚ ਚਿਣ ਦਿੱਤੇ ਤੇ ਅੱਗ ਲਗਾ ਦਿੱਤੀ ਤੇ ਚਲਦੀ ਗੋਲੀ 'ਚ ਮਹੰਤ ਨੇ ਆਪਣੇ ਦੋ-ਚਾਰ ਸਾਧ ਵੀ ਮਾਰ ਲਏ ਸੀ, ਜਿਨ੍ਹਾਂ ਦੀ ਲੋਥਾਂ ਉਸੇ ਤਰ੍ਹਾਂ ਹੀ ਪਈਆਂ ਸਨ ਕਿਉਂਕਿ ਇਹ ਲੋਥਾਂ ਅਕਾਲੀਆਂ ਸਿਰ ਲਾਉਣੀਆਂ ਸਨ ਤਾਂ ਕਿ ਕੇਸ ਸਿਰ ਨਾ ਪਵੇ। ਇਕ ਜ਼ਾਲਮ ਨੇ ਅਲਮਾਰੀ ਖੜਕਦੀ ਸੁਣੀ। ਜਦੋਂ ਖੋਲ੍ਹ ਕੇ ਵੇਖੀ ਤਾਂ ਉਸ ਵਿਚ ੧੦ ਕੁ ਸਾਲ ਦਾ ਬੱਚਾ ਸੀ। ਜਿਸ ਨੂੰ ਦੋ ਬੁੱਚੜ ਘੜੀਸ ਕੇ ਮਹੰਤ ਕੋਲ ਲੈ ਗਏ ਤੇ ਕਿਹਾ ਕਿ ਇਸ ਦਾ ਕੀ ਕਰਨਾ ਜੀ? ਮਹੰਤ ਨੇ ਕਿਹਾ, "ਇਹ ਵੀ ਅਕਾਲੀਆਂ ਦਾ ਹਮਾਇਤੀ ਹੈ, ਇਸ ਨੂੰ ਲੱਕੜਾਂ ਦੀ ਬਲ ਰਹੀ ਅੱਗ 'ਚ ਜਿਉਂਦੇ ਨੂੰ ਸੁੱਟ ਦੇਵੋ। ਬੱਚਾ ਦਰਬਾਰਾ ਸਿੰਘ ਕਹਿ ਰਿਹਾ ਸੀ, ਮੈਨੂੰ ਛੇਤੀ ਕਰੋ ਤਾਂ ਕਿ ਮੈਂ ਵੀ ਆਪਣੇ ਜਥੇ ਤੇ ਆਪਣੇ ਬਾਪ ਨਾਲ ਰਲ ਜਾਵਾਂ ਤਾਂ ਜ਼ਾਲਮਾਂ ਨੇ ਉਸ ਨੂੰ ਲਟਾ ਲਟ ਬਲ ਰਹੀ ਅੱਗ ਵਿਚ ਸੁੱਟ ਦਿੱਤਾ। ਉਹ ਵਿਚਾਰਾ ਕੁਝ ਸਮਾਂ ਔਖਾ ਹੋ ਕੇ ਸ਼ਹੀਦੀ ਪਾ ਗਿਆ। ਪਰ ਇਹ ਖ਼ੂਨ-ਪੀਣੇ ਦਰਿੰਦਿਆਂ ਨੇ ਕਸਰ ਕੋਈ ਨਾ ਛੱਡੀ। ਇਹ ੨੦੦ ਸਿੰਘਾਂ ਦਾ ਜਥਾ ਬੇਕਸੂਰਾ ਹੀ ਪ੍ਰਭੂ ਦਾ ਸਿਮਰਨ ਕਰਦਾ ਗੁਰੂ ਨਾਨਕ ਸਾਹਿਬ ਜੀ ਦੇ ਘਰ ਨੂੰ ਆਪਣੇ ਪਵਿੱਤਰ ਖ਼ੂਨ ਨਾਲ ਸਿੰਜ ਗਿਆ। ਬਾਅਦ ਵਿਚ ਸ਼ਹੀਦੀਆਂ ਰੰਗ ਲਿਆਈਆਂ। ਇਹ ਅਕਾਲੀਆਂ ਦੀ ਬਦੌਲਤ ਹੀ ਹੈ ਕਿ ਅੱਜ ਸਿੱਖ ਤੇ ਉਨ੍ਹਾਂ ਦੇ ਗੁਰੂ-ਘਰ ਅਜ਼ਾਦ ਹਨ।

***ਬਾਕੀ ਸਫ਼ਾ ੬੬ 'ਤੇ***

# ਸਾਕਾ ਨਨਕਾਣਾ ਸਾਹਿਬ-ਇਕ ਨਜ਼ਰੀਆ

*-ਪ੍ਰੋ. ਦਲਜੀਤ ਸਿੰਘ**

ਇਸ ਧਰਤੀ 'ਤੇ ਸਮੇਂ-ਸਮੇਂ ਕਈ ਨਵੀਆਂ ਵਿਚਾਰਧਾਰਾਵਾਂ, ਫ਼ਲਸਫ਼ੇ ਪਨਪੇ ਅਤੇ ਸਮੇਂ ਦੀ ਹਨੇਰੀ ਨਾਲ ਖੇਰੂੰ-ਖੇਰੂੰ ਹੋ ਗਏ। ਜਿਨ੍ਹਾਂ ਵਿਚਾਰਧਾਰਾਵਾਂ ਅਤੇ ਫ਼ਲਸਫ਼ਿਆਂ ਨੂੰ ਕੌਮਾਂ ਨੇ ਆਪਣੇ ਖ਼ੂਨ ਨਾਲ ਸਿੰਜਿਆ ਉਹ ਸਥਾਪਿਤ ਰਹੇ ਅਤੇ ਅਜੇ ਤਕ ਜਿਉਂ ਦੇ ਤਿਉਂ ਖੜ੍ਹੇ ਹਨ। ਜਿਨ੍ਹਾਂ ਕੌਮਾਂ ਵਿਚ ਮੌਤ ਪ੍ਰਤੀ ਲਾਪਰਵਾਹੀ ਅਤੇ ਨਿਡਰਤਾ, ਆਪਣੇ ਰਹਿਬਰ ਅਤੇ ਫ਼ਲਸਫ਼ੇ ਪ੍ਰਤੀ ਪੂਰਨ ਸਮਰਪਣ ਦੀ ਭਾਵਨਾ ਹੁੰਦੀ ਹੈ, ਉਨ੍ਹਾਂ ਦੇ ਵਜੂਦ ਨੂੰ ਕੋਈ ਤਾਕਤ ਅਤੇ ਜਬਰ ਖ਼ਤਮ ਨਹੀਂ ਕਰ ਸਕਦਾ। ਸੰਸਾਰ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਿਨ੍ਹਾਂ ਸਿਰ ਦਿੱਤੇ, ਆਪਾ ਵਾਰਿਆ ਉਹ ਕੌਮਾਂ ਜਿਉਂਦੀਆਂ ਹਨ ਅਤੇ ਸੰਸਾਰੀਆਂ ਨੂੰ ਨਵੀਂ ਚੇਤਨਾ ਨਾਲ ਭਰਦੀਆਂ ਹਨ। ਸਿੱਖਾਂ ਦੀ ਖਾਲਸੇ ਦੇ ਰੂਪ ਵਿਚ ਇਸ ਧਰਤੀ 'ਤੇ ਸਥਾਪਤੀ ਅਕਾਲ ਪੁਰਖ ਦੀ ਉਸ ਮੌਜ ਦੀ ਗਵਾਹੀ ਹੈ ਜਿਹੜੀ ਦਸਵੇਂ ਪਾਤਸ਼ਾਹ ਦੇ ਰਾਹੀਂ ਆਪਣਾ ਮੁਕੰਮਲ ਰੂਪ ਧਾਰਨ ਕਰਦੀ ਹੈ। ਅਕਾਲ ਪੁਰਖ ਇਸ ਧਰਤੀ ਨੂੰ ਉਨ੍ਹਾਂ ਮਰਦ ਪੁਰਖਾਂ ਰਾਹੀਂ ਸੰਵਾਰਨਾ ਅਤੇ ਸਜਾਉਣਾ ਚਾਹੁੰਦਾ ਹੈ, ਜਿਨ੍ਹਾਂ ਨੇ ਸੱਚ ਦੀ ਗਵਾਹੀ ਭਰਨੀ ਹੈ ਅਤੇ ਉਸ ਦੀ ਸਥਾਪਤੀ ਲਈ ਆਪਾ ਕੁਰਬਾਨ ਕਰਨ ਲਈ ਤਤਪਰ ਰਹਿਣਾ ਹੈ। ਇਸ ਧਰਤੀ ਧਰਮਸਾਲ ਨੂੰ ਕਾਮਲ ਪੁਰਖਾਂ ਨਾਲ ਸੁਸ਼ੋਭਿਤ ਕਰਨ ਲਈ ਹੀ ਪੂਰਨ ਪੁਰਖ ਨੇ ਖਾਲਸੇ ਦੀ ਹੋਂਦ ਨੂੰ ਸਾਕਾਰ ਰੂਪ ਦਿੱਤਾ।

ਮਹਾਨ ਕੌਮਾਂ ਯਕੀਨਨ ਪਰਮਾਤਮਾ ਵੱਲੋਂ ਸੱਚ ਦੀ ਗਵਾਹੀ ਭਰਨ ਲਈ ਸਮੇਂ-ਸਮੇਂ ਨਵੇਂ ਇਮਤਿਹਾਨਾਂ ਵਿੱਚੋਂ ਗੁਜ਼ਰ ਕੇ ਸੱਚ ਪ੍ਰਤੀ ਸੰਸਾਰ ਨੂੰ ਚੇਤਨਾ ਦਿੰਦੀਆਂ ਹਨ। ਵੱਡਾਪਨ ਵੱਡਿਆਂ ਕਾਰਨਾਮਿਆਂ ਕਰਕੇ ਹਾਸਲ ਹੁੰਦਾ ਹੈ। ਵੱਡੀ ਘਾਲਣਾ, ਵੱਡੇ ਆਦਰਸ਼ ਸਿਰਜ ਕੇ ਲੋਕਾਈ ਦੀ ਅਗਵਾਈ ਲਈ ਪ੍ਰੇਰਨਾ-ਸ੍ਰੋਤ ਬਣਦੀ ਹੈ। ਸਿੱਖ ਇਸ ਧਰਤੀ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਹੋਂਦ ਵਿਚ ਆ ਕੇ ਦਸਵੇਂ ਪਾਤਸ਼ਾਹ ਦੀ ਅੰਮ੍ਰਿਤ-ਅਸੀਸ ਸਦਕਾ ਸੰਤ-ਸਿਪਾਹੀ ਦੀ ਨਵੀਂ ਬੁਲੰਦੀ ਨੂੰ ਛੂੰਹਦਾ ਅਤੇ ਉਸ ਦੀ ਰਾਖੀ ਲਈ ਬੋਟੀ-ਬੋਟੀ ਹੋਣ ਦੇ ਹੌਸਲੇ ਨਾਲ ਪੂਰਨਤਾ ਨੂੰ ਹਾਸਲ ਕਰਦਾ ਹੈ। ਸਿੱਖ, ਪੰਜ-ਭੂਤਕ ਸਰੀਰ ਗੁਰੂ ਦੀ ਅਗਵਾਈ ਤੋਂ ਬਾਅਦ ਸ਼ਬਦ-ਗੁਰੂ ਦੀ ਸਰਪ੍ਰਸਤੀ ਹੇਠ ਲੋਕਾਈ ਸਨਮੁਖ ਹੋ ਕੇ ਨਵੀਆਂ ਪੈੜਾਂ ਪਾਉਂਦਾ ਆਪਣੇ ਸੱਚੇ ਪਾਤਸ਼ਾਹ ਨੂੰ ਸੱਚੀ ਨਮਸਕਾਰ ਕਰਦਾ ਹੈ।

ਸਿੱਖ ਜਿੰਨੀ ਸ਼ਿੱਦਤ ਨਾਲ ਬਾਣੀ ਪੜ੍ਹਦਾ, ਸੇਵਾ ਕਰਦਾ ਅਤੇ ਆਪਣੇ ਗ੍ਰਿਹਸਥ ਜੀਵਨ ਨੂੰ ਨਿਭਾਉਂਦਾ ਹੈ, ਉਸ ਦੇ ਨਾਲ ਹੀ ਵਧੇਰੇ ਚਾਅ ਤੇ ਉਮਾਹ ਨਾਲ ਇਸ ਦੀ ਰਾਖੀ ਅਤੇ ਸਥਾਪਤੀ ਲਈ ਕੁਰਬਾਨ ਹੋਣ ਲਈ ਵੀ ਤਿਆਰ ਰਹਿੰਦਾ ਹੈ। ਇਤਿਹਾਸ ਇਨ੍ਹਾਂ ਦੀ

**ਸਾਬਕਾ ਪ੍ਰੋਫ਼ੈਸਰ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ।*

ਇਸ ਦ੍ਰਿੜ੍ਹਤਾ ਦੀ ਗਵਾਹੀ ਸੀਨਾ ਠੋਕ ਕੇ ਦਿੰਦਾ ਹੈ। ਘਟਨਾਵਾਂ, ਤੱਥ, ਤਾਰੀਖਾਂ, ਚਰਿੱਤਰ ਇੰਨੇ ਜੀਵੰਤ ਅਤੇ ਪ੍ਰਮਾਣਿਕ ਹਨ ਕਿ ਇਵੇਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਉਹ ਸਭ ਸਾਡੇ ਸਾਹਮਣੇ ਹੀ ਵਾਪਰਿਆ ਹੋਵੇ। ਕੋਈ ਕਲਪਨਾ ਜਾਂ ਕਹਾਣੀ ਨਹੀਂ ਘੜੀ ਗਈ, ਯਥਾਰਥ-ਚਿਤਰਨ ਹੈ ਉਸ ਵਾਸਤਵਿਕਤਾ ਦਾ ਜੋ ਵਾਪਰੀ ਅਤੇ ਆਪਣੇ ਕਦੀ ਨਾ ਭੁੱਲਣ ਵਾਲੇ ਨਿਸ਼ਾਨ ਛੱਡ ਗਈ, ਤਾਂ ਕਿ ਆਉਣ ਵਾਲੀਆਂ ਨਸਲਾਂ ਆਪਣੇ ਬਜ਼ੁਰਗਾਂ ਤੋਂ ਪ੍ਰੇਰਨਾ ਲੈ ਕੇ ਸੱਚ ਦੀ ਸਥਾਪਤੀ ਲਈ ਹਰ ਪੱਖੋਂ ਤੱਤਪਰ ਰਹਿਣ। ਨਨਕਾਣਾ ਸਾਹਿਬ ਦੀ ਉਹ ਪਾਵਨ ਧਰਤੀ ਜਿੱਥੇ ਦੁਨੀਆ ਦੇ ਸਭ ਤੋਂ ਮਹਾਨ ਆਧੁਨਿਕ, ਅਧਿਆਤਮਿਕ, ਰਾਜਨੀਤਿਕ, ਆਰਥਿਕ, ਸਮਾਜਿਕ ਚਿੰਤਕ ਨੇ ਕਦਮ ਰੱਖੇ; ਜਿਸ ਦੀ ਆਮਦ ਨਾਲ ਜ਼ਰ੍ਹਾ-ਜ਼ਰ੍ਹਾ ਖੁਸ਼, ਉਤਸ਼ਾਹਿਤ ਅਤੇ ਪ੍ਰਫੁੱਲਤ ਹੋਇਆ, ਮਨੁੱਖਤਾ ਨੇ ਸੁਖ, ਸਕੂਨ ਮਹਿਸੂਸਿਆ ਅਤੇ ਸੱਚ ਦੀ ਪਛਾਣ ਕੀਤੀ; ਉਸ ਮਹਾਨ ਪੁਰਖ ਨੂੰ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਪੁਕਾਰਿਆ ਅਤੇ ਸਤਿਕਾਰਿਆ ਜਾਂਦਾ ਹੈ। ਜਿੱਥੇ ਇਸ ਮਹਾਨ ਗੁਰੂ ਦੇ ਕਦਮ ਪਏ, ਉਹ ਧਰਤੀ ਧੰਨ ਹੋ ਗਈ, ਉਹ ਘਰ ਧਰਮਸਾਲ ਹੋ ਗਿਆ।

ਸਮੇਂ ਦੇ ਗੁਜ਼ਰਨ ਨਾਲ ਧਰਮਸਾਲਾਵਾਂ 'ਤੇ ਕਾਬਜ਼ ਬੰਦੇ ਬਦਕਾਰ, ਖੂੰਖਾਰ ਅਤੇ ਵਿਭਚਾਰੀ ਹੋ ਗਏ। ਗੁਰਧਾਮਾਂ ਦੀ ਕਮਾਈ ਆਪਣੇ ਨਿੱਜੀ ਸਵਾਰਥਾਂ ਹਿੱਤ ਖਰਚਣ ਲੱਗੇ। ਬਾਬੇ ਦਾ ਅਦਬ, ਸਤਿਕਾਰ ਭੁੱਲਦੇ ਗਏ। ਜਦੋਂ ਇਹ ਆਪਣੀ ਹਉਂ ਵਿਚ ਅੰਨ੍ਹੇ ਹੋ ਗਏ ਤਾਂ ਗੁਰੂ ਦੇ ਖਾਲਸੇ ਨੇ ਆਪਣੇ ਫ਼ਰਜ਼ ਨਿਭਾਉਣ ਲਈ ਸਿਰ ਤਲੀ 'ਤੇ ਰੱਖੇ। ਨਨਕਾਣਾ ਸਾਹਿਬ ਦਾ ਸਾਕਾ ਸਿੱਖਾਂ ਦੀ ਮਰਦਾਨਗੀ ਅਤੇ ਗੁਰੂ ਪ੍ਰਤੀ ਵਫ਼ਾਦਾਰੀ ਦਾ ਉਹ ਪੁਖਤਾ ਸਬੂਤ ਹੈ ਜਿਸ ਨੇ ਯੁੱਗਾਂ-ਯੁੱਗਾਂ ਤਕ ਖਾਲਸਈ ਕਾਰਗੁਜ਼ਾਰੀ ਨੂੰ ਜਿਊਂਦੀ ਰੱਖਣਾ ਹੈ। ਇਹ ਉਨ੍ਹਾਂ ਨਾਪਾਕ ਪੁਰਖਾਂ ਦੀ ਉਦਾਹਰਨ ਵੀ ਦਰਸਾਉਂਦਾ ਰਹੇਗਾ ਜਿਨ੍ਹਾਂ ਮਨੁੱਖਤਾ ਨੂੰ ਕਲੰਕਿਤ ਹੀ ਨਹੀਂ ਕੀਤਾ ਬਲਕਿ ਮਨੁੱਖ ਦੇ ਅੰਦਰ ਪਈ ਉਸ ਦਰਿੰਦਗੀ ਦਾ ਪਰਦਾਫਾਸ਼ ਵੀ ਕੀਤਾ ਹੈ ਜੋ ਧਾਰਮਿਕ ਲਿਬਾਸ ਦੇ ਅੰਦਰ ਆਪਾ ਲੁਕਾਈ ਰੱਖਦੀ ਹੈ। ਇਹ ਇਸ ਗੱਲ ਦੀ ਸਾਖੀ ਵੀ ਬਣਦੀ ਹੈ ਕਿ ਪਵਿੱਤਰ ਧਰਮ-ਸਥਾਨਾਂ 'ਤੇ ਭੇਖ ਧਾਰ ਕੇ ਕਾਬਜ਼ ਹੋਇਆਂ ਕੋਈ ਫਰਿਸ਼ਤਾ ਜਾਂ ਪੂਰਨ ਪੁਰਖ ਨਹੀਂ ਬਣਦਾ। ਸੱਚਾ ਗੁਰੂ ਆਪਣੇ ਸਾਤਵਿਕ ਰੂਪ ਖਾਲਸੇ ਰਾਹੀਂ ਪ੍ਰਗਟ ਹੋ ਕੇ ਅਜਿਹੀ ਭੇਖੀ ਅਤੇ ਮੈਲੀ ਵਿਵਸਥਾ ਨੂੰ ਨਾ ਸਿਰਫ਼ ਵੰਗਾਰਦਾ ਹੈ ਬਲਕਿ ਉਸ ਦੀਆਂ ਜੜ੍ਹਾਂ ਪੁੱਟ ਸੁੱਟਣ ਦੀ ਤਾਕਤ ਵੀ ਰੱਖਦਾ ਹੈ।

ਜਿਸ ਧਰਤੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਆਪਣੇ ਵਜੂਦ ਨੂੰ ਖ਼ਲਕਤ ਦੇ ਸਾਹਮਣੇ ਪੂਜਨੀਕ ਪਵਿੱਤਰ ਧਾਮ ਰੂਪ ਵਿਚ ਪੇਸ਼ ਕੀਤਾ, ਜਿੱਥੋਂ ਸੰਸਾਰ ਨੂੰ ਸ਼ਾਂਤੀ, ਪ੍ਰੇਮ, ਭਾਈਚਾਰੇ ਅਤੇ ਅਧਿਆਤਮਿਕ ਉੱਨਤੀ ਦੀ ਲੋਅ ਲੱਗੀ, ਅੱਜ ਉਹੀ ਧਰਤੀ ਆਪਣੇ ਨਾਲ ਇਕ ਹੋਰ ਇਤਿਹਾਸਿਕ ਵਰਕਾ ਜੋੜਨ ਲਈ ਤਿਆਰ ਹੋਈ ਪ੍ਰਤੀਤ ਹੁੰਦੀ ਹੈ। ਅੱਯਾਸ਼ ਮਹੰਤ ਨਰੈਣ ਦਾਸ ਕੁਝ ਕੁ ਹਮਖ਼ਿਆਲੀ ਅਤੇ ਹਮਪਿਆਲੀ ਚਾਪਲੂਸਾਂ ਨਾਲ ਮਿਲ ਕੇ ਸਮੇਂ ਦੀ ਹਕੂਮਤ ਦੀ ਸ਼ਹਿ ਨਾਲ ਖਾਲਸਈ ਸ਼ਾਨ ਨੂੰ

ਲਲਕਾਰ ਪਾਉਂਦਾ ਹੈ। ਮਹੰਤ ਦੀ ਹਉਂ ਨੂੰ ਠੱਲ੍ਹ ਪਾਉਣ ਲਈ ਅਤੇ ਨਨਕਾਣਾ ਸਾਹਿਬ ਨੂੰ ਅਜਿਹੇ ਹੰਕਾਰੀ ਤੋਂ ਅਜ਼ਾਦ ਕਰਵਾਉਣ ਲਈ ਪਿੰਡ ਧਾਰੋਵਾਲੀ ਵਿਖੇ ਇਕ ਦੀਵਾਨ ਸਜਾਇਆ ਗਿਆ ਅਤੇ ਮਹੰਤ ਨੂੰ ਆਪਣਾ ਪ੍ਰਬੰਧ ਅਤੇ ਕਰਮਾਚਾਰ ਸੁਧਾਰਨ ਲਈ ਮਤਾ ਪਾਸ ਕੀਤਾ ਗਿਆ। ਜਦੋਂ ਮਹੰਤ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਆਪਣੇ ਸੁਧਾਰ ਦੀ ਬਜਾਏ ਸਿੱਖਾਂ ਨੂੰ ਸਬਕ ਸਿਖਾਉਣ ਦੀ ਠਾਣ ਲਈ ਅਤੇ ਤਿਆਰੀ ਅਰੰਭੀ। ਨਨਕਾਣਾ ਸਾਹਿਬ ਦੀ ਪਾਵਨ ਜੂਹ ਅੰਦਰ ਹਥਿਆਰ, ਤੇਲ ਅਤੇ ਜ਼ਰਾਇਮਪੇਸ਼ਾ ਬੰਦੇ ਇਕੱਤਰ ਕੀਤੇ ਤੇ ਉਸ ਅਸਥਾਨ ਨੂੰ ਮੋਰਚਾਬੰਦੀ ਕਰ ਕੇ ਜੰਗੀ ਕਿਲ੍ਹੇ ਦਾ ਰੂਪ ਦੇ ਦਿੱਤਾ। ਆਪਣੇ ਪਿਛਲੱਗੂਆਂ ਨੂੰ ਇਹ ਖਾਸ ਹਦਾਇਤ ਕੀਤੀ ਕਿ ਕੋਈ ਬਚੇ ਨਾ।

੨੦ ਫਰਵਰੀ, ੧੯੨੧ ਈ. ਨੂੰ ਭਾਈ ਲਛਮਣ ਸਿੰਘ ਹੋਰੀਂ ਲੱਗਭਗ ੧੫੦ ਸਿੰਘਾਂ ਦਾ ਜਥਾ ਲੈ ਕੇ ਸ਼ਾਂਤੀਪੂਰਨ ਅਤੇ ਗੁਰੂ-ਅਦਬ ਨਾਲ ਦਰਸ਼ਨੀ ਡਿਉਢੀ ਤੋਂ ਅੰਦਰ ਦਾਖ਼ਲ ਹੋਏ। ਭਾਈ ਲਛਮਣ ਸਿੰਘ ਹੋਰੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ ਅਤੇ ਬਾਕੀ ਸਿੰਘ ਦਰਬਾਰ ਸਾਹਿਬ ਦੇ ਹਾਲ ਵਿਚ ਬੈਠ ਕੇ ਸ਼ਬਦ ਪੜ੍ਹਨ ਵਿਚ ਮਗਨ ਹੋ ਗਏ। ਉੱਥੋਂ ਡੇਰੇ ਦੇ ਮਹੰਤ ਅਤੇ ਹੋਰ ਬੰਦੇ ਖਿਸਕ ਗਏ। ਇੰਨੇ ਵਿਚ ਛੱਤਾਂ ਉੱਤੇ ਬਣੇ ਮੋਰਚਿਆਂ ਵਿੱਚੋਂ ਗੋਲੀਆਂ ਦੀ ਬੁਛਾੜ ਸ਼ੁਰੂ ਹੋ ਗਈ। ਗੋਲੀਆਂ ਨਾਲ ਕਈ ਸਿੰਘ ਸ਼ਹੀਦ ਹੋ ਗਏ। ਸਹਿਕਦੇ ਜ਼ਖ਼ਮੀ ਸਿੰਘਾਂ ਨੂੰ ਛੱਤ ਤੋਂ ਉਤਰ ਕੇ ਮਹੰਤ ਦੇ ਗੁੰਡਿਆਂ ਨੇ ਛਵੀਆਂ, ਤਲਵਾਰਾਂ, ਗੰਡਾਸਿਆਂ ਨਾਲ ਵੱਢਣਾ-ਟੁੱਕਣਾ ਸ਼ੁਰੂ ਕੀਤਾ। ਜਦੋਂ ਅੰਦਰ ਵਾਲੇ ਸਿੰਘ ਸ਼ਹੀਦ ਕਰ ਦਿੱਤੇ ਗਏ ਤਾਂ ਮਹੰਤ ਜੋ ਘੋੜੇ 'ਤੇ ਸਵਾਰ ਮੂੰਹ 'ਤੇ ਕੱਪੜਾ ਲਪੇਟੀ, ਉਨ੍ਹਾਂ ਦੀ ਅਗਵਾਈ ਕਰ ਰਿਹਾ ਸੀ, ਗੁਰਦੁਆਰੇ ਦੇ ਗੇਟ ਤੋਂ ਬਾਹਰ ਆ ਗਿਆ ਅਤੇ ਬਾਹਰੋਂ ਆਉਣ ਵਾਲੇ ਸਿੱਖਾਂ ਨੂੰ ਮਰਵਾਉਣ ਲੱਗ ਪਿਆ। ਭਾਈ ਦਲੀਪ ਸਿੰਘ ਦੇ ਉੱਥੇ ਪਹੁੰਚਣ 'ਤੇ ਆਪ ਨਰੈਣ ਦਾਸ ਨੇ ਉਸ ਨੂੰ ਗੋਲੀ ਮਾਰੀ ਅਤੇ ਉਨ੍ਹਾਂ ਦੇ ਨਾਲ ਦੇ ਸਾਥੀ ਸ. ਵਰਿਆਮ ਸਿੰਘ ਨੂੰ ਉਸ ਦੇ ਗੁੰਡਿਆਂ ਨੇ ਚੀਰ ਸੁੱਟਿਆ। ਸਾਰੀਆਂ ਲੋਥਾਂ ਨੂੰ ਤਿੰਨ ਢੇਰਾਂ ਵਿਚ ਇਕੱਠਾ ਕਰ ਕੇ ਮਿੱਟੀ ਦਾ ਤੇਲ ਪਾ ਕੇ ਅੱਗ ਲਾਈ ਗਈ। ਭਾਈ ਲਛਮਣ ਸਿੰਘ ਹੋਰਾਂ ਨੂੰ ਜੰਡ ਨਾਲ ਬੰਨ੍ਹ ਕੇ ਤੇਲ ਪਾ ਕੇ, ਲਾਂਬੂ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

ਇਤਿਹਾਸ ਦਾ ਇਹ ਲਹੂ ਨਾਲ ਸੁਰਖ ਵਰਕਾ ਬੀਤੇ ਸਮੇਂ ਦੀ ਉਸ ਸੱਜਰੀ ਦਾਸਤਾਨ ਨਾਲ ਰੂ-ਬ-ਰੂ ਕਰਵਾਉਂਦਾ ਹੈ ਜਿਹੜੀ ਸਿਦਕ ਅਤੇ ਅਹੰਕਾਰ ਦੀ ਆਪਸੀ ਟੱਕਰ ਵਿੱਚੋਂ ਸਿਦਕ ਦੀ ਜਿੱਤ ਦੀ ਗਵਾਹੀ ਭਰਦੀ ਅਹਿੰਸਾ ਦੀ ਉਹ ਬੇਮਿਸਾਲ ਪਰਿਭਾਸ਼ਾ ਸਿਰਜਦੀ ਹੈ ਜਿਸ ਦੀ ਬਰਾਬਰੀ ਕੋਈ ਹੋਰ ਅਹਿੰਸਾਤਮਕ ਕ੍ਰਾਂਤੀ ਨਹੀਂ ਕਰ ਸਕਦੀ। ਕੌਮ ਦੇ ਲਾਸਾਨੀ ਇਤਿਹਾਸ ਨੂੰ ਸੁਰਜੀਤ ਰੱਖਣ ਲਈ ਕੌਮੀ ਜਜ਼ਬੇ ਵਾਲੀ ਜਵਾਨੀ ਨੇ ਭਵਿੱਖ ਵਿਚ ਅਜੇ ਆਪਣੇ ਫਰਜ਼ ਨਿਭਾਉਣੇ ਹਨ। ਇਸ ਲਈ ਹੀ ਕੌਮ ਦੀ ਸ਼੍ਰੋਮਣੀ ਸੰਸਥਾ ਨੇ ਸ੍ਰੀ ਗੁਰੂ ਰਾਮਦਾਸ ਜੀ ਸੱਚੇ ਪਾਤਸ਼ਾਹ ਜੀ ਦੀ ਪਾਵਨ ਨਗਰੀ ਵਿਚ ਸ਼ਹੀਦ ਸਮਾਰਕ ਰੂਪ ਵਿਚ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਸਥਾਪਿਤ ਕੀਤਾ ਹੈ। ■

# ਸ੍ਰੀ ਗੁਰੂ ਹਰਿਰਾਇ ਸਾਹਿਬ : ਜੀਵਨ ਝਾਤ

*-ਗਿ. ਸੁਰਿੰਦਰ ਸਿੰਘ ਨਿਮਾਣਾ**

ਗੁਰੂ ਨਾਨਕ ਸਾਹਿਬ ਵੱਲੋਂ ਅਰੰਭੇ ਗੁਰਮਤਿ ਵਿਚਾਰ ਪ੍ਰਸਾਰ ਤੇ ਅਮਲ ਆਧਾਰਿਤ ਰਹਿਣੀ ਦਿਖਾਉਣ/ਦਰਸਾਉਣ ਵਾਲੀ ਰੂਹਾਨੀ ਗੁਰਿਆਈ 'ਤੇ ਸੁਸ਼ੋਭਿਤ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਜੀਵਨ ਸਮਾਂ ੧੬੩੦ ਤੋਂ ੧੬੬੧ ਈ. ਤੇ ਗੁਰਿਆਈ ਦਾ ਸਮਾਂ ੧੬੪੪ ਤੋਂ ੧੬੬੧ ਈ. ਤਕ ਦਾ ਹੈ। ਰਾਜਸੀ ਪੱਖੋਂ ਇਹ ਸਮਾਂ ਸ਼ਾਹ ਜਹਾਨ ਅਤੇ ਔਰੰਗਜ਼ੇਬ ਦਾ ਸਮਾਂ ਸੀ। ਇਹ ਦੋਵੇਂ ਮੁਗ਼ਲ ਬਾਦਸ਼ਾਹ ਮੂਲ ਰੂਪ ਵਿਚ ਕੱਟੜ ਮਜ਼੍ਹਬੀ ਨੀਤੀ ਦੇ ਧਾਰਨੀ ਸਨ। ਸ੍ਰੀ ਗੁਰੂ ਹਰਿਰਾਇ ਸਾਹਿਬ ਆਪਣੀ ਰੂਹਾਨੀ ਸ਼ਕਤੀ ਦੇ ਨਾਲ-ਨਾਲ ਉੱਚੇ ਦਰਜੇ ਦੀ ਸੁਘੜਤਾ ਤੇ ਦੂਰਅੰਦੇਸ਼ੀ ਨਾਲ ਵਿਚਰਦੇ ਤੇ ਸਿੱਖ ਸੰਗਤ ਦੀ ਰੂਹਾਨੀ ਅਗਵਾਈ ਕਰਦੇ ਹੋਏ ਸੰਸਾਰਕ ਜੀਵਨ ਮਾਰਗ ਦੀ ਵੀ ਠੀਕ ਸੇਧ ਦਿੰਦੇ ਰਹੇ। ਆਪ ਦਾ ਗੁਰਿਆਈ ਦਾ ਸਤਾਰ੍ਹਾਂ ਵਰ੍ਹਿਆਂ ਦਾ ਸਮਾਂ ਰਾਜਸੀ ਉਥਲ-ਪੁਥਲ ਤੇ ਅਰਾਜਕਤਾ ਤੋਂ ਰਹਿਤ ਸਮਾਂ ਸੀ ਜਿਸ ਨੂੰ ਸੂਝਵਾਨ ਗੁਰੂ ਪਾਤਸ਼ਾਹ ਨੇ ਸਿੱਖੀ ਦੇ ਫੈਲਾਉ ਹਿੱਤ ਉਪਯੋਗ ਵਿਚ ਲਿਆਂਦਾ।

ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ੧੬ ਜਨਵਰੀ, ੧੬੩੦ ਈ. (ਪ੍ਰੋ. ਕਰਤਾਰ ਸਿੰਘ ਐਮ. ਏ. ਕ੍ਰਿਤ 'ਸਿੱਖ ਇਤਿਹਾਸ' ਅਨੁਸਾਰ) ਨੂੰ ਕੀਰਤਪੁਰ ਵਿਖੇ ਬਾਬਾ ਗੁਰਦਿੱਤਾ ਜੀ ਦੇ ਗ੍ਰਿਹ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਹੋਇਆ। ਗੁਰੂ-ਘਰ ਦੀ ਰਹਿਨੁਮਾਈ ਵਿਚ ਪਲ਼ੇ ਤੇ ਵੱਡੇ ਹੋਏ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੰਗਤ ਤੇ ਨੇੜ੍ਹਤਾ ਨੂੰ ਮਾਣਨ ਵਾਲੇ ਸ੍ਰੀ ਹਰਿਰਾਇ ਸਾਹਿਬ ਜੀ ਰੂਹਾਨੀ ਤੇ ਇਨਸਾਨੀ ਗੁਣਾਂ ਦੇ ਮੁਜੱਸਮੇ ਹੋਣ ਕਰਕੇ ਸਿੱਖ ਸੰਗਤ ਦੀ ਰੂਹਾਨੀ ਅਗਵਾਈ ਵਾਸਤੇ ਪੂਰੀ ਤਰ੍ਹਾਂ ਸਮਰੱਥ ਹੋਣ ਕਾਰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਰੂਹਾਨੀ ਗੁਰਿਆਈ ਦੇ ਵਾਰਸ ਥਾਪੇ ਗਏ। ਗੁਰੂ ਪਾਤਸ਼ਾਹ ਦਾ ਇਹ ਫ਼ੁਰਮਾਨ ਕਿ 'ਫੌਜਾਂ ਸਦਾ ਤਿਆਰ-ਬਰ-ਤਿਆਰ ਰੱਖਣੀਆਂ ਪਰ ਅਮਨ-ਚੈਨ ਵੀ ਬਰਕਰਾਰ ਰੱਖਣਾ' ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਗੁਰਿਆਈ-ਕਾਲ ਵਿਚ ਪੂਰੀ ਤਰ੍ਹਾਂ ਨਿਭਾਇਆ। ਆਪ ਨੇ ੨੨੦੦ ਘੋੜ-ਸਵਾਰ ਸਦਾ ਤਿਆਰ-ਬਰ-ਤਿਆਰ ਰੱਖੇ, ਫਿਰ ਵੀ ਅਮਨ-ਨੀਤੀ ਨੂੰ ਪੂਰੀ ਤਰ੍ਹਾਂ ਨਿਭਾਇਆ। ਗੁਰੂ ਜੀ ਦੀ ਇਸ ਘੋੜ-ਸਵਾਰ ਫੌਜ ਨੇ ਇਕ ਵਾਰ ਗੋਇੰਦਵਾਲ ਸਾਹਿਬ ਵਿਖੇ ਸ਼ਰਨਾਰਥੀ ਵਜੋਂ ਆਏ ਦਾਰਾ ਸ਼ਿਕੋਹ ਦਾ ਪਿੱਛਾ ਕਰ ਰਹੀ ਮੁਗ਼ਲ ਸੈਨਾ ਤੋਂ ਉਸ ਦੀ ਰੱਖਿਆ ਕਰਨ ਦਾ ਸਫਲ ਉੱਦਮ-ਉਪਰਾਲਾ ਕੀਤਾ। ਪ੍ਰਿੰ. ਤੇਜਾ ਸਿੰਘ-ਡਾ. ਗੰਡਾ ਸਿੰਘ ਅਨੁਸਾਰ

**#੫, ਹੰਸਲੀ ਕਵਾਟਰਜ਼, ਨਿਊ ਤਹਿਸੀਲਪੁਰਾ, ਸ੍ਰੀ ਅੰਮ੍ਰਿਤਸਰ—੧੪੩੦੦੧; ਮੋ. +੯੧੯੮੭੨੨-੩੫੧੧੧*

ਔਰੰਗਜ਼ੇਬ ਵੱਲੋਂ ਆਪ ਨੂੰ ਦਿੱਲੀ ਬੁਲਾਉਣ ਦਾ ਮੂਲ ਕਾਰਨ ਦਾਰਾ ਸ਼ਿਕੋਹ ਦੀ ਕੀਤੀ ਗਈ ਇਹੀ ਸਹਾਇਤਾ ਸੀ। ਗੁਰੂ ਜੀ ਨੇ ਇਸ ਸੰਬੰਧ ਵਿਚ ਆਪਣੇ ਵੱਡੇ-ਪੁੱਤਰ ਰਾਮ ਰਾਇ ਨੂੰ ਸਪੱਸ਼ਟੀਕਰਨ ਹਿੱਤ ਦਿੱਲੀ ਘੱਲਿਆ। ਪਰ ਗੁਰਮਤਿ ਅਸੂਲਾਂ 'ਤੇ ਪਹਿਰੇਦਾਰੀ ਵਿਚ ਉਸ ਵੱਲੋਂ ਦਿੱਲੀ ਦਰਬਾਰ 'ਚ ਹਾਜ਼ਰੀ ਸਮੇਂ ਢਿੱਲ-ਮੱਠ ਦਿਖਾਉਣ 'ਤੇ ਅਤੇ ਖਾਸ ਕਰ ਕੇ ਸਤਿਗੁਰੂ, ਗੁਰੂ ਨਾਨਕ ਪਾਤਸ਼ਾਹ ਜੀ ਦੀ ਪਾਵਨ ਬਾਣੀ ਦੀ ਪੰਕਤੀ *ਮਿਟੀ ਮੁਸਲਮਾਨ ਕੀ ਮਿਟੀ ਬੇਈਮਾਨ ਕੀ* ਦੱਸ ਕੇ ਬਾਦਸ਼ਾਹ ਦੀ ਖੁਸ਼ਨੂਦੀ ਹਾਸਲ ਕਰਨ ਦੇ ਹੇਚ ਪੈਂਤੜੇ ਸੰਬੰਧੀ ਜਾਣ ਕੇ ਗੁਰੂ ਜੀ ਨੇ ਉਸ ਦਾ ਪਾਵਨ ਗੁਰਿਆਈ 'ਤੇ ਹੱਕ ਨਾਵਾਜਬ ਕਰਾਰ ਦੇ ਦਿੱਤਾ। ਆਪ ਜੀ ਨੇ ਇਹ ਮਹਾਨ ਜ਼ਿੰਮੇਵਾਰੀ ਸਮਾਂ ਆਉਣ 'ਤੇ ਰਾਮ ਰਾਇ ਤੋਂ ਉਮਰੋਂ ਕਾਫੀ ਛੋਟੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪੀ। ਗੁਰੂ ਜੀ ਦਾ ਰਾਮ ਰਾਇ ਦੇ ਵਿਰੁੱਧ ਲਿਆ ਗਿਆ ਇਹ ਨਿਰਣਾ ਪਰਮ ਪਾਵਨ ਗੁਰਬਾਣੀ ਦੇ ਸ਼ੁੱਧਤਮ ਸਰੂਪ ਨੂੰ ਬਰਕਰਾਰ ਰੱਖਣ ਪ੍ਰਤੀ ਸੁਚੇਤਨਾ ਪ੍ਰਦਾਨ ਕਰਨ ਵਿਚ ਇਕ ਪ੍ਰਮੁੱਖ ਪ੍ਰੇਰਕ ਰਿਹਾ ਤੇ ਅੱਜ ਵੀ ਹੈ।

ਸ੍ਰੀ ਗੁਰੂ ਹਰਿਰਾਇ ਜੀ ਨੇ ਸਿੱਖ ਸੰਗਤ ਦਾ ਗੁਰਬਾਣੀ ਦੇ ਅਗੰਮੀ ਖ਼ਜ਼ਾਨੇ ਨਾਲ ਅਨਿੱਖੜ ਸੰਬੰਧ ਤੇ ਨੇੜਤਾ ਬਣਾਈ ਰੱਖਣ ਵਿਚ ਭਰਪੂਰ ਯਤਨ ਕੀਤੇ। ਆਪ ਜੀ ਸੰਗਤ ਨੂੰ ਉਪਦੇਸ਼ ਦੇਣ ਸਮੇਂ ਇਸ ਅਗੰਮੀ ਖ਼ਜ਼ਾਨੇ ਨੂੰ ਖੁਲ੍ਹ ਕੇ ਵਰਤਾਉਂਦੇ।

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਗੁਰੂ-ਘਰ ਵਿਚ ਚੱਲੀ ਆ ਰਹੀ ਲੰਗਰ ਦੀ ਰਵਾਇਤ ਨੂੰ ਆਪਣੇ ਵਕਤ ਵਿਚ ਹੋਰ ਸੁਦ੍ਰਿੜ੍ਹ ਕਰਨ ਵਿਚ ਵੀ ਗੁਰੂ ਜੀ ਦਾ ਯੋਗਦਾਨ ਬੜਾ ਭਰਵਾਂ ਹੈ। ਆਪ ਜੀ ਦੀ ਆਪਣੇ ਸਿੱਖਾਂ ਨੂੰ ਪ੍ਰੇਰਨਾ ਭਰੀ ਤਾਕੀਦ ਸੀ ਕਿ ਜੋ ਵੀ ਲੋੜਵੰਦ ਤੁਹਾਡੇ ਪਾਸ ਆਵੇ ਉਸ ਨੂੰ ਪਰਸ਼ਾਦ ਜ਼ਰੂਰ ਛਕਾਓ; ਜਿਹੜੇ ਅਜਿਹਾ ਕਰਨਗੇ, ਉਨ੍ਹਾਂ 'ਤੇ ਗੁਰੂ ਦੀ ਕਿਰਪਾ ਹੋਵੇਗੀ।

ਗੁਰੂ ਜੀ ਦੀ ਰਹਿਨੁਮਾਈ ਹੇਠ ਕੀਰਤਪੁਰ ਸਾਹਿਬ ਵਿਖੇ ਇਕ ਵੱਡਾ ਦਵਾਈ ਖਾਨਾ ਰੋਗੀਆਂ-ਲੋੜਵੰਦਾਂ ਲਈ ਨਿਸ਼ਕਾਮ ਸੇਵਾ-ਇਲਾਜ ਹਿੱਤ ਚੱਲਦਾ ਰਿਹਾ, ਜਿੱਥੋਂ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਦੀ ਸਖ਼ਤ ਬਿਮਾਰੀ ਦਾ ਇਲਾਜ ਹਕੀਮਾਂ ਦੁਆਰਾ ਸੁਝਾਈ ਅਤਿ ਦੁਰਲੱਭ ਦਵਾਈ ਉਪਲਬਧ ਹੋ ਜਾਣ ਸਦਕਾ ਹੋ ਸਕਿਆ। ਗੁਰੂ ਪਾਤਸ਼ਾਹ ਨੇ ਇਹ ਸਾਬਤ ਕਰ ਦਿੱਤਾ ਕਿ ਗੁਰੂ-ਘਰ ਸਮੂਹ ਮਨੁੱਖਤਾ ਦੇ ਭਲੇ ਨੂੰ ਸਮਰਪਿਤ ਹੈ।

ਆਪ ਜੀ ਅਤਿਅੰਤ ਕੋਮਲ ਸੰਵੇਦਨਾ ਵਾਲੇ ਸਨ। ਗੁਰੂ ਜੀ ਦਾ ਮਨੁੱਖ ਮਾਤਰ ਦੇ ਇਲਾਵਾ ਜੀਵ-ਜੰਤੂਆਂ, ਪੰਛੀਆਂ ਤੇ ਫੁੱਲਾਂ-ਬੂਟਿਆਂ ਨਾਲ ਪਿਆਰ ਬਹਿਬਲ ਰੂਪ ਵਾਲਾ ਸੀ। ਇਕ ਵਾਰ ਕੀਰਤਪੁਰ ਸਾਹਿਬ ਵਿਖੇ ਬਾਗ਼ ਵਿਚ ਟਹਿਲਣ ਸਮੇਂ ਜਦ ਆਪ ਦੇ ਖੁਲ੍ਹੇ ਚੋਲੇ ਨਾਲ ਅੜ ਕੇ ਕੁਝ ਫੁੱਲ ਭੁੰਞੇ ਡਿੱਗ ਪਏ ਤਾਂ ਆਪ ਉਦਾਸ ਹੋ

ਗਏ। ਇਹ ਬ੍ਰਿਤਾਂਤ ਗੁਰੂ ਜੀ ਦੇ ਗੁਰਿਆਈ ਪੁਰ ਸਜਣ ਤੋਂ ਪਹਿਲਾਂ ਦਾ ਹੈ। ਇਸ ਖਾਸ ਘਟਨਾ ਸਮੇਂ ਆਪਣੇ ਦਾਦਾ-ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਦੇ ਸਿੱਖਿਆ ਭਰੇ ਪਿਆਰ-ਭਿੱਜੇ ਬਚਨਾਂ— "ਚੋਲਾ ਸੰਭਾਲ ਕੇ ਟੁਰੀਦਾ ਹੈ" ਅਥਵਾ "ਦਾਮਨ ਸੰਕੋਚ ਚਲੋ" ਨੂੰ ਆਪ ਨੇ ਯਾਦ ਹੀ ਨਹੀਂ ਸੀ ਰੱਖਿਆ, ਸਗੋਂ ਰਿਦੇ 'ਚ ਵੀ ਵਸਾ ਲਿਆ ਸੀ।

ਇਨਸਾਨੀ ਤੇ ਰੁਹਾਨੀ ਗੁਣਾਂ ਦੀ ਖਾਣ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਗੁਰਿਆਈ-ਕਾਲ 'ਚ ਸਿੱਖ ਸੰਗਤ ਨੂੰ ਗੁਣਾਂ ਦੀ ਗੁੜ੍ਹਤੀ ਦਿੰਦੇ ਹੋਇਆਂ ਆਦਰਸ਼ਕ ਅਗਵਾਈ ਬਖਸ਼ਿਸ਼ ਕੀਤੀ, ਸਿੱਖੀ ਮਹੱਲ ਨੂੰ ਸੰਵਾਰਨ-ਸ਼ਿੰਗਾਰਨ ਵਿਚ ਕੋਈ ਕਸਰ ਨਾ ਛੱਡੀ। ਅੱਜ ਸਿੱਖ ਸੰਗਤ ਨੂੰ ਵੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਉਨ੍ਹਾਂ ਦੇ ਸੰਬੰਧਿਤ ਪਾਵਨ ਗੁਰਪੁਰਬ ਅਵਸਰਾਂ ਪੁਰ ਸ਼ਿੱਦਤ ਨਾਲ ਯਾਦ ਕਰਨ ਵਿਚ ਕੋਈ ਢਿੱਲ-ਮੱਠ ਨਹੀਂ ਰਹਿਣ ਦੇਣੀ ਚਾਹੀਦੀ। ਐਸਾ ਕਰਦਿਆਂ ਸਾਨੂੰ ਉਨ੍ਹਾਂ ਦੁਆਰਾ ਪਾਏ ਪੂਰਨਿਆਂ 'ਤੇ ਚੱਲਣ ਤੇ ਉਨ੍ਹਾਂ ਦੇ ਵਡਮੁੱਲੇ ਉਪਦੇਸ਼ ਨੂੰ ਵੀ ਕਮਾਉਣ ਦੀ ਲੋੜ ਹੈ। ■

## *ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ*

*ਸਫ਼ਾ ੬੦ ਦਾ ਬਾਕੀ . . .*

ਗੁਰਦੁਆਰਾ ਸਾਹਿਬ ਦੇ ਅੰਦਰੋਂ ਸਾਰੇ ਸਿੰਘ ਸ਼ਹੀਦ ਕਰ ਕੇ ਮਹੰਤ ਤੇ ਉਸ ਦੇ ਗੁੰਡੇ ਬਦਮਾਸ਼ ਪਠਾਣ ਬਾਹਰ ਖੇਤਾਂ 'ਚ, ਰੇਲਵੇ ਲਾਈਨ 'ਤੇ ਸਿੱਖਾਂ ਨੂੰ ਲੱਭਦੇ ਫਿਰੇ, ਜੋ ਵੀ ਧੱਕੇ ਚੜ੍ਹਿਆ ਸ਼ਹੀਦ ਕਰ ਦਿੱਤਾ। ਮਹੰਤ ਨਰੈਣ ਦਾਸ ਗੁਰਦੁਆਰੇ ਦੇ ਪਿਛਲੇ ਪਾਸੇ ਗਿਆ। ਦੂਰੋਂ ਵਾਹੋ-ਦਾਹੀ ਭੱਜੇ ਆਉਂਦੇ ਦੋ ਸਿੰਘ ਸ. ਦਲੀਪ ਸਿੰਘ ਤੇ ਸ. ਵਰਿਆਮ ਸਿੰਘ ਮਹੰਤ ਦੇ ਸਾਹਮਣੇ ਆ ਕੇ ਰੁਕੇ। ਸ. ਦਲੀਪ ਸਿੰਘ ਕਹਿਣ ਲੱਗਿਆ, "ਮਹੰਤਾ! ਤੂੰ ਇਹ ਕਹਿਰ ਬੰਦ ਕਰ ਦੇ। ਮੈਂ ਤੈਨੂੰ ਅਕਾਲੀਆਂ ਤੋਂ ਮੁਆਫੀ ਦੁਆ ਦੇਵਾਂਗਾ। ਗੁਰੂ ਨਾਨਕ ਸਾਹਿਬ ਜੀ ਦੇ ਘਰ ਦਾ ਵਾਸਤਾ ਈ ਓਏ ਮਹੰਤਾ! ਤੂੰ ਇਹ ਪਾਪ ਕਿੱਥੇ ਲਾਹੇਂਗਾ? "ਦਲੀਪ ਸਿੰਘਾ! ਲੱਗਦਾ ਤੂੰ ਵੀ ਅਕਾਲੀਆਂ ਦਾ ਹਮਾਇਤੀ ਬਣਦੈਂ।" ਇਹ ਕਹਿ ਕੇ ਸ. ਦਲੀਪ ਸਿੰਘ ਦੀ ਹਿੱਕ ਵਿਚ ਗੋਲੀ ਮਾਰੀ। ਸ. ਵਰਿਆਮ ਸਿੰਘ ਉਸ ਨੂੰ ਸੰਭਾਲਣ ਲੱਗਾ ਤਾਂ ਮਹੰਤ ਨੇ ਉਸ ਦੇ ਵੀ ਗੋਲੀ ਮਾਰੀ। ਦੋਨੋਂ ਜਣੇ ਕਾਫੀ ਸਮਾਂ ਤੜਫਦੇ ਰਹੇ। ਲਹੂ ਨਾਲ ਸਾਰੇ ਕੱਪੜੇ ਲਾਲ ਹੋ ਗਏ ਤਾਂ ਮਹੰਤ ਦੇ ਕਹਿਣ 'ਤੇ ਅਧਮੋਇਆਂ ਨੂੰ ਨੇੜੇ ਹੀ ਘੁਮਿਆਰ ਦੇ ਆਵੇ ਵਿਚ ਸੁੱਟ ਦਿੱਤਾ। ਇਨ੍ਹਾਂ ਦੀ ਰਾਖ ਬਣ ਗਈ ਤੇ ਇਹ ਸ਼ਹੀਦ ਹੋ ਗਏ। ਇਸ ਪਾਪੀ ਨੇ ਸੋਨੇ ਵਰਗੇ ਨੌਜਵਾਨ ਸ਼ਹੀਦ ਕਰ ਕੇ ਕਿਹੜੀ ਬਹਾਦਰੀ ਖੱਟ ਲਈ? ਸਗੋਂ ਆਪਣੇ ਨਾਂ ਨੂੰ ਕਲੰਕ ਹੀ ਲਾਇਆ। ■

# ਭਗਤ ਰਵਿਦਾਸ ਜੀ ਦੀ ਵਿਚਾਰਧਾਰਾ

*-ਬਿਕਰਮਜੀਤ ਸਿੰਘ ਜੀਤ**

ਅਧਿਆਤਮਿਕਤਾ ਦੇ ਉੱਚ ਮੰਡਲਾਂ ਨੂੰ ਪੁੱਜੀਆਂ ਹੋਈਆਂ ਪਵਿੱਤਰ ਸ਼ਖ਼ਸੀਅਤਾਂ ਦਾ ਸੰਦੇਸ਼ ਸਮੁੱਚੀ ਮਨੁੱਖਤਾ ਲਈ ਸਰਬ-ਸਾਂਝਾ ਹੁੰਦਾ ਹੈ। ਉਹ ਜਿੱਥੇ ਖ਼ੁਦ ਪਰਮਾਤਮਾ ਦਾ ਨਾਮ ਜਪਦੇ ਹਨ, ਉੱਥੇ ਸਮਸਤ ਲੋਕਾਈ ਨੂੰ ਵੀ ਜਪਣ ਲਈ ਪ੍ਰੇਰਦੇ ਹਨ। ਅਜਿਹੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਪੂਰੇ ਵਿਸ਼ਵ ਦਾ ਕਲਿਆਣ ਕਰਨ ਵਾਲੀ ਹੁੰਦੀ ਹੈ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰ ਕੇ ਅਧਿਆਤਮਿਕ ਜਗਤ ਅਤੇ ਸਮੁੱਚੇ ਸੰਸਾਰ 'ਤੇ ਮਹਾਨ ਉਪਕਾਰ ਕੀਤਾ। ਪੰਚਮ ਪਾਤਸ਼ਾਹ ਨੇ ਨਾ-ਕੇਵਲ ਗੁਰੂ ਸਾਹਿਬਾਨ ਦੀ ਬਾਣੀ ਨੂੰ ਇਕੱਤਰ ਕੀਤਾ ਬਲਕਿ ਗੁਰਮਤਿ ਵਿਚਾਰਧਾਰਾ ਦੀ ਕਸਵੱਟੀ ਉੱਤੇ ਖਰੀ ਉਤਰਨ ਵਾਲੀ ਵੱਖ-ਵੱਖ ਸਮਿਆਂ, ਖੇਤਰਾਂ, ਭਾਸ਼ਾਵਾਂ ਅਤੇ ਜਾਤੀਆਂ ਨਾਲ ਸੰਬੰਧਿਤ ਭਗਤ ਸਾਹਿਬਾਨ ਦੀ ਬਾਣੀ ਨੂੰ ਵੀ ਸ਼ਾਮਲ ਕੀਤਾ।

ਇਨ੍ਹਾਂ ਭਗਤ ਸਾਹਿਬਾਨ ਨੇ ਪਰਮਾਤਮਾ ਦੇ ਸਰੂਪ ਦਾ ਵਰਣਨ ਕਰਦੇ ਹੋਏ ਮਨੁੱਖ ਨੂੰ ਔਗੁਣਾਂ ਦਾ ਤਿਆਗ ਕਰ ਕੇ ਨਿਰੋਲ ਪਰਮਾਤਮਾ ਦੀ ਬੰਦਗੀ ਦਾ ਉਪਦੇਸ਼ ਦਿੱਤਾ ਤੇ ਹਰੇਕ ਮਨੁੱਖ ਨੂੰ ਊਚ-ਨੀਚ, ਜਾਤ-ਪਾਤ, ਛਲ-ਕਪਟ, ਝੂਠ, ਠੱਗੀ, ਚੋਰੀ, ਮਨਮੁੱਖਤਾ ਆਦਿ ਦਾ ਤਿਆਗ ਕਰ ਕੇ ਸਦਗੁਣਾਂ ਦੇ ਧਾਰਨੀ ਬਣਨ ਲਈ ਪ੍ਰੇਰਿਤ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਭਗਤ ਸਾਹਿਬਾਨ ਦੀ ਬਾਣੀ ਦਰਜ ਹੈ ਉਨ੍ਹਾਂ ਨੇ ਪ੍ਰਭੂ-ਭਗਤੀ ਦੇ ਨਾਲ ਸਮਾਜ-ਸੁਧਾਰ ਵਿਚ ਵੀ ਬਹੁਮੁੱਲਾ ਯੋਗਦਾਨ ਪਾਇਆ। ਇਨ੍ਹਾਂ ਭਗਤ ਸਾਹਿਬਾਨ ਦੇ ਸਮਾਜ-ਸੁਧਾਰ ਦਾ ਵੱਡਾ ਕਾਰਨ ਇਹੀ ਸੀ ਕਿ ਸਮਾਜ ਵਿਚ ਜੋ ਕੁਰੀਤੀਆਂ ਪ੍ਰਚਲਿਤ ਸਨ ਉਨ੍ਹਾਂ ਦਾ ਧਰਮ ਦੇ ਨਾਲ ਸਿੱਧਾ ਸੰਬੰਧ ਸੀ। ਜਿਵੇਂ ਕਿ ਕਰਮਕਾਂਡ, ਭੇਦਭਾਵ, ਛੂਤ-ਛਾਤ ਆਦਿ। ਭਗਤ ਸਾਹਿਬਾਨ ਨੇ ਸਮਾਜਿਕ ਦਸ਼ਾ ਨੂੰ ਠੀਕ ਕਰਨ ਹਿੱਤ ਧਰਮ ਦੀ ਸਹੀ ਜੁਗਤ ਲੋਕਾਂ ਨੂੰ ਦੱਸੀ। ਬੇਸ਼ੱਕ ਇਹ ਕਾਰਜ ਇੰਨਾ ਸੌਖਾ ਨਹੀਂ ਸੀ, ਪਰੰਤੂ ਉਨ੍ਹਾਂ ਨੇ ਜਨ-ਮਾਨਸ ਦੇ ਕਲਿਆਣ ਹਿੱਤ ਆਪਣੀ ਵਿਚਾਰਧਾਰਾ ਨੂੰ ਬਹੁਤ ਹੀ ਤਰਕ-ਪੂਰਵਕ ਅਤੇ ਦਲੀਲਮਈ ਤਰੀਕਿਆਂ ਨਾਲ ਲੋਕਾਂ ਵਿਚ ਪ੍ਰਚਾਰਿਆ।

ਭਗਤੀ ਲਹਿਰ ਦੇ ਇਨ੍ਹਾਂ ਭਗਤ ਸਾਹਿਬਾਨ ਵਿੱਚੋਂ ਭਗਤ ਰਵਿਦਾਸ ਜੀ ਦਾ ਨਾਮ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਭਗਤ ਰਵਿਦਾਸ ਜੀ ਭਗਤੀ ਲਹਿਰ ਅਤੇ ਗੁਰਮਤਿ ਵਿਚਾਰਧਾਰਾ ਵਿਚ ਅਹਿਮ ਸਥਾਨ ਰੱਖਦੇ ਹਨ। ਭਗਤ ਰਵਿਦਾਸ ਜੀ ਭਗਤੀ ਦੀ ਸਰਵ-ਉੱਚ ਅਵਸਥਾ ਨੂੰ ਪ੍ਰਾਪਤ ਕਰ ਚੁੱਕੇ ਸਨ। ਆਪ ਜੀ ਪਰਮਾਤਮਾ ਦੇ ਸੱਚੇ

*\#੨੯੪੬/੭, ਬਜ਼ਾਰ ਲੁਹਾਰਾਂ, ਚੌਂਕ ਲਛਮਣਸਰ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ: +੯੧੯੮੨੨੯-੦੦੩੨੨*

ਉਪਾਸਕ ਹੋਣ ਦੇ ਨਾਲ-ਨਾਲ ਆਤਮਿਕ ਗਿਆਨ ਦੇ ਅਨੁਭਵ ਤੋਂ ਪ੍ਰਕਾਸ਼ਿਤ ਆਤਮਾ, ਸਮਦ੍ਰਿਸ਼ਟੀ ਦੇ ਮਾਲਕ, ਸਮਾਜਿਕ ਚਿੰਤਕ, ਦਾਰਸ਼ਨਿਕ ਆਗੂ ਅਤੇ ਦੱਬੇ-ਕੁਚਲੇ ਵਰਗ ਦੇ ਲੋਕਾਂ ਦੇ ਰਹਿਬਰ ਸਨ। ਭਗਤ ਜੀ ਨੇ ਆਪਣੀ ਬਾਣੀ ਵਿਚ ਜਾਤ-ਪਾਤ ਅਤੇ ਊਚ-ਨੀਚ ਦੇ ਵਿਰੋਧੀ ਭਾਵਾਂ ਦਾ ਪੂਰਨ ਰੂਪ ਵਿਚ ਇਨਕਾਲਬੀ ਢੰਗ ਨਾਲ ਖੰਡਨ ਕੀਤਾ।

ਭਗਤ ਰਵਿਦਾਸ ਜੀ ਦਾ ਜਨਮ ੧੩੭੬ ਈ. ਵਿਚ ਬਨਾਰਸ ਵਿਖੇ ਹੋਇਆ। ਆਪ ਜੀ ਅਖੌਤੀ ਚਮਾਰ ਜਾਤ ਨਾਲ ਸੰਬੰਧ ਰੱਖਦੇ ਸਨ ਅਤੇ ਉਨ੍ਹਾਂ ਦੇ ਵੱਡੇ-ਵਡੇਰੇ ਮ੍ਰਿਤਕ ਪਸ਼ੂਆਂ ਨੂੰ ਚੁੱਕਣ ਦਾ ਕੰਮ ਕਰਦੇ ਸਨ। ਅਖੌਤੀ ਚਮਾਰ (ਜਿਸ ਨੂੰ ਕਿ ਨੀਵੀਂ ਜਾਤੀ ਸਮਝ ਕੇ ਘ੍ਰਿਣਾ ਕੀਤੀ ਜਾਂਦੀ ਸੀ) ਬਾਰੇ ਆਪ ਜੀ ਆਪਣੀ ਪਵਿੱਤਰ ਬਾਣੀ ਵਿਚ ਜ਼ਿਕਰ ਕਰਦੇ ਹਨ :

*-ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੩)*

*-ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੯)*

ਭਗਤ ਰਵਿਦਾਸ ਜੀ ਭਗਤ ਰਾਮਾਨੰਦ ਜੀ ਦੇ ਚੇਲੇ ਸਨ ਅਤੇ ਭਗਤ ਕਬੀਰ ਜੀ ਦੇ ਸਮਕਾਲੀ। ਭਗਤ ਰਵਿਦਾਸ ਜੀ ਨੂੰ ਉਨ੍ਹਾਂ ਦੇ ਸਮਕਾਲ ਦੇ ਬ੍ਰਾਹਮਣ ਵਰਗ ਨੇ ਬਹੁਤ ਕਸ਼ਟ ਦਿੱਤਾ ਜਿਸ ਦਾ ਕਾਰਨ ਇਹ ਸੀ ਕਿ ਉਨ੍ਹਾਂ ਨੂੰ ਨੀਵੀਂ ਜਾਤ ਦਾ ਸਮਝਿਆ ਜਾਂਦਾ ਸੀ। (ਇੱਥੇ ਇਹ ਗੱਲ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹੈ ਕਿ ਗੁਰਮਤਿ ਵਿਚ ਜਾਤ-ਪਾਤ ਨੂੰ ਕੋਈ ਦਰਜਾ ਨਹੀਂ ਦਿੱਤਾ ਗਿਆ) ਭਗਤ ਰਵਿਦਾਸ ਜੀ ਦੀ ਬਾਣੀ ਵਿਚ ਸਮਾਜਿਕ ਤੌਰ 'ਤੇ ਥਾਪੀਆਂ ਗਈਆਂ ਅਖੌਤੀ ਨੀਵੀਆਂ ਜਾਤਾਂ ਦੇ ਰੱਖਿਅਕ ਦੇ ਰੂਪ ਵਿਚ ਪਰਮਾਤਮਾ ਨੂੰ ਸੰਬੋਧਿਤ ਹੋ ਕੇ ਪੁਕਾਰਿਆ ਗਿਆ ਹੈ। ਭਗਤ ਰਵਿਦਾਸ ਜੀ ਨੇ ਊਚ-ਨੀਚ, ਜਾਤ-ਪਾਤ ਦੇ ਭੇਦ-ਭਾਵ ਨੂੰ ਤਰਕਪੂਰਵਕ ਢੰਗ ਨਾਲ ਖੰਡਿਤ ਕੀਤਾ ਹੈ। ਭਗਤ ਜੀ ਨੇ ਕੇਵਲ ਨਿਰੋਲ ਪ੍ਰਭੂ-ਭਗਤੀ ਨੂੰ ਸਭ ਤੋਂ ਉੱਚਾ ਦਰਜਾ ਦਿੱਤਾ ਹੈ। ਭਗਤ ਜੀ ਅਨੁਸਾਰ :

*ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੮)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਸਮੇਂ ਭਗਤ ਰਵਿਦਾਸ ਜੀ ਦੀ ਦੇ ੪੦ ਸ਼ਬਦ ੧੬ ਰਾਗਾਂ ਵਿਚ ਦਰਜ ਕੀਤੇ ਗਏ ਹਨ।

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਪਰਮਾਤਮਾ ਦੇ ਸਰਬ-ਵਿਆਪਕ ਰੂਪ ਨੂੰ ਅਭਿਵਿਅਕਤ ਕੀਤਾ ਹੈ। ਭਗਤ ਜੀ ਫੁਰਮਾਉਂਦੇ ਹਨ :

*ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥*

*ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)*

ਭਾਵ ਕਿ ਸਭ ਪਾਸੇ ਇਕ ਸਵਾਮੀ (ਪਰਮਾਤਮਾ) ਹੀ ਹੈ ਜਿਹੜਾ ਸਾਰਿਆਂ ਵਿਚ ਕਰਮਾਂ ਦੇ ਆਧਾਰ 'ਤੇ ਖੇਡ, ਖੇਡ ਰਿਹਾ ਹੈ। ਭਗਤ ਰਵਿਦਾਸ ਜੀ ਪਰਮਾਤਮਾ ਦੀ ਵਿਆਪਕਤਾ ਦੇ ਬਾਰੇ ਸੰਕੇਤ ਕਰਦੇ ਹੋਏ ਕਹਿੰਦੇ ਹਨ ਕਿ ਨਿਰੰਕਾਰ, ਪਰਮਾਤਮਾ ਸਾਡੇ ਹੱਥਾਂ ਤੋਂ ਵੀ ਨੇੜ੍ਹੇ ਹੈ। ਜੋ ਕੁਝ ਉਹ ਚਾਹੁੰਦਾ ਹੈ ਉਹੀ ਕੁਝ ਜਗਤ ਵਿਚ ਹੁੰਦਾ ਹੈ।

ਭਗਤ ਜੀ ਅਨੁਸਾਰ ਪਰਮਾਤਮਾ ਸਭ ਨੂੰ ਰਿਜਕ ਦਿੰਦਾ ਹੈ। ਉਹੀ ਸਭ ਕੁਝ ਚਲਾ ਰਿਹਾ ਹੈ :

*ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥*
*ਸਭ ਘਟ ਭੀਤਰਿ ਹਾਟੁ ਚਲਾਵੈ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੪)*

ਭਾਵ ਕਿ ਹੇ ਜੀਵ! ਤੂੰ ਉਸ ਵਿਆਪਕ ਪਰਮਾਤਮਾ 'ਤੇ ਭਰੋਸਾ ਪੈਦਾ ਕਰ, ਜਿਸ ਨੇ ਤੈਨੂੰ ਇਸ ਸੰਸਾਰ ਵਿਚ ਭੇਜਿਆ ਹੈ ਤੇ ਜੀਵਨ ਦਿੱਤਾ ਹੈ। ਉਹ ਖ਼ੁਦ ਤੇਰੇ ਅੰਦਰ ਬੈਠਾ ਹੋਇਆ ਹੈ।

ਭਗਤ ਰਵਿਦਾਸ ਜੀ ਨੇ ਉਸ ਵਿਆਪਕ ਪਰਮਾਤਮਾ ਦੇ ਇੱਕ ਤੋਂ ਅਨੇਕ ਹੋਣ ਭਾਵ ਕਿ ਇਸ ਸੰਸਾਰ ਦੀ ਰਚਨਾ ਕਰ ਕੇ ਫਿਰ ਉਸ ਵਿਚ ਹੀ ਸਮਾਏ ਹੋਣ ਦੀ ਗੱਲ ਕਹੀ/ਸਮਝਾਈ ਹੈ :

*ਏਕ ਹੀ ਏਕ ਅਨੇਕ ਹੋਇ ਬਿਸਥਰਿਓ*
*ਆਨ ਰੇ ਆਨ ਭਰਪੂਰਿ ਸੋਊ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੩)*

ਭਗਤ ਜੀ ਅਨੁਸਾਰ ਕੇਵਲ ਪਰਮਾਤਮਾ ਹੀ ਅਨੇਕ ਰੂਪ ਧਾਰਨ ਕਰ ਕੇ ਪੂਰੇ ਸੰਸਾਰ ਵਿਚ ਸਮਾਇਆ ਹੋਇਆ ਹੈ। ਭਗਤ ਜੀ ਇਹ ਗੱਲ ਸਮਝਾਉਂਦੇ ਹੋਏ ਕਹਿੰਦੇ ਹਨ ਕਿ, ਹੇ ਜੀਵ! ਤੂੰ ਉਸ ਸਰਬ-ਵਿਆਪਕ ਅੰਤਰਜਾਮੀ ਪਰਮਾਤਮਾ ਨੂੰ ਆਪਣੇ ਦਿਲ ਦੇ ਅੰਦਰੋਂ ਪ੍ਰਗਟ ਕਰਨ ਦਾ ਯਤਨ ਕਰ। ਜਦੋਂ ਤੇਰਾ ਉਸ ਨਾਲ ਮੇਲ ਹੋ ਜਾਵੇਗਾ ਤਾਂ ਫਿਰ ਤੇਰਾ ਆਵਾਗਮਨ ਦਾ ਚੱਕਰਵਿਊ ਮਿਟ ਸਕੇਗਾ।

ਭਗਤ ਰਵਿਦਾਸ ਜੀ ਨੇ ਮਨੁੱਖ ਦੀ ਅਸਲੀਅਤ ਤੋਂ ਪਰਦਾ ਚੁੱਕਦੇ ਹੋਏ ਜੀਵ ਨੂੰ ਸਮਝਾਇਆ ਹੈ ਕਿ ਅਸਲ ਵਿਚ ਮਨੁੱਖ ਕੀ ਹੈ? ਇਸ ਬਾਬਤ ਉਹ ਫੁਰਮਾਉਂਦੇ ਹਨ :

*ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥*
*ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੯)*

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਮਨੁੱਖ ਨੂੰ ਹਰ ਤਰ੍ਹਾਂ ਦੇ ਬੁਰੇ ਅਤੇ ਅਨੈਤਿਕ ਕੰਮ ਤੋਂ ਵਰਜਿਆ ਹੈ। ਉਨ੍ਹਾਂ ਅਨੁਸਾਰ ਜੇਕਰ ਜੀਵ ਸੰਸਾਰੀ ਕਾਰਜਾਂ ਵਿਚ ਵਿਲੀਨ ਹੋ ਕੇ ਪਰਮਾਤਮਾ ਨੂੰ ਭੁਲਾ ਦੇਵੇ ਤਾਂ ਉਸ ਦਾ ਜੀਵਨ ਵਿਅਰਥ ਹੀ ਚਲਾ

ਜਾਵੇਗਾ। ਭਗਤ ਜੀ ਅਨੁਸਾਰ ਜਿਹੜਾ ਮਨੁੱਖ ਪ੍ਰਭੂ-ਪ੍ਰੇਮ ਅਤੇ ਭਗਤੀ ਤੋਂ ਦੂਰ ਹੈ ਉਸ ਦੀ ਸੰਸਾਰ ਵਿਚ ਸਮਾਜਿਕ ਤੌਰ 'ਤੇ ਬਣਾਈ ਹਸਤੀ/ਪਛਾਣ ਆਦਿ ਵਿਅਰਥ ਹੈ:

*ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ ॥*
*ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)*

ਜਿਵੇਂ ਕਿ ਪਹਿਲਾਂ ਵੀ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਹੈ ਕਿ ਪੁਰਾਤਨ ਸਮਾਜ ਆਦਿ ਕਾਲ ਤੋਂ ਹੀ ਛੂਅ-ਛਾਤ, ਅਖੌਤੀ ਜਾਤ ਅਭਿਮਾਨ, ਊਚ-ਨੀਚ ਵਰਗੇ ਵਿਚਾਰਾਂ ਵਿਚ ਫਸਿਆ ਹੋਇਆ ਸੀ, ਉੱਥੇ ਭਗਤ ਜੀ ਨੇ ਅਜਿਹੇ ਸਮਾਜਿਕ ਹਾਲਾਤਾਂ ਨੂੰ ਦੇਖਦੇ ਹੋਏ ਅਜਿਹੇ ਭੈੜੇ ਵਿਚਾਰ ਰੱਖਣ ਵਾਲੇ ਲੋਕਾਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਸਮਝਾਇਆ ਹੈ ਕਿ ਜਿਸ ਜੀਵ ਦੀ 'ਛੂਤ' ਸਾਰੇ ਜਗਤ ਭਾਵ ਸੰਸਾਰ ਨੂੰ ਲੱਗ ਜਾਂਦੀ ਹੈ ਅਰਥਾਤ ਜਿਨ੍ਹਾਂ ਜੀਵਾਂ ਨੂੰ ਅਖੌਤੀ ਉੱਚੀਆਂ ਜਾਤਾਂ ਵਾਲੇ ਨਫ਼ਰਤ ਕਰਦੇ ਹਨ ਉਨ੍ਹਾਂ ਦੀ ਛੋਹ ਨਾਲ ਆਪਣੇ ਆਪ ਨੂੰ ਭਿੱਟਿਆ ਗਿਆ ਸਮਝਦੇ ਹਨ, ਉਨ੍ਹਾਂ ਜੀਵਾਂ ਉੱਪਰ ਪਰਮਾਤਮਾ ਖ਼ੁਦ ਕਿਰਪਾ ਕਰਦਾ ਹੈ। ਉਨ੍ਹਾਂ ਨੂੰ ਨੀਵਿਆਂ ਤੋਂ ਉੱਚਾ ਕਰਦਾ ਹੋਇਆ ਉਹ ਅਕਾਲ ਪੁਰਖ ਕਿਸੇ ਕੋਲੋਂ ਡਰਦਾ ਨਹੀਂ। ਭਗਤ ਨਾਮਦੇਵ ਜੀ, ਭਗਤ ਤ੍ਰਿਲੋਚਨ ਜੀ, ਭਗਤ ਸਧਨਾ ਜੀ, ਭਗਤ ਸੈਣ ਜੀ ਆਦਿ ਸਾਰੇ ਭਗਤ ਸਾਹਿਬਾਨ ਜਾਤ-ਪਾਤ ਦਾ ਖੰਡਨ ਕਰ ਕੇ ਪਰਮਾਤਮਾ ਦੀ ਉਸਤਤ ਦਾ ਵਖਿਆਨ ਕਰ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਏ। ਭਗਤ ਰਵਿਦਾਸ ਜੀ ਨੇ ਉਪਦੇਸ਼ ਦਿੱਤਾ ਕਿ ਪਰਮਾਤਮਾ ਹੀ ਸਭ ਕੁਝ ਕਰਨ ਦੇ ਸਮਰੱਥ ਹੈ। ਉਹ ਸਾਰਿਆਂ ਦੀ ਰੱਖਿਆ ਕਰਦਾ ਹੈ। ਆਪ ਜੀ ਫੁਰਮਾਉਂਦੇ ਹਨ :

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥*
*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੬)*

ਭਗਤ ਰਵਿਦਾਸ ਜੀ ਨੇ ਮਨੁੱਖ ਨੂੰ ਵਿਸ਼ੇ-ਵਿਕਾਰਾਂ ਤੇ ਬੁਰੀਆਂ ਆਦਤਾਂ ਦਾ ਤਿਆਗ ਕਰ ਕੇ ਪਰਮਾਤਮਾ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਮਨੁੱਖ ਨੂੰ ਪੰਜ ਵਿਕਾਰਾਂ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਤਿਆਗ ਕਰਨ ਲਈ ਬਹੁਤ ਹੀ ਭਾਵਪੂਰਿਤ ਵਿਚਾਰ ਪੇਸ਼ ਕੀਤਾ ਹੈ। ਭਗਤ ਜੀ ਫੁਰਮਾਉਂਦੇ ਹਨ :

*ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥*

*ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੬)*

ਭਾਵ ਕਿ ਉਪਰੋਕਤ ਜੀਵਾਂ ਵਿਚ ਕੇਵਲ ਇੱਕ-ਇੱਕ ਹੀ ਕਮਜ਼ੋਰੀ ਹੈ, ਜਿਵੇਂ ਕਿ ਮ੍ਰਿਗ ਕੰਨਾਂ ਦੀ ਕਮਜ਼ੋਰੀ ਕਾਰਨ ਸ਼ਿਕਾਰੀ ਦੇ ਮਧੁਰ ਸੰਗੀਤ ਵੱਲ ਆਪ ਵੱਧਦਾ ਜਾਂਦਾ ਹੈ, ਮੱਛੀ ਜੀਭ-ਰਸ ਦੀ ਮਾਰੀ ਮਾਸ ਦੇ ਟੁੱਕੜੇ ਪਿੱਛੇ ਲਗ ਕੇ ਕਾਂਟੇ ਵਿਚ ਫਸ ਜਾਂਦੀ ਹੈ, ਭੰਵਰਾ ਫੁੱਲ ਦੀ ਖੁਸ਼ਬੋ ਵਿਚ ਇੰਨਾ ਮਸਤ ਹੋ ਜਾਂਦਾ ਹੈ ਕਿ ਉਸ ਨੂੰ ਸ਼ਾਮ ਵੇਲੇ ਫੁੱਲ ਦੇ ਬੰਦ ਹੋਣ ਦਾ ਪਤਾ ਹੀ ਨਹੀਂ ਲੱਗਦਾ, ਹਾਥੀ ਕਾਮ-ਵਾਸਨਾ ਦਾ ਮਾਰਿਆ ਸ਼ਿਕਾਰੀ ਵੱਲੋਂ ਬਣਾਈ ਕਾਗਜ਼ ਦੀ ਹੱਥਣੀ ਵੱਲ ਦੌੜਦਾ ਹੈ ਅਤੇ ਖੱਡ (ਟੋਏ) ਵਿਚ ਡਿੱਗ ਜਾਂਦਾ ਹੈ। ਇਨ੍ਹਾਂ ਉਦਾਹਰਨਾਂ ਦੁਆਰਾ ਕੇਵਲ ਇੱਕ ਆਦਤ ਤੋਂ ਮਜ਼ਬੂਰ ਜੀਵਾਂ ਦਾ ਕੀ ਹਾਲ ਹੁੰਦਾ ਹੈ, ਇਹ ਗੱਲ ਭਗਤ ਜੀ ਸਮਝਾਉਂਦੇ ਹੋਏ ਫੁਰਮਾਉਂਦੇ ਹਨ ਕਿ, ਹੇ ਜੀਵ! ਤੇਰੇ ਵਿਚ ਤਾਂ ਪੰਜੇ ਵਿਕਾਰ ਭਰੇ ਪਏ ਹਨ, ਤੇਰਾ ਕੀ ਹਸ਼ਰ ਹੋਵੇਗਾ!

ਭਗਤ ਰਵਿਦਾਸ ਜੀ ਨੇ ਮਨੁੱਖ ਨੂੰ ਜਾਤ-ਪਾਤ ਦਾ ਅਭਿਮਾਨ ਛੱਡ ਕੇ ਨਿਰੋਲ ਇਕ ਪਰਮਾਤਮਾ ਦੀ ਭਗਤੀ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਨੇ ਮਨੁੱਖ ਨੂੰ ਹਰ ਤਰ੍ਹਾਂ ਦੇ ਗ਼ਲਤ ਕੰਮ ਤੋਂ ਮਿਲਣ ਵਾਲੇ ਨਤੀਜੇ ਤੋਂ ਪਹਿਲਾਂ ਹੀ ਸੁਚੇਤ ਕੀਤਾ ਹੈ। ਭਗਤ ਜੀ ਨੇ ਫਾਲਤੂ ਦੇ ਕਰਮ-ਕਾਂਡਾਂ ਦੀ ਜ਼ੋਰਦਾਰ ਨਿੰਦਾ ਕੀਤੀ ਹੈ ਜਿਹੜੇ ਮਨੁੱਖ ਨੂੰ ਪਰਮਾਤਮਾ ਨਾਲ ਜੋੜਨ ਦੀ ਥਾਂ ਤੋੜ ਦਿੰਦੇ ਹਨ। ਭਗਤ ਜੀ ਦਾ ਅਸਲ ਵਿਚ ਕੇਂਦਰੀ ਵਿਚਾਰ ਨਾਮ-ਸਿਮਰਨ ਹੀ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਦਾ ਜੇਕਰ ਸਾਹਿਤਕ ਪੱਖ ਤੋਂ ਵਿਵੇਚਨ ਕੀਤਾ ਜਾਵੇ ਤਾਂ ਇਸ ਵਿਚ ਅਲੰਕਾਰ, ਬਿੰਬ ਵਿਧਾਨ, ਪ੍ਰਤੀਕ ਆਦਿ ਵਿਸ਼ੇਸ਼ ਸਥਾਨ ਰੱਖਦੇ ਹਨ। ਆਪ ਜੀ ਦੀ ਬਾਣੀ ਰਾਗਮਈ, ਰਸਮਈ ਤੇ ਸੰਗੀਤਮਈ ਹੈ। ਇਸ ਤੋਂ ਇਲਾਵਾ ਭਗਤ ਜੀ ਨੇ ਆਪਣੀ ਬਾਣੀ ਵਿਚ ਜਿੱਥੇ ਸਮਾਜਿਕ ਚਿਤਰਨ ਕੀਤਾ ਹੈ, ਉੱਥੇ ਇਤਿਹਾਸਿਕ ਅਤੇ ਮਿਥਹਾਸਿਕ ਹਵਾਲੇ ਵੀ ਦਿੱਤੇ ਹਨ। ਭਗਤ ਜੀ ਦੀ ਬਾਣੀ ਦੀ ਭਾਸ਼ਾ ਜਨ-ਸਧਾਰਨ ਦੀ ਭਾਸ਼ਾ ਹੈ। ਭਗਤ ਜੀ ਦੀ ਬਾਣੀ ਦਾ ਮਹੱਤਵਪੂਰਨ ਕਾਵਿ ਗੁਣ ਇਹ ਵੀ ਹੈ ਕਿ ਉਨ੍ਹਾਂ ਨੇ ਸੰਬੋਧਨੀ ਸ਼ੈਲੀ ਦਾ ਉਪਯੋਗ ਵੀ ਕੀਤਾ ਹੈ। ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਅੰਦਰ ਅਰਬੀ, ਫ਼ਾਰਸੀ, ਮੈਥਲੀ, ਬ੍ਰਿਜ, ਅਵਧੀ, ਖੜੀ ਸਧੁਕੜੀ ਅਤੇ ਸੰਸਕ੍ਰਿਤ ਭਾਸ਼ਾ ਦਾ ਉਪਯੋਗ ਵੀ ਕੀਤਾ ਹੈ। ਭਗਤ ਜੀ ਦੁਆਰਾ ਉਚਾਰਨ ਕੀਤੀਆਂ ਅਨੇਕਾਂ ਅਜਿਹੀਆਂ ਪੰਕਤੀਆਂ ਵੀ ਹਨ ਜੋ ਅਖਾਣਾਂ ਦਾ ਰੂਪ ਧਾਰਨ ਕਰ ਗਈਆਂ ਹਨ।

ਅਸੀਂ ਭਗਤ ਰਵਿਦਾਸ ਜੀ ਦੀ ਬਾਣੀ ਤੇ ਵਿਚਾਰਧਾਰਾ ਨੂੰ ਪੜ੍ਹਦੇ-ਵਾਚਦੇ ਇਹ ਕਹਿ ਸਕਦੇ ਹਾਂ ਕਿ ਭਗਤ ਜੀ ਦੀ ਬਾਣੀ ਦੀ ਸਾਰਥਿਕਤਾ ਅੱਜ ਵੀ ਉਨੀਂ ਹੀ ਹੈ ਜਿੰਨੀ ਪਹਿਲਾਂ ਸੀ ਤੇ ਇਹ ਅੱਗੋਂ ਵੀ ਰਹੇਗੀ। ਆਧੁਨਿਕ ਯੁੱਗ ਵਿਚ ਵੀ ਮਨੁੱਖ ਜਾਤ-ਪਾਤ, ਇਲਾਕਾਈ ਝਗੜੇ ਅਤੇ ਅਸਮਾਨਤਾਵਾਂ ਦੀ ਭਾਵਨਾਵਾਂ ਵਿਚ ਉਲਝਿਆ ਹੋਇਆ ਹੈ। ਇਸ ਲਈ ਭਗਤ ਜੀ ਦੀ ਬਾਣੀ ਵਿਸ਼ਵ ਸ਼ਾਂਤੀ ਲਈ ਪ੍ਰੇਰਦੀ ਹੋਈ

ਸਾਨੂੰ 'ਬੇਗਮ ਪੁਰਾ' ਦੇ ਸੰਕਲਪ ਨਾਲ ਜੋੜਦੀ ਹੈ ਜੋ ਕਿ ਸਾਨੂੰ ਉਸ ਅਵਸਥਾ ਤਕ ਲੈ ਜਾਂਦੀ ਹੈ ਜਿੱਥੇ ਕੋਈ ਦੁਖ-ਤਕਲੀਫ਼, ਖੌਫ, ਡਰ, ਖਿਰਾਜ ਆਦਿ ਦਾ ਭੈਅ ਨਹੀਂ ਹੁੰਦਾ। ਭਾਵ ਪ੍ਰਭੂ ਨਾਲ ਮਿਲਾਪ ਵਾਲੀ ਆਤਮਿਕ ਅਵਸਥਾ ਵਿਚ ਸਦਾ ਅਨੰਦ ਹੀ ਅਨੰਦ ਬਣਿਆ ਰਹਿੰਦਾ ਹੈ। ਭਗਤ ਜੀ ਇਸ ਪ੍ਰਤੀ ਫੁਰਮਾਉਂਦੇ ਹਨ :

*ਬੇਗਮ ਪੁਰਾ ਸਹਰ ਕੋ ਨਾਉ ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ ॥*
*ਨਾਂ ਤਸਵੀਸ ਖਿਰਾਜੁ ਨ ਮਾਲੁ ॥*
*ਖਉਫੁ ਨ ਖਤਾ ਨ ਤਰਸੁ ਜਵਾਲੁ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੫)*

ਪ੍ਰੋ. ਸਾਹਿਬ ਸਿੰਘ ਉਕਤ ਇਸ ਸ਼ਬਦ ਬਾਰੇ ਆਪਣੇ ਇਕ ਨੋਟ ਵਿਚ ਲਿਖਦੇ ਹਨ ਕਿ- "ਇਸ ਸ਼ਬਦ ਵਿਚ ਦੁਨੀਆ ਦੇ ਲੋਕਾਂ ਦੇ ਮਿੱਥੇ ਹੋਏ ਸੁਰਗ-ਭਿਸ਼ਤ (ਬਹਿਸ਼ਤ) ਦੇ ਮੁਕਾਬਲੇ 'ਤੇ ਸੱਚ ਮੁੱਚ ਦੀ ਆਤਮਿਕ ਅਵਸਥਾ ਦਾ ਵਰਣਨ ਹੈ। ਸੁਰਗ ਭਿਸ਼ਤ ਦੇ ਤਾਂ ਸਿਰਫ ਇਕਰਾਰ ਹੀ ਹਨ, ਮਨੁੱਖ ਸਿਰਫ਼ ਆਸਾਂ ਹੀ ਕਰ ਸਕਦਾ ਹੈ ਕਿ ਮਰਨ ਪਿੱਛੋਂ ਮਿਲੇਗਾ; ਪਰ ਜਿਸ ਆਤਮਕ ਅਵਸਥਾ ਦਾ ਇੱਥੇ ਜ਼ਿਕਰ ਹੈ, ਉਸ ਨੂੰ ਮਨੁੱਖ ਇਸ ਜ਼ਿੰਦਗੀ ਵਿਚ ਹੀ ਅਨੁਭਵ ਕਰ ਸਕਦਾ ਹੈ, ਜੇ ਉਹ ਜੀਵਨ ਦੇ ਸਹੀ ਰਾਹ 'ਤੇ ਤੁਰਦਾ ਹੈ।"

ਭਗਤ ਰਵਿਦਾਸ ਜੀ ਦੀ ਵਿਚਾਰਧਾਰਾ ਅਸ਼ਾਂਤ ਹਿਰਦਿਆਂ ਨੂੰ ਸ਼ਾਂਤੀ ਪ੍ਰਦਾਨ ਕਰਨ ਵਾਲੀ ਹੈ ਅਤੇ ਪਦਾਰਥਵਾਦੀ ਯੁੱਗ ਵਿਚ ਮਨੁੱਖ ਨੂੰ ਮਾਇਆ ਦੇ ਮੋਹ ਤਿਆਗਣ ਦਾ ਉਪਦੇਸ਼ ਦਿੰਦੀ ਹੈ। ਭਗਤ ਜੀ ਦੀ ਬਾਣੀ ਮਨੁੱਖਤਾ ਨੂੰ ਪਰਸਪਰ ਆਪਸੀ ਭਾਈਚਾਰੇ ਅਤੇ ਪ੍ਰੇਮ ਦਾ ਸੰਦੇਸ਼ ਦਿੰਦੀ ਹੈ। ਭਗਤ ਜੀ ਨੇ ਕਿਸੇ ਦੂਸਰੇ ਦੀ ਅਧੀਨਗੀ ਸਵਿਕਾਰ ਨਾ ਕਰਦੇ ਹੋਏ ਕੇਵਲ ਇਕ ਅਕਾਲ ਪੁਰਖ ਨੂੰ ਸਰਬ-ਸ਼ਕਤੀਮਾਨ ਮੰਨ ਕੇ ਸਮੁੱਚੀ ਮਾਨਵਤਾ ਨੂੰ ਉਸ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ ਹੈ।

## ਸਹਾਇਕ ਪੁਸਤਕ ਸੂਚੀ:

੧. *ਭਗਤ ਰਵਿਦਾਸ : ਜੀਵਨ ਤੇ ਰਚਨਾ*, ਚਰਨਜੀਤ ਸਿੰਘ ਗੁਮਟਾਲਾ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ ੧੯੯੯

੨. *ਗੁਰੂ ਗ੍ਰੰਥ ਸਾਹਿਬ : ਸੰਪਾਦਨਾ ਅਤੇ ਬਾਣੀਕਾਰ*, ਡਾ. ਸਰਬਜਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

੩. *ਪੰਦਰਾਂ ਭਗਤ ਸਾਹਿਬਾਨ :* ਸੁਖਦੇਵ ਸਿੰਘ ਸ਼ਾਂਤ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੧੮

੪. *ਸੇ ਭਗਤ ਸਤਿਗੁਰ ਮਨਿ ਭਾਏ :* ਸੰਪਾਦਕ ਸ. ਰੂਪ ਸਿੰਘ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੯

੫. *ਭਗਤ-ਬਾਣੀ ਸਟੀਕ* (ਹਿੱਸਾ ਦੂਜਾ), ਪ੍ਰੋ. ਸਾਹਿਬ ਸਿੰਘ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ ੧੯੯੬.

■

# ਵੱਡਾ ਘਲੂੱਘਾਰਾ

*-ਸ. ਨਰਿੰਦਰ ਸਿੰਘ**

ਸੰਸਾਰ ਵਿਚ ਜਿੱਥੇ ਵੀ ਇਨਕਲਾਬ ਆਏ ਹਨ ਭਾਵੇਂ ਉਹ ਰਾਜਨੀਤਿਕ, ਸੱਭਿਆਚਾਰਕ ਜਾਂ ਧਾਰਮਿਕ ਸਨ, ਉੱਥੇ ਇਨਕਲਾਬ ਕਰਨ ਵਾਲਿਆਂ ਨੂੰ ਵੀ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਭਾਰਤ ਵਰਸ਼ ਵਿਚ ਮੁਗ਼ਲ-ਅਫ਼ਗਾਨ ਹਕੂਮਤ ਦਾ ਬਹੁਤ ਲੰਮੇ ਸਮੇਂ ਤੋਂ ਰਾਜ ਚੱਲ ਰਿਹਾ ਸੀ ਜਿਨ੍ਹਾਂ ਨੇ ਇੱਥੇ ਬਹੁਤ ਹੀ ਜ਼ੁਲਮ ਦੀ ਹਨ੍ਹੇਰੀ ਚਲਾਈ ਹੋਈ ਸੀ, ਦੇਸ਼-ਵਾਸੀਆਂ 'ਤੇ ਬਹੁਤ ਹੀ ਅੱਤਿਆਚਾਰ ਹੋ ਰਹੇ ਸਨ। ਉਸ ਸਮੇਂ ਇੱਥੇ ਇਨਕਲਾਬ ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨ੍ਹਿਆ। ਗੁਰੂ ਜੀ ਨੇ ਇੱਥੋਂ ਦੇ ਦੇਸ਼-ਵਾਸੀਆਂ 'ਤੇ ਹੋ ਰਹੇ ਜ਼ੁਲਮਾਂ ਵਿਰੁੱਧ ਆਪਣੀ ਅਵਾਜ਼ ਬੁਲੰਦ ਕੀਤੀ ਤੇ ਇੱਥੋਂ ਦੇ ਲੋਕਾਂ ਵਿਚ ਹਲੇਮੀ ਰਾਜ ਸਥਾਪਿਤ ਕਰਨ ਵਾਸਤੇ ਕਿਰਤ ਕਰਨਾ, ਵੰਡ ਕੇ ਛਕਣਾ, ਨਾਮ ਜਪਣ, ਸਾਂਝੀਵਾਲਤਾ, ਸਹਿਣਸ਼ੀਲਤਾ, ਚੜ੍ਹਦੀ ਕਲਾ, ਤਿਆਗ ਆਦਿ ਨਾਲ ਜੀਵਨ ਜਿਊਣ ਲਈ ਜੁਗਤ ਦੱਸੀ। ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਸਿੱਖਾਂ ਨੇ ਮਹਾਨ ਅਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਅਤੇ ਦੇਸ਼/ਸੰਸਾਰ ਦੇ ਲੋਕਾਂ ਦੇ ਸੁਖੀ ਰਹਿਣ ਵਾਸਤੇ ਬੇਅੰਤ ਕੁਰਬਾਨੀਆਂ ਕੀਤੀਆਂ। ਇਸ ਤਰ੍ਹਾਂ ਜੋ ਯੁੱਧ ਖਾਲਸਾ ਪੰਥ ਉੱਤੇ ਉਸ ਸਮੇਂ ਅਚਾਨਕ ਠੋਸੇ ਗਏ, ਉਨ੍ਹਾਂ ਉੱਪਰ ਕੀਤੇ ਗਏ ਹਮਲਿਆਂ ਦੇ ਮੂੰਹ-ਤੋੜ ਜਵਾਬ ਵਿਲੱਖਣ ਤਰੀਕੇ ਨਾਲ ਉਸ ਪੁਰਾਤਨ ਸਮੇਂ ਵਿਚ ਦਿੱਤੇ ਗਏ।

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੱਖ ਕੌਮ ਦੇ ਸਿਰ ਭਾਰੀ ਮੁਸੀਬਤਾਂ ਆਈਆਂ, ਕੌਮ ਨੇ ਉਸ ਦਾ ਚੜ੍ਹਦੀ ਕਲਾ ਨਾਲ ਟਾਕਰਾ ਕੀਤਾ। ਸੰਘਰਸ਼ਾਂ ਦੀ ਲੜਾਈ ਵਿੱਚੋਂ 'ਵੱਡਾ ਘੱਲੂਘਾਰਾ' ਵਿਸ਼ੇਸ਼ ਇਤਿਹਾਸਿਕ ਮਹੱਤਵ ਰੱਖਦਾ ਹੈ। ਇਸ ਘਟਨਾ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਜਥੇਬੰਦ ਹੋਣ ਵਾਸਤੇ ਹੋਰ ਬਲ ਦਿੱਤਾ ਅਤੇ ਭਾਰਤ ਦੀ ੧੮ਵੀ ਸਦੀਂ 'ਚੋਂ ਮੁਗ਼ਲਾਂ ਪਾਸੋਂ ਇਸ ਦੇਸ਼ ਕੌਮ ਨੂੰ ਅਜ਼ਾਦ ਕਰਵਾ ਕੇ ਸਿੱਖ ਰਾਜ ਦੀ ਕਾਇਮੀ ਲਈ ਰਾਹ ਬਣਾਇਆ। ਨਵਾਬ ਕਪੂਰ ਸਿੰਘ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਿੱਖਾਂ ਨੇ ਨਾਦਰ ਸ਼ਾਹ, ਜਸਪਤ ਰਾਏ, ਦੀਵਾਨ ਲਖਪਤ ਰਾਏ, ਨਵਾਬ ਯਹੀਆ ਖਾਨ, ਅਹਿਮਦ ਸ਼ਾਹ ਦੁਰਾਨੀ ਆਦਿ ਮੁਗ਼ਲ ਹਾਕਮਾਂ ਦਾ ਸੰਨ ੧੭੪੬ ਈ. ਤਕ ਡਟ ਕੇ ਮੁਕਾਬਲਾ ਕੀਤਾ ਅਤੇ ਮੁਗ਼ਲ ਹਾਕਮਾਂ ਤੇ ਉਨ੍ਹਾਂ ਦੀਆਂ ਫੌਜਾਂ ਦਾ ਨੱਕ ਵਿਚ ਦਮ ਕਰ ਦਿੱਤਾ ਸੀ। ਅਕਤੂਬਰ ੧੭੬੧ ਈ. ਨੂੰ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ, ਜੋ ਕਿ ਉਸ ਸਮੇਂ ਸਿੱਖ ਮਿਸਲਾਂ ਦੇ ਪ੍ਰਮੁੱਖ

**ਸਕੱਤਰ, ਪਬਲਿਸਿਟੀ, ਸਰਕਾਰ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ ਮੈਮੋਰੀਅਲ ਸੁਸਾਇਟੀ, (ਪੰਜਾਬ) ਬਖ਼ਸ਼ੀ ਬਾਗ਼, ਤਰਨ ਤਾਰਨ ਸਾਹਿਬ। ਮੋ. +9199154-70130*

ਜਥੇਦਾਰ ਸੀ, ਲਾਹੌਰ ਫਤਿਹ ਕਰ ਲਿਆ। ਸਿੱਖ ਫੌਜ ਨਾਲ ਅਤੇ ਉਸ ਸਮੇਂ ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਹੌਰ ਦਾ ਬਾਦਸ਼ਾਹ ਬਣਾ ਦਿੱਤਾ ਤੇ ਉਨ੍ਹਾਂ ਨੂੰ ਸੁਲਤਾਨ-ਉਲ-ਕੌਮ ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਸਿੱਖਾਂ ਦੀ ਇਸ ਵਧਦੀ ਹੋਈ ਤਾਕਤ ਨੂੰ ਦੇਖ ਕੇ ਮੁਗ਼ਲ ਹਾਕਮ ਅਹਿਮਦ ਸ਼ਾਹ ਅਬਦਾਲੀ (ਜਿਸ ਨੇ ਪੁਰਾਤਨ ਇਤਿਹਾਸ ਮੁਤਾਬਕ ਹਿੰਦੁਸਤਾਨ ਉੱਤੇ ਤਕਰੀਬਨ ਦਸ ਹਮਲੇ ਕੀਤੇ ਸਨ) ਨੇ ਸਿੱਖਾਂ ਨਾਲ ਉੱਚੇਚੇ ਤੌਰ 'ਤੇ ਯੁੱਧ ਕਰਨ ਦਾ ਮਨ ਬਣਾ ਲਿਆ। ਉਸ ਨੇ ਜੋ ਹਮਲਾ ੧੭੬੨ ਈ. ਵਿਚ ਕੀਤਾ ਉਸ ਦਾ ਮੁੱਖ ਉਦੇਸ਼ ਸਿੱਖਾਂ ਦੀ ਸ਼ਕਤੀ ਨੂੰ ਨਸ਼ਟ ਕਰਨਾ ਸੀ। ਅਬਦਾਲੀ ਦੇ ਇਸ ਸਿੱਖ-ਵਿਰੋਧੀ ਹਮਲੇ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘਲੂੱਘਾਰਾ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਵੱਡੀ ਫੌਜ ਲੈ ਕੇ ੩ ਫਰਵਰੀ, ੧੭੬੨ ਈ. ਨੂੰ ਲਾਹੌਰ ਤੋਂ ਸਿੰਘਾਂ ਦਾ ਪਿੱਛਾ ਕਰਨ ਲਈ ਕੂਚ ਕੀਤਾ ਤੇ ਸਿੱਖਾਂ ਦਾ ਪਿੱਛਾ ਕਰਦਾ ਹੋਇਆ ਸਤਲੁਜ ਟੱਪ ਕੇ ਉਸ ਨੇ ਸਰਹੰਦ ਦੇ ਫੌਜਦਾਰ ਜੈਨ ਖਾਨ, ਦੁਰਾਨੀ, ਕਾਸਿਮ ਖਾਨ ਆਦਿ ਦੀਆਂ ਫੌਜਾਂ ਨਾਲ, ਸਿੱਖਾਂ ਦੇ ਵਹੀਰ ਜੋ ਕਿ ਉਸ ਸਮੇਂ ਆਪਣੇ ਪਰਵਾਰਾਂ ਸਮੇਤ ਵੱਡੀ ਗਿਣਤੀ ਵਿਚ ਸੀ ਤੇ ੫ ਫਰਵਰੀ, ੧੭੬੨ ਈ. ਨੂੰ ਪਿਛਲੇ ਪਾਸੇ ਤੋਂ ਹਮਲਾ ਪਿੰਡ ਕੁੱਪ ਰਹੀੜਾ ਜੋ ਕਿ ਮਲੇਰਕੋਟਲਾ ਤੋਂ ਛੇ ਕੁ ਮੀਲ ਉੱਤਰ ਵੱਲ ਹੈ ਜ਼ਿਲ੍ਹਾ ਸੰਗਰੂਰ (ਪੰਜਾਬ) ਵਿਖੇ ਹਮਲਾ ਕੀਤਾ। ਉਸ ਸਮੇਂ ਸਿੱਖ ਮਿਸਲਾਂ/ਦਲ ਖਾਲਸਾ ਦੇ ਪ੍ਰਮੁੱਖ ਆਗੂ ਮਹਾਨ ਯੋਧੇ ਸੁਲਤਾਨ-ਉੱਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਂਡ ਹੇਠ ਸਰਦਾਰ ਚੜਤ ਸਿੰਘ ਸ਼ੁਕਰਚਕੀਆ, ਸਰਦਾਰ ਸਿਆਮ ਸਿੰਘ ਆਦਿ ਸਿੱਖ ਸਰਦਾਰਾਂ ਦੀ ਅਗਵਾਈ ਹੇਠ ਸਿੱਖਾਂ ਨੇ ਇਸ ਹਮਲੇ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਇਸ ਤਰ੍ਹਾਂ ਵਹੀਰ ਨੂੰ ਮਾਲਵੇ ਵੱਲ ਜਾਣ ਦਾ ਕੁਝ ਸਮਾਂ ਤਾਂ ਮਿਲ ਗਿਆ, ਪਰ ਇਸ ਯੁੱਧ ਵਿਚ ਸਿੱਖਾਂ ਦਾ ਭਾਰੀ ਨੁਕਸਾਨ ਹੋਇਆ। ਪੁਰਾਤਨ ਇਤਿਹਾਸ ਮੁਤਾਬਕ ਇਸ ਦਿਨ ਤਕਰੀਬਨ ੩੦ ਹਜ਼ਾਰ ਸਿੰਘ-ਸਿੰਘਣੀਆਂ ਤੇ ਬੱਚੇ ਸ਼ਹੀਦ ਹੋਏ। ਇੰਨਾ ਭਾਰੀ ਜਾਨੀ ਨੁਕਸਾਨ ਇੰਨੇ ਥੋੜੇ ਸਮੇਂ ਵਿਚ ਸਿੱਖਾਂ ਦਾ ਕਦੀ ਨਹੀਂ ਸੀ ਹੋਇਆ, ਜਿਸ ਕਾਰਨ ਸਿੱਖਾਂ ਦੇ ਇਸ ਭਿਆਨਕ ਯੁੱਧ ਨੂੰ 'ਵੱਡੇ ਘਲੂੱਘਾਰੇ' ਦਾ ਨਾਮ ਦਿੱਤਾ। ਸਿੱਖਾਂ ਨੇ ਇਸ ਲੜਾਈ ਵਿਚ ਡਟ ਕੇ ਮੁਕਾਬਲਾ ਕੀਤਾ। ਇਸ ਸਮੇਂ ਨਵਾਬ ਜੱਸਾ ਸਿੰਘ ਆਹਲੂਵਾਲੀਆ ਨੂੰ ਇਸ ਯੁੱਧ 'ਚੋਂ ਤਕਰੀਬਨ ੨੨ ਵੱਡੇ ਜ਼ਖ਼ਮ ਲੱਗੇ ਅਤੇ ਸ਼ਾਇਦ ਹੀ ਕੋਈ ਸਰਦਾਰ ਅਜਿਹਾ ਰਿਹਾ ਹੋਵੇਗਾ ਜਿਸ ਨੂੰ ੫-੭ ਜ਼ਖ਼ਮ ਨਾ ਆਏ ਹੋਣ। ਮੁਗ਼ਲ ਹਾਕਮ ਅਹਿਮਦਸ਼ਾਹ ਅਬਦਾਲੀ ਨੇ ਸਿੱਖਾਂ ਦਾ ਹੋਰ ਪਿੱਛਾ ਨਾ ਕਰਨ ਦਾ ਫੈਸਲਾ ਕੀਤਾ। ਬੇਸ਼ੱਕ ਪੁਰਾਤਨ ਇਤਿਹਾਸ ਮੁਤਾਬਕ ਅਹਿਮਦਸ਼ਾਹ ਦੇ ਇਸ ਹਮਲੇ ਦੌਰਾਨ ਸਿੱਖਾਂ ਦਾ ਭਾਰੀ ਜਾਨੀ-ਮਾਲੀ ਨੁਕਸਾਨ ਕੀਤਾ, ਪਰ ਸਿੱਖਾਂ ਨੇ ਅਬਦਾਲੀ ਦੀ ਪੇਸ਼ ਨਾ ਜਾਣ ਦਿੱਤੀ।

***ਬਾਕੀ ਸਫ਼ਾ ੯੭ 'ਤੇ***

# ਲੱਦਾਖ ਦਾ ਹੀਰੋ : ਜਰਨਲ ਬਿਕਰਮ ਸਿੰਘ
# (੪-੭-੧੯੧੧ - ੧੨-੧੧-੧੯੬੩)

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਪੰਜਾਬ— (ਪੰਜ ਆਬ) ਪੰਜਾਂ ਦਰਿਆਵਾਂ ਦੀ ਰੰਗ-ਬਿਰੰਗੀ ਧਰਤੀ ਦੁਨੀਆ ਵਿਚ ਹਰ ਪੱਖੋਂ ਖੁਸ਼ਹਾਲ, ਵਿਕਸਿਤ, ਗਾਉਂਦਾ ਨੱਚਦਾ, ਜੰਗਲਾਂ-ਬੇਲਿਆਂ ਵਾਲਾ— ਦੇਸ਼ ਪੰਜਾਬ। ਪੱਤਝੜ ਬਹਾਰ, ਵਰਖਾ ਰੁੱਤ, ਚਮਾਸਾ ਆਦਿ ਵੱਖ-ਵੱਖ ਰੁੱਤਾਂ ਵਾਲਾ— ਦੇਸ਼ ਪੰਜਾਬ। ਮਹਾਰਾਜਾ ਰਣਜੀਤ ਸਿੰਘ ਵਾਲਾ— ਦੇਸ਼ ਪੰਜਾਬ। ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੇ ਪਵਿੱਤਰ ਚਰਨਾਂ ਦੀ ਛੋਹ ਨਾਲ ਮਹਾਨ ਬਣਿਆ— ਦੇਸ਼ ਪੰਜਾਬ। ਪੰਜ ਦਰਿਆਵਾਂ ਵਾਲਾ ਉਹ ਦੇਸ਼ ਪੰਜਾਬ ਜਿਸ ਦੀ ਧਰਤੀ ਉੱਤੇ ਗੁਰੂ ਸਾਹਿਬਾਨ ਨੇ ਪ੍ਰਕਾਸ਼ ਧਾਰਨ ਕੀਤਾ ਅਤੇ ਸਰਬਸਾਂਝੀ ਅਤੇ ਸਰਬ ਕਲਿਆਣਕਾਰੀ ਗੁਰਬਾਣੀ *ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ* ਉਚਾਰਨ ਕੀਤੀ ਗਈ। ਜਿਸ ਧਰਤੀ ਉੱਤੇ ਭਾਰਤ ਦੇ ਦੱਖਣੀ-ਪੂਰਬੀ ਸੂਬਿਆਂ ਵਿੱਚੋਂ ਆ ਕੇ ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਸੈਣ ਜੀ ਵਰਗਿਆਂ ਨੇ ਅਕਾਲ ਪੁਰਖ ਦੀ ਮਹਿਮਾ ਉਪਮਾ ਵਿਚ ਆਪਣੀ ਬਾਣੀ ਦਾ ਉਚਾਰਨ ਕੀਤਾ। ਜਿਸ ਧਰਤੀ ਉੱਤੇ ਦੁੱਲਾ-ਭੱਟੀ ਵਰਗੇ ਅਣਖੀ ਬਹਾਦਰ ਪੈਦਾ ਹੋਏ, ਜਿਸ ਨੇ ਅਕਬਰ ਬਾਦਸ਼ਾਹ ਦੇ ਜਬਰ, ਜ਼ੁਲਮ, ਧੱਕੇ ਅਤੇ ਬੇਇਨਸਾਫੀ ਖ਼ਿਲਾਫ ਅਵਾਜ਼ ਬੁਲੰਦ ਕਰਦਿਆਂ ਆਪਣੇ ਮਾਤਾ, ਪਿਤਾ ਅਤੇ ਚਾਚੇ ਸਮੇਤ ਆਪਣੀਆਂ ਜਾਨਾਂ ਹੀ ਵਾਰ ਦਿੱਤੀਆਂ। ਇੱਥੇ ਰੁਸਤਮ-ਏ-ਜਹਾਂ ਗਾਮਾ ਪਹਿਲਵਾਨ, ਰੁਸਤਮ-ਏ-ਹਿੰਦ ਕੇਸਰ ਸਿੰਘ ਪਹਿਲਵਾਨ ਵਰਗੇ ਯੋਧੇ ਵੀ ਪੈਦਾ ਹੋਏ। ਇੱਥੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਸਰਦਾਰ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਬੱਬਰ ਅਕਾਲੀ, ਗ਼ਦਰੀ ਬਾਬੇ ਅਤੇ ਹੋਰ ਅਣਗਿਣਤ ਕ੍ਰਾਂਤੀਕਾਰੀ, ਅਣਖੀ ਦੇਸ਼ ਭਗਤ ਵੀ ਪੈਦਾ ਹੋਏ। ਠੀਕ ਹੀ ਕਿਹਾ ਹੈ— "ਪੰਜਾਬ ਕੀ ਸਿਫਤ ਕਰਾਂ ਮੈਂ ਤੇਰੀ।" ਸ਼ਾਇਦ ਹੀ ਕਿਸੇ ਦੇਸ਼ ਦੇ ਸੂਬੇ ਦਾ ਵਿਰਸਾ ਇੰਨਾ ਵਿਸ਼ਾਲ ਤੇ ਅਮੀਰ ਹੋਵੇ। ਅਜੋਕੇ ਇਧਰਲੇ-ਉਧਰਲੇ ਪੰਜਾਬ ਦੇ ਸਮੂਹ ਬਜ਼ੁਰਗ, ਬਾਲਕ ਅਤੇ ਨੌਜਵਾਨ ਉਸ ਵਿਸ਼ਾਲ, ਅਮੀਰ, ਨਿਵੇਕਲੇ ਮਹਾਨ ਵਿਰਸੇ ਦੇ ਵਾਰਸ ਹਨ। ਉਹ ਦੇਸ਼ ਪੰਜਾਬ ਜਿਸ ਦੇ ਮਹਾਨ ਸਪੂਤਾਂ ਨੇ ਭਾਰਤ ਹੀ ਨਹੀਂ ਸਗੋਂ ਵਿਦੇਸ਼ੀ ਧਰਤੀ ਉੱਤੇ ਖੇਤਾਂ ਵਿਚ, ਕਾਰਖਾਨਿਆਂ ਵਿਚ, ਜੰਗਲਾਂ ਵਿਚ ਅਤੇ ਖਾਸ ਕਰਕੇ ਵਿਦੇਸ਼ੀ ਧਰਤੀ ਉੱਤੇ ਯੁੱਧਾਂ ਵਿਚ ਜੰਗੀ ਕਾਰਨਾਮਿਆਂ ਅਤੇ ਸੂਰਬੀਰਤਾ ਨਾਲ, ਮਨੁੱਖੀ ਅਜ਼ਾਦੀ ਤਥਾ ਭਾਰਤ ਦੀ ਅਜ਼ਾਦੀ ਦੀ ਜੋਤਿ ਪ੍ਰਚੰਡ ਕਰ ਕੇ ਦੁਨੀਆ ਵਿਚ ਬਹੁਤ ਵੱਡਾ ਨਾਮਣਾ, ਸਨਮਾਨ ਅਤੇ ਸਤਿਕਾਰ ਪ੍ਰਾਪਤ ਕਰ ਕੇ ਆਪਣੀ ਮਾਤ-ਭੂਮੀ ਅਤੇ ਪਿਤਰੀ ਭੂਮੀ ਦੇਸ਼ ਪੰਜਾਬ ਦਾ

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੮-੦੫੧੦੦*

ਸਿਰ ਉੱਚਾ ਕੀਤਾ। ਇਸ ਦੇਸ਼ ਪੰਜਾਬ, ਨੂੰ ਬਦਕਿਸਮਤ ਲਿਖਾਂ ਤਾਂ ਮੇਰਾ ਸੀਨਾ ਫੱਟਦਾ ਹੈ ਪਰ ਸੱਚਾਈ ਨੂੰ ਕਿਵੇਂ ਅਤੇ ਕਿੱਥੇ ਲਕੋਵਾਂ? ਪੰਜਾਬ ਦਾ ੧੯੦੯ ਈ. ਵਿਚ ਰਕਬਾ ੩.੫ ਲੱਖ ਵਰਗ ਕਿਲੋਮੀਟਰ ਸੀ। ਇਹ ਘੱਟ ਕੇ ੧੯੪੭ ਈ. ਵਿਚ ੧.੫ ਲੱਖ ਵਰਗ ਕਿਲੋਮੀਟਰ ਰਹਿ ਗਿਆ। ਮੁੜ ੧੯੬੬ ਈ. ਵਿਚ ਕੇਵਲ ੫੦ ਹਜ਼ਾਰ ਵਰਗ ਕਿਲੋਮੀਟਰ ਹੀ ਰਹਿ ਗਿਆ ਹੁਣ ਵਾਲਾ ਪੰਜਾਬ। ਪੰਜਾਬ ਦੀਆਂ ਸਰਹੱਦਾਂ ਤਾਂ ਲੇਹ-ਲੱਦਾਖ, ਤਿੱਬਤ, ਚੀਨ, ਦੱਰਾ ਖੈਬਰ, ਪਿਸ਼ਾਵਰ, ਅਫਗਾਨਿਸਤਾਨ ਦੀਆਂ ਜੜ੍ਹਾਂ ਤੀਕ ਕਿਲ੍ਹਾ ਜਮਰੌਦ, ਕਿਲ੍ਹਾ ਜਹਾਂਗੀਰਾ, ਮੁਲਤਾਨ ਤੀਕ ਸਨ। ਵੱਡੇ-ਵੱਡੇ ਮੁਲਕ ਡਰ ਦੇ ਮਾਰੇ ਮਹਾਰਾਜਾ ਰਣਜੀਤ ਸਿੰਘ ਨਾਲ ਸੰਧੀਆਂ ਕਰਦੇ ਰਹੇ। ਇਸੇ ਕਰਕੇ ਉਸ ਨੂੰ ਮਹਾਂਬਲੀ ਕਹਿ ਕੇ ਸਨਮਾਨਿਆ ਜਾਂਦਾ ਹੈ ਅਤੇ ਇਧਰਲੇ-ਉਧਰਲੇ ਸਮੂਹ ਪੰਜਾਬੀ ਉਨ੍ਹਾਂ ਨੂੰ ਯਾਦ ਕਰ ਕੇ ਮਾਣ ਮਹਿਸੂਸ ਕਰਦੇ ਹਨ। ਜਿਨ੍ਹਾਂ ਲੋਕਾਂ ਨੂੰ ਪੰਜਾਬੀਆਂ ਨੇ ਆਪਣੀ ਬੁੱਕਲ ਵਿਚ ਨਿੱਘ ਦਿੱਤਾ, ਪਾਲਿਆ, ਉਨ੍ਹਾਂ ਦਾ ਸੱਭਿਆਚਾਰ, ਭਾਸ਼ਾ ਅਤੇ ਇੱਜ਼ਤ-ਆਬਰੂ ਦੀ ਸੁਰੱਖਿਆ-ਰੱਖਿਆ ਕੀਤੀ ਉਨ੍ਹਾਂ ਨੇ ਹੀ ਇਸ ਦੇ ਵਾਰ-ਵਾਰ ਖੰਭ ਬੜੀ ਨਿਰਦੈਅਤਾ ਨਾਲ ਨੋਚੇ। ੧੯੪੭ ਈ. ਵਿਚ ਜਿਹੜੀ ਭਾਰਤ ਦੀ ਬਦਕਿਸਮਤ ਵੰਡ ਹੋਈ, ਜਿਸ ਵਿਚ ਉਨ੍ਹਾਂ ਲੋਕਾਂ ਦਾ ਜਿਨ੍ਹਾਂ ਦੇ ਪੂਰਵਜਾਂ ਜਾਂ ਆਪ ਵਿਸ਼ਾਲ ਪੰਜਾਬ ਬਣਾਉਣ ਵਿਚ ਕੋਈ ਯੋਗਦਾਨ ਹੀ ਨਹੀਂ ਸੀ ਸਗੋਂ ਉਹ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਤੇ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਜਿਹੜੀਆਂ ਫਿਰੰਗੀਆਂ ਅਤੇ ਖ਼ਾਲਸਾ ਫੌਜਾਂ ਦਰਮਿਆਨ ਚਾਰੇ ਜੰਗਾਂ ਹੋਈਆਂ ਉਨ੍ਹਾਂ ਵਿਚ ਉਹ ਤਾਂ ਸਾਰੇ ਫਿਰੰਗੀਆਂ ਨਾਲ ਸਨ। ਇਸ ਕਰਕੇ ਸ਼ਾਹ ਮੁਹੰਮਦ ਨੇ ਲਿਖਿਆ ਹੈ— 'ਜੰਗ ਨਾਮਾ ਸਿੰਘਾਂ ਅਤੇ ਫਿਰੰਗੀਆਂ' ਇਸ ਵਿਚ ਲੇਖਕ ਸ਼ਾਹ ਮੁਹੰਮਦ ਠੀਕ ਹੀ ਲਿਖਦਾ ਹੈ— '*ਜੰਗ ਹਿੰਦ-ਪੰਜਾਬ ਦਾ ਹੋਣ ਲੱਗਾ। ਫੌਜਾਂ ਪਾਤਸ਼ਾਹੀ ਦੋਵੇਂ ਭਾਰੀਆਂ ਨੇ।* 'ਇਕ ਪਾਸੇ ਖ਼ਾਲਸਾ ਫੌਜ ਦੇਸ਼ ਪੰਜਾਬ ਦੀ ਅਤੇ ਦੂਜੇ ਪਾਸੇ ਫਿਰੰਗੀ ਦੀ ਕਮਾਨ ਹੇਠ ਭਾਰਤੀਆਂ ਦੀ ਫੌਜ। ੧੯੪੭ ਈ. ਦੇ ਉਸ ਸਮੇਂ ਬਣੇ ਭਾਰਤੀ ਅਤੇ ਪਾਕਿਸਤਾਨੀ ਲੀਡਰਾਂ ਨੇ ਬੜੀ ਹੀ ਬੇਦਰਦੀ ਅਤੇ ਬੇਰਹਿਮੀ ਨਾਲ ਦੇਸ਼ ਪੰਜਾਬ ਦੀ ਬਾਂਦਰ ਵੰਡ ਕਰ ਦਿੱਤੀ। ਪੰਜਾਬ ਦੇ ਵੀ ਦੋ ਸਿੱਖ ਨੇਤਾ ਉੱਥੇ ਮੌਜੂਦ ਸਨ ਪਰੰਤੂ ਉਹ ਚੁੱਪ-ਸ਼ਾਂਤ ਹੀ ਰਹੇ ਅਤੇ ਸੌਂ ਹੀ ਗਏ। ਇਹ ਅੱਖਾਂ ਹੁੰਦਿਆਂ ਵੀ ਅੰਨ੍ਹੇ ਹੋ ਗਏ। ਗੁਰਬਾਣੀ ਦਾ ਅਜਿਹੇ ਨੇਤਾਵਾਂ ਬਾਰੇ ਫੁਰਮਾਨ ਹੈ— *ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥ ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥* ਸਿਰਫ ਵੰਡ-ਕਰਤਾਵਾਂ ਦੀ ਚਾਪਲੂਸੀ ਕਰਨ ਜਾਂ ਆਪਣੇ ਨਿੱਜੀ ਹਿੱਤਾਂ ਲਈ ਦੋਵਾਂ ਪਾਸਿਆਂ ਦੇ ਪੰਜਾਬ ਨੂੰ ਸਦੀਵਕਾਲ ਲਈ ਇਕ ਦਰਦ, ਇਕ ਚੀਖ, ਇਕ ਨਾਸੂਰ ਦੇ ਦਿੱਤਾ। ਉਸ ਘੁੱਗ ਵਸਦੇ ਪੰਜਾਬ ਦੇ ਪੰਜ ਦਰਿਆਵਾਂ ਵਿੱਚੋਂ ਪਾਕਿਸਤਾਨ ਨੂੰ ਪੰਜਾਬ ਦੀ ਰਾਜਧਾਨੀ ਲਾਹੌਰ ਅਤੇ ਚਾਰ ਦਰਿਆ ਅਤੇ ਇਧਰਲੇ ਪੰਜਾਬ ਨੂੰ ਕੇਵਲ ਇਕ ਦਰਿਆ ਬਿਆਸ ਹੀ ਮਿਲਿਆ। ਪ੍ਰੋ. ਪੂਰਨ ਸਿੰਘ ਕਿਸ ਤਰ੍ਹਾਂ ਆਪਣੇ ਦਿਲ ਦੇ

ਦਰਦ ਨੂੰ ਪ੍ਰਗਟ ਕਰਦਾ ਹੋਇਆ ਉਸ ਪੰਜਾਬ ਨੂੰ ਮੁੜ ਆਉਣ ਲਈ ਅਵਾਜ਼ਾਂ ਮਾਰਦਾ ਹੈ। ਉਹ ਲਿਖਦੇ ਹਨ:

*ਰਾਵੀ ਸੋਹਣੀ ਪਈ ਵਗਦੀ।*
*ਮੈਨੂੰ ਸਤਲੁਜ ਪਿਆਰਾ ਹੈ।*
*ਮੈਨੂੰ ਬਿਆਸ ਪਈ ਖਿਚਦੀ।*
*ਮੈਨੂੰ ਝਨਾਂ ਵਾਜਾਂ ਮਾਰਦਾ।*
*ਅਟਕ ਦੀਆਂ ਲਹਿਰਾਂ ਦੀ ਠਾਠ।*
*ਮੇਰੇ ਬੂਹੇ ਤੇ ਵੱਸਦੀ।*
*ਆ ਪੰਜਾਬ ਪਿਆਰ ਤੂੰ ਮੁੜ ਆ।*
*ਆ ਸਿੱਖ ਪੰਜਾਬ ਤੂੰ ਮੁੜ ਆ।*

ਪ੍ਰੋ. ਮੋਹਨ ਸਿੰਘ ਆਪਣੇ ਧੁਰ ਅੰਦਰੋਂ ਬੇਦਰਦੀ ਅਤੇ ਬੇਰਹਿਮੀ ਨਾਲ ਕੀਤੀ ਵਿਸ਼ਾਲ ਪੰਜਾਬ ਦੀ ਬਾਂਦਰ ਵੰਡ ਉੱਤੇ ਹੰਝੂ ਕੇਰਦਾ ਹੋਇਆ ਲਿਖਦਾ ਹੈ:

*ਦੱਸ ਨਾ ਇਹ ਕੀ ਹੋਇਆ?*
*ਕਿਸ ਲਈ ਸਭ ਕੁਝ ਹੋਇਆ?*
*ਦਵਾਈ ਖਾ ਮਰੀਜ਼ ਹੀ ਮੋਇਆ।*
*ਸਾਡੇ ਹੱਥ ਕੀ ਆਇਆ?*

ਦੇਸ਼ ਦੀ ਵੰਡ ਸਮੇਂ ਭਾਰਤ-ਵਾਸੀਆਂ ਨੂੰ ਸਮੇਂ ਦੇ ਨੇਤਾਵਾਂ ਨੇ ਪਹਿਲਾਂ ਵਿਸ਼ਵਾਸ ਅਤੇ ਫਿਰ ਕਾਨੂੰਨੀ ਸ਼ਕਲ ਦੇ ਕੇ ਇਹ ਭਰੋਸਾ ਦਿਵਾਇਆ ਸੀ ਕਿ ਭਾਰਤ ਦੇ ਵਾਸੀਆਂ ਦੀਆਂ ਵੱਖ-ਵੱਖ ਭਾਸ਼ਾਵਾਂ, ਸੱਭਿਆਚਾਰ, ਭੂਗੋਲਿਕ ਸਥਿਤੀਆਂ ਅਤੇ ਇੱਛਾਵਾਂ ਉਮੰਗਾਂ ਨੂੰ ਮੁੱਖ ਰੱਖਦਿਆਂ ਭਾਰਤ ਦਾ ਭਾਸ਼ਾ ਦੇ ਆਧਾਰ ਉੱਤੇ ਪੁਨਰ-ਗਠਨ ਕੀਤਾ ਜਾਵੇਗਾ। ਹੈਦਰਾਬਾਦ ਸਟੇਟ ਦੇ ਰੇਮੂਲੂ ਦੀ ਸ਼ਹੀਦੀ ਤੋਂ ਬਾਅਦ ਬਾਕੀ ਹਿੱਸਿਆਂ ਵਿਚ ਇਸ ਤਰ੍ਹਾਂ ਹੋਇਆ ਵੀ। ਪੰਜਾਬ ਦੀ ਹੋਣੀ ਹੋਰ ਹੀ ਸੀ। ਪੰਜਾਬੀਆਂ ਅਤੇ ਖਾਸ ਕਰਕੇ ਖ਼ਾਲਸਾ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਰਤ ਸਰਕਾਰ ਨੂੰ ਆਪਣੇ ਵਾਅਦੇ ਅਤੇ ਸਥਾਪਿਤ ਨਿਯਮਾਂ ਅਨੁਸਾਰ ਪੰਜਾਬੀ ਭਾਸ਼ਾ ਦੇ ਆਧਾਰ ਉੱਤੇ 'ਪੰਜਾਬੀ ਸੂਬਾ' ਬਣਾਉਣ ਲਈ ਵਾਰ-ਵਾਰ ਮੋਰਚੇ ਲਗਾਉਣੇ ਪਏ ਅਤੇ ਖ਼ੂਨ ਡੋਲਵਾਂ ਸੰਘਰਸ਼ ਕਰਨਾ ਪਿਆ। ਪੰਜਾਬੀਆਂ ਅਤੇ ਖਾਸ ਕਰਕੇ ਖ਼ਾਲਸਾ ਪੰਥ ਵਰਗਾ ਹੋਰ ਕੋਈ ਦੇਸ਼-ਭਗਤ ਹੀ ਨਹੀਂ। ਉਨ੍ਹਾਂ ੧੯੪੭-੪੮ ਈ., ੧੯੬੫ ਈ. ਹਿੰਦ-ਪਾਕਿਸਤਾਨ ਜੰਗਾਂ ਅਤੇ ੧੯੭੧ ਈ. ਦੀ ਭਾਰਤ-ਚੀਨ ਯੁੱਧ ਵਿਚ ਅਗਰਸਰ ਹੋ ਕੇ ਕੇਵਲ ਫੌਜੀ ਹੀ ਨਹੀਂ ਸਗੋਂ ਆਪ ਪੰਜਾਬੀਆਂ ਨੇ ਪੂਰਾ ਯੋਗਦਾਨ ਪਾਇਆ। ਭਾਰਤੀ ਫੌਜ ਨੂੰ ਆਪਣੇ ਘਰਾਂ ਵਿਚ ਮਸ਼ੀਨਗੰਨਾਂ ਫਿੱਟ ਕਰਨ ਦਿੱਤੀਆਂ ਅਤੇ ਭਾਰਤੀ ਫੌਜ ਦੀ ਹਰ ਤਰ੍ਹਾਂ ਪੂਰੀ ਮਦਦ ਕੀਤੀ। ਕੇਵਲ ਪੰਜਾਬੀ ਵੀਰਾਂ ਨੇ ਹੀ ਨਹੀਂ ਸਗੋਂ ਪੰਜਾਬੀ ਮਾਵਾਂ-ਭੈਣਾਂ ਨੇ ਵੀ ਪੂਰੀ ਮਦਦ ਕੀਤੀ। ਉਨ੍ਹਾਂ ਨੂੰ ਪਤਾ ਸੀ ਕਿ ਜਿਸ ਭਾਰਤ ਦੇ ਧਰਮ, ਸੱਭਿਆਚਾਰ,

ਇਤਿਹਾਸ, ਇੱਜ਼ਤ-ਆਬਰੂ ਲਈ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਵਾਲਾ ਪੰਜਾਬ ਅਤੇ ਜਿਹੜਾ ਪੰਜਾਬ ਆਪਣਾ ਖ਼ਾਲਸਾ ਰਾਜ ਵਾਲਾ ਪੰਜਾਬ ਸੀ, ਭਾਈਚਾਰੇ, ਸਲੀਕੇ ਵਾਲੇ ਪੰਜਾਬੀਆਂ ਵਾਲਾ ਪੰਜਾਬ। ਜਿਸ ਪੰਜਾਬ ਦੇ ਦਰਿਆ ਪਿਆਰ ਨਾਲ ਉਛਾਲੇ ਮਾਰਦੇ ਸਨ, ਪੰਜਾਬ ਦੇ ਦਰਿਆ, ਪਿਆਰ ਅੱਗ ਜਿਨ੍ਹਾਂ ਨੂੰ ਲੱਗੀ ਹੋਈ। ਪਿਆਰਾ ਜਪੁ ਜੀ ਸਾਹਿਬ ਗਾਉਂਦੇ, ਠੰਡੇ-ਠਾਰਦੇ, ਪਿਆਰਦੇ ਵਾਲਾ ਪੰਜਾਬ ਸੀ। ਉਸ ਦੀ ਰਾਖੀ ਉਹ ਭਾਰਤੀ ਫੌਜ ਮੌਤ ਦੀ ਪਰਵਾਹ ਕੀਤੇ ਬਿਨਾਂ ਕਰ ਰਹੀ ਸੀ। ਇਸ ਲੇਖ ਵਿਚ ਲੱਦਾਖ ਦੇ ਹੀਰੋ, ਰਾਖੇ, ਮਿੱਤਰ, ਅਦੁੱਤੀ ਜਰਨੈਲ ਸਰਦਾਰ ਬਿਕਰਮ ਸਿੰਘ ਸਬੰਧੀ ਵਿਚਾਰ ਕਰ ਰਹੇ ਹਾਂ ਤਾਂ ਜੋ ਸਰਲ ਪੰਜਾਬੀ ਭਾਸ਼ਾ ਵਿਚ ਲਿਖੇ ਲੇਖ ਰਾਹੀਂ ਨੌਜਵਾਨਾਂ ਅਤੇ ਸਧਾਰਨ ਪੰਜਾਬੀਆਂ ਨੂੰ ਪੂਰੀ ਜਾਣਕਾਰੀ ਮਿਲ ਸਕੇ।

ਜਰਨਲ ਬਿਕਰਮ ਸਿੰਘ ਦਾ ਜਨਮ ਉਸੇ ਪੰਜਾਬ ਦੀ ਧਰਤੀ ਉੱਤੇ ਜ਼ਿਲ੍ਹਾ ਜਲੰਧਰ ਹੁਣ ਜ਼ਿਲ੍ਹਾ ਹੁਸ਼ਿਆਰਪੁਰ ਦੇ ਆਪਣੇ ਨਾਨਕੇ ਪਿੰਡ ਕਾਹਮਾ ਵਿਖੇ ਮਾਤਾ ਸ਼ਿਵ ਕੌਰ ਦੀ ਪਵਿੱਤਰ ਕੁੱਖੋਂ ਅਤੇ ਪਿਤਾ ਸਰਦਾਰ ਨਰਾਇਣ ਸਿੰਘ ਦੇ ਪਰਵਾਰ ਵਿਚ ੦੪ ਜੁਲਾਈ, ੧੯੧੧ ਈ. ਨੂੰ ਹੋਇਆ। ਸਰਦਾਰ ਨਰਾਇਣ ਸਿੰਘ ਅੰਗਰੇਜ਼ੀ ਫੌਜ ਵਿਚ ਉੱਚ ਅਫ਼ਸਰ ਰਸਾਲਦਾਰ ਮੇਜਰ-ਆਨਰੇਰੀ ਕੈਪਟਨ ਸਨ। ਜਰਨਲ ਬਿਕਰਮ ਸਿੰਘ ਦਾ ਪਿੱਤਰੀ ਪਿੰਡ ਅਜੋਕੇ ਸ਼ਹੀਦ ਭਗਤ ਸਿੰਘ ਨਗਰ ਵਿਚ 'ਸਿਆਣਾ' ਹੈ। ਜਿਸ ਤਰ੍ਹਾਂ ਕਹਾਵਤ ਹੈ ਕਿ ਪੁੱਤਰ-ਸਪੁੱਤਰ ਪੰਘੂੜੇ ਵਿੱਚੋਂ ਪਛਾਣੇ ਜਾਂਦੇ ਹਨ। ਮਾਤਾ-ਪਿਤਾ ਨੇ ਆਪਣੇ ਸਪੁੱਤਰ ਬਿਕਰਮ ਸਿੰਘ (ਜਿਸ ਦਾ ਅਰਥ ਹੈ ਸ਼ੇਰ ਬਹਾਦਰ, ਦਿਲਾਵਰ, ਸੂਰਮਾ) ਦੇ ਚਿਹਨ-ਚੱਕਰ ਅਤੇ ਭੋਲੇ-ਭਾਲੇ ਬਚਪਨ ਵਿਚ ਖੇਡੀਆਂ ਜਾ ਰਹੀਆਂ ਖੇਡਾਂ, ਤੀਖਣ ਬੁੱਧੀ ਅਤੇ ਹਰ ਸਮੇਂ ਮੌਜੂਦ ਚੀਜ਼ਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਪ੍ਰਬਲ ਇੱਛਾ ਆਦਿ ਨੂੰ ਵੇਖਦਿਆਂ ਹੋਇਆਂ ਬਿਕਰਮ ਸਿੰਘ ਨੂੰ ਉਸ ਸਮੇਂ ਦੇ ਸਭ ਤੋਂ ਵਧੀਆ ਸਕੂਲ ਅਤੇ ਕਾਲਜ 'ਪ੍ਰਿੰਸ ਆਫ਼ ਵੇਲਜ਼, ਰਾਇਲ ਇੰਡੀਆ ਮਿਲਟਰੀ ਕਾਲਜ', ਡੇਹਰਾਦੂਨ ਵਿਖੇ ਦਾਖ਼ਲ ਕਰਵਾਇਆ, ਜਿੱਥੇ ਉਨ੍ਹਾਂ ਨੇ ਆਪਣੀ ਪੜ੍ਹਾਈ ਮੁਕੰਮਲ ਕੀਤੀ। ਉਹ ਇਕ ਚੰਗਾ ਖਿਡਾਰੀ, ਉੱਤਮ ਅਤੇ ਗੁਰਮਤਿ ਵਿਚ ਰੰਗਿਆ ਹੋਇਆ ਵਿਦਿਆਰਥੀ ਸੀ।

ਸਭ ਮੰਨੇ-ਪ੍ਰਮੰਨੇ ਵਿਦਵਾਨ ਮੰਨਦੇ ਹਨ ਕਿ ਪਰਮਾਰਥਕ-ਅਧਿਆਤਮਿਕ ਰੰਗ ਵਿਚ ਰੰਗੇ ਵਿਦਿਆਰਥੀ ਪਦਾਰਥਕ (ਸੰਸਾਰਕ) ਵਿੱਦਿਆ ਵਿਚ ਵੀ ਨਿਪੁੰਨ ਹੁੰਦੇ ਹਨ। (Spirituality helps in acadmics) ਇਸੇ ਕਾਲਜ ਦੇ ਵਿਦਿਆਰਥੀ ਹੁੰਦਿਆਂ ਹੋਇਆ ਬਿਕਰਮ ਸਿੰਘ ਦੀ ਚੋਣ 'ਰਾਇਲ ਮਿਲਟਰੀ ਅਕਾਡਮੀ' ਸੈਂਡਰਹਰਸ਼ਟ (ਇੰਗਲੈਂਡ) ਲਈ ਹੋਈ। ੧੯੩੨ ਈ. ਵਿਚ ੨੧ ਸਾਲ ਦੀ ਉਮਰ ਵਿਚ ਫੌਜ ਵਿਚ ਕਮਿਸ਼ਨ ਮਿਲਣ ਉੱਤੇ ਇਕ ਸਾਲ ਲਈ ਬਰਤਾਨਵੀ ਬਰਕਸਾਇਰ ਰੈਜੀਮੈਂਟ ਵਿਚ ਨਿਯੁਕਤ ਕੀਤਾ ਗਿਆ। ਥੋੜੇ ਜਿਹੇ ਸਮੇਂ ਬਾਅਦ ਉਸ ਦੀ ਲਿਆਕਤ, ਗੁਣ ਅਤੇ ਉੱਤਮ ਜਾਬਤੇ ਵਾਲੇ ਵਿਹਾਰ (Conduct) ਨੂੰ ਮੁੱਖ ਰੱਖਦਿਆਂ ਹੋਇਆ ਉਨ੍ਹਾਂ ਦੀ ਬਦਲੀ ੬/੧੩ ਐਫ.ਆਈ. ਰਾਈਫਲਜ਼, ਕੋਹਾਠ ਵਿਚ ਕਰ ਦਿੱਤੀ

ਗਈ। ਇਹ ਬਨੂੰ-ਕੋਹਾਠ ਦਾ ਪਠਾਣਾਂ ਦਾ ਇਲਾਕਾ ਹਮੇਸ਼ਾਂ ਹੀ ਹਰ ਸਰਕਾਰ ਲਈ ਕੜਵਾਹਟ-ਗੜਬੜੀ ਵਾਲਾ ਅਸ਼ਾਂਤ ਇਲਾਕਾ ਰਿਹਾ ਹੈ। ਸਰਦਾਰ ਬਿਕਰਮ ਸਿੰਘ ਦੀ ਇਹ ਮਨ-ਭਾਉਂਦੀ ਨਿਯੁਕਤੀ ਸੀ ਕਿਉਂਕਿ ਉਹ ਆਪਣੀ ਸਾਰੀ ਫ਼ੌਜੀ ਜ਼ਿੰਦਗੀ ਵਿਚ ਹਰ ਚੁਣੌਤੀ ਨੂੰ ਜੀ ਆਇਆਂ ਹੀ ਆਖਦਾ ਸੀ, ਪਿਆਰ ਕਰਦਾ ਸੀ ਅਤੇ ਸ਼ੇਰ ਵਾਂਗ ਹਰ ਚੁਣੌਤੀ ਨਾਲ ਮੱਥਾ ਡਾਹ ਕੇ ਉਸ ਉੱਤੇ ਜਿੱਤ ਪ੍ਰਾਪਤ ਕਰ ਕੇ ਖੁਸ਼ੀ ਮਹਿਸੂਸ ਕਰਦਾ ਸੀ। ਸੂਰਮੇ ਦੀ ਪਛਾਣ ਹੀ ਇਹ ਹੁੰਦੀ ਹੈ ਕਿ ਉਹ ਹਰ ਸਮੇਂ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਉਸ ਨੂੰ ਡਰਾਉਣ ਦੀ ਜੁਰਅੱਤ ਰੱਖਦਾ ਹੈ।

ਸਰਦਾਰ ਬਿਕਰਮ ਸਿੰਘ ਦੀ ਦਾਨਿਸ਼ਵਰੀ, ਦਲੇਰੀ, ਲਗਨ ਅਤੇ ਉੱਤਮ ਹੌਂਸਲੇ ਨੂੰ ਪਰਖਦਿਆਂ ਹੋਇਆਂ ਉਨ੍ਹਾਂ ਦੀ ਨਿਯੁਕਤੀ ਇਸ ਨਾਲੋਂ ਵੀ ਵੱਧ ਮੁਸ਼ਕਲਾਂ, ਔਕੜਾਂ, ਉਲਝਣਾਂ ਅਤੇ ਘੋਰ ਖ਼ਤਰਿਆਂ ਵਾਲੀ ਥਾਂ ਉੱਤਰੀ-ਪੱਛਮੀ ਸੀਮਾ (North-Western Front) ਵਿਖੇ ਬਾਗੀ ਕਬਾਇਲੀਆਂ ਨੂੰ ਕਾਬੂ ਕਰਨ ਲਈ ਕਰ ਦਿੱਤੀ ਗਈ। ਇਤਿਹਾਸ ਗਵਾਹ ਹੈ ਕਿ ਉਨ੍ਹਾਂ ਪਠਾਣਾਂ ਅਤੇ ਕਬਾਇਲੀਆਂ ਨੂੰ ਪਹਿਲਾਂ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਨੇ ਚੰਗੀ ਤਰ੍ਹਾਂ ਧੂਲ ਚਟਾ ਕੇ, ਜਿੱਤ ਕੇ ਆਪਣੇ ਅਧੀਨ ਕਰ ਕੇ ਉਨ੍ਹਾਂ ਉੱਤੇ ਰਾਜ ਕੀਤਾ ਅਤੇ ੧੨ ਅਗਸਤ, ੧੮੯੭ ਈ. ਵਿਚ ਹੋਈ ਸਾਰਾਗੜ੍ਹੀ ਲੜਾਈ ਵਿਚ ੩੬ ਸਿੱਖ ਬਟਾਲੀਅਨ ਦੇ ਕੇਵਲ ਇੱਕੀ (੨੧) ਜਾਂਬਾਜ਼ ਸੂਰਮਿਆਂ ਸਿਪਾਹੀਆਂ ਨੇ ਹੌਲਦਾਰ ਈਸ਼ਰ ਸਿੰਘ ਦੀ ਅਗਵਾਈ ਵਿਚ ੧੦੦੦੦ (ਦਸ ਹਜ਼ਾਰ) ਕਬਾਇਲੀਆਂ ਨੂੰ ਖ਼ਾਲਸਾਈ ਯੁੱਧ-ਕਲ੍ਹਾ ਦੇ ਜੌਹਰ ਵਿਖਾ ਕੇ ਸੰਸਾਰ ਨੂੰ ਦੰਗ ਕਰ ਦਿੱਤਾ ਸੀ। ਇਸੇ ਕਰਕੇ ਇਨ੍ਹਾਂ ਬਹਾਦਰ ਸਿੱਖ ਸਿਪਾਹੀਆਂ ਵੱਲੋਂ ਜਿਸ ਦਲੇਰੀ, ਹੌਂਸਲੇ ਅਡੋਲਤਾ ਨਾਲ ਜੋ ਜੱਗੋਂ ਬਾਹਰੇ ਕਮਾਲ ਅਤੇ ਜੌਹਰ ਵਿਖਾਏ ਗਏ, ਉਨ੍ਹਾਂ ਦੀ ਬਹਾਦਰੀ ਦੀ ਗਾਥਾ ਅੱਜ ਵੀ ਫ਼ਰਾਂਸ ਦੇ ਸਕੂਲਾਂ ਵਿਚ ਪੜ੍ਹਾਈ ਜਾਂਦੀ ਹੈ ਅਤੇ ਇਸੇ ਤਰ੍ਹਾਂ ਅੱਜ ਵੀ ਪਠਾਣੀਆਂ ਰੋਂਦੇ ਬੱਚਿਆਂ ਨੂੰ ਚੁੱਪ ਕਰਾਉਣ ਲਈ ਕਹਿੰਦੀਆਂ ਹਨ— "ਚੁਪ ਸ਼ਾ- ਹਰੀਆ ਰਾਗਲੇ" ਅਰਥਾਤ ਚੁੱਪ ਹੋ ਜਾ ਨਹੀਂ ਤਾਂ ਹਰੀ ਸਿੰਘ ਨਲਵਾ ਆ ਜਾਵੇਗਾ। ਅੱਜ ਵੀ ਤੁਸੀਂ ਇਨ੍ਹਾਂ ਇਲਾਕਿਆਂ ਵਿਚ ਵੇਖੋ ਕਿ ਕਿਸ ਤਰ੍ਹਾਂ ਸਰਦਾਰ ਬਿਕਰਮ ਸਿੰਘ ਦਾ ਨਾਮ ਬਹੁਤ ਮਸ਼ਹੂਰ ਹੈ। ਹਰਮਨ-ਪਿਆਰਾ ਹੈ। ਲੋਕ ਕਹਿੰਦੇ ਹਨ ਕਿ ਜਿੱਥੇ ਉਹ ਇਕ ਫੌਜੀ ਅਧਿਕਾਰੀ ਸੀ ਉੱਥੇ ਉਹ ਬਹੁਤ ਹੀ ਨੇਕ, ਉੱਚੇ ਆਚਰਣ ਵਾਲਾ ਪਰਉਪਕਾਰੀ ਸਿੱਖ ਅਫਸਰ ਸੀ। ਉਹ ਲੋਕ ਸਰਦਾਰ ਬਿਕਰਮ ਸਿੰਘ ਨੂੰ ਆਪਣਾ 'ਹੀਰੋ' ਮੰਨਦੇ ਹਨ। ਉਸ ਨੂੰ ਦਿਲੋਂ-ਮਨੋ ਪਿਆਰਦੇ ਅਤੇ ਸਤਿਕਾਰਦੇ ਹਨ, ਪੂਜਦੇ ਹਨ। ਸ਼ਾਇਦ ਹੀ ਇਤਿਹਾਸ ਵਿਚ ਕਿਸੇ ਫੌਜੀ ਅਫ਼ਸਰ ਨੂੰ ਇੰਨਾ ਮਾਣ-ਸਨਮਾਨ ਅਤੇ ਪਿਆਰ-ਸਤਿਕਾਰ ਮਿਲਿਆ ਹੋਵੇ। ਤੁਸੀਂ ਹੈਰਾਨ ਹੋਵੋਗੇ ਕਿ ਬਰਤਾਨਵੀ ਸਰਕਾਰ ਨੇ ਉਨ੍ਹਾਂ ਨੂੰ ਉੱਥੋਂ ਹੋਰ ਵੱਡੀ ਚੁਣੌਤੀ ਭਰੇ ਬਾਗੀ ਸੁਰਾਂ ਵਾਲੇ (Disturbed) ਇਲਾਕੇ ਈਰਾਨ, ਇਰਾਕ ਅਤੇ ਲੀਬੀਆ ਵਿਖੇ ਤਾਇਨਾਤ ਕੀਤਾ, ਜਿੱਥੇ ਉਨ੍ਹਾਂ ਨੇ ਆਪਣੀ ਸੂਰਬੀਰਤਾ ਦੇ ਜੌਹਰ ਦਿਖਾ ਕੇ ਇਕ ਸ਼ਾਨਦਾਰ ਮਿਸਾਲ ਪੈਦਾ ਕਰ ਦਿੱਤੀ।

ਅੱਜ ਵੀ ਅੰਗਰੇਜ਼ੀ ਫੌਜੀ ਅਧਿਕਾਰੀ ਉਨ੍ਹਾਂ ਦੇ ਸਿਰੜ, ਸਿਦਕ, ਜਾਬਤੇ, ਵਿਹਾਰ ਅਤੇ ਬਹਾਦਰੀ ਨੂੰ ਯਾਦ ਕਰਦੇ ਹਨ। ਇਹ ਸਭ ਕੁਝ ਗੁਣ ਕੁਝ ਵਿਰਲਿਆਂ ਨੂੰ ਹੀ ਪ੍ਰਾਪਤ ਹੁੰਦੇ ਹਨ। ਉਨ੍ਹਾਂ ਨੂੰ ਜੋ ਕੁਝ ਵੀ ਮਾਣ-ਸਨਮਾਨ ਅੰਗਰੇਜ਼ੀ ਅਤੇ ਭਾਰਤੀ ਫੌਜ ਵਿਚ ਪ੍ਰਾਪਤ ਹੋਇਆ ਕਿਸੇ ਮੁਲਾਹਜੇਦਾਰੀ, ਰਿਸ਼ਤੇਦਾਰੀ ਅਤੇ ਕਿਸੇ ਦੀ ਸਿਫਾਰਸ਼ ਨਾਲ ਨਹੀਂ ਸਗੋਂ ਆਪਣੇ ਗੁਣਾਂ, ਕਾਰਨਾਮਿਆਂ, ਨਿਰਡਰਤਾ, ਨਿਰਭੈਤਾ, ਲਗਨ ਅਤੇ ਅਨੇਕਾਂ ਪ੍ਰਾਪਤੀਆਂ ਕਰ ਕੇ ਹੀ ਪ੍ਰਾਪਤ ਹੋਇਆ। ਜਰਨਲ ਬਿਕਰਮ ਸਿੰਘ ਹਮੇਸ਼ਾ ਹੀ ਮਿਲੇ ਇਨ੍ਹਾਂ ਵੱਡੇ ਵੱਡੇ ਮਾਣ-ਸਨਮਾਨਾਂ ਨੂੰ ਪ੍ਰਭੂ-ਪਰਮਾਤਮਾ ਦੀ ਅਪਾਰ ਬਖ਼ਸ਼ਿਸ਼ ਅਤੇ ਗੁਰੂ ਸਾਹਿਬਾਨ ਦੀ ਕਿਰਪਾ ਹੀ ਸਮਝਦੇ ਸਨ। ਉਨ੍ਹਾਂ ਵਿਚ ਹੰਕਾਰ ਅਤੇ ਹਉਮੈਂ ਇਕ ਭੋਰਾ ਵੀ ਨਹੀਂ ਸੀ। ਉਹ ਨਿਮਰਤਾ ਅਤੇ ਪਰਉਪਕਾਰ ਦੇ ਪੁੰਜ ਸਨ। ਹਾਂ! ਜਿਸ ਤਰ੍ਹਾਂ ਹਮੇਸ਼ਾ ਹੀ ਹੁੰਦਾ ਹੈ ਕਈ ਲੋਕ ਜਿਹੜੇ ਆਪਣੀਆਂ ਰਿਸ਼ਤੇਦਾਰੀਆਂ, ਧਰਮ, ਫਿਰਕੂ ਸੋਚ ਅਤੇ ਸਿਫਾਰਸ਼ ਨਾਲ ਬਿਨਾਂ ਕਿਸੇ ਗੁਣ ਦੇ ਉੱਚ ਅਹੁਦੇ ਪ੍ਰਾਪਤ ਕਰਦੇ ਹਨ ਉਹ ਸਰਦਾਰ ਬਿਕਰਮ ਸਿੰਘ ਵਰਗੇ ਸੂਰਮਿਆਂ ਨਾਲ ਈਰਖਾ ਜ਼ਰੂਰ ਕਰਦੇ ਹਨ। ਜਿਸ ਤਰ੍ਹਾਂ ਗੁਰਬਾਣੀ ਦਾ ਫੁਰਮਾਨ ਹੈ— *ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥* ਪਰੰਤੂ ਉਨ੍ਹਾਂ ਨੇ ਉਨ੍ਹਾਂ ਸਾਜ਼ਸ਼ੀਆਂ, ਸ਼ਰਾਰਤੀਆਂ ਦਾ ਮੁਕਾਬਲਾ ਆਪਣੀ ਕਾਬਲੀਅਤ ਅਤੇ ਪੂਰੇ ਸਹਿਜ ਨਾਲ ਕੀਤਾ ਅਤੇ ਉਹ ਆਪ ਹਾਥੀ ਚਾਲ ਚੱਲਦੇ ਰਹੇ ਅਤੇ ਬੱਬਰ ਸ਼ੇਰ ਵਾਂਗ ਦਹਾੜਦੇ ਵੀ ਰਹੇ। ਉਨ੍ਹਾਂ ਵਿਚ ਜੁਰਅੱਤ ਸੀ ਕਿ ਉਹ ਬੇਵਕੂਫੀਆਂ ਅਤੇ ਗ਼ਲਤੀਆਂ ਕਰਨ ਵਾਲੇ ਸੀਨੀਅਰ ਅਫ਼ਸਰਾਂ ਅਤੇ ਪੰਜਾਬ ਵਾਂਗ ਕਸ਼ਮੀਰ ਦੀ ਗੈਰ-ਕੁਦਰਤੀ ਵੰਡ ਲਈ ਜ਼ਿੰਮੇਵਾਰ ਵੱਡੇ-ਵੱਡੇ ਨੇਤਾਵਾਂ ਦਾ ਖੁਲ੍ਹ ਕੇ ਵਿਰੋਧ ਕਰਦੇ ਸਨ। ਇਹ ਸਭ ਕੁਝ ਉਹ ਮੰਦ-ਭਾਵਨਾ ਕਰਕੇ ਨਹੀਂ ਸਗੋਂ ਸੱਚ ਬੋਲਣ ਦੀ ਜੁਰਅਤ ਅਤੇ ਪੰਜਾਬ ਨਾਲ ਪਿਆਰ ਅਤੇ ਭਾਰਤ ਦੀ 'ਦੇਸ਼ ਭਗਤੀ' ਦੀ ਸ਼ੁੱਧ ਪਵਿੱਤਰ ਭਾਵਨਾ ਕਰਕੇ ਹੀ ਕਰਦੇ ਸਨ। ਚਾਪਲੂਸੀ ਕਰਨ ਵਾਲੇ ਅਫ਼ਸਰਾਂ ਅਤੇ ਚਾਪਲੂਸੀ ਨੂੰ ਪਿਆਰ ਕਰਨ ਵਾਲੇ ਨੇਤਾਵਾਂ ਨੂੰ ਅਜਿਹਾ ਸੱਚ ਉੱਤੇ ਆਧਾਰਿਤ ਰਵੱਈਆ ਕਦੋਂ ਭਾਉਂਦਾ ਹੈ?

ਸੱਚਮੁਚ ਹੀ ਸਰਦਾਰ ਬਿਕਰਮ ਸਿੰਘ ਦੇ ਸਮੁੱਚੇ ਅੰਗਰੇਜ਼ੀ ਤਥਾ ਭਾਰਤੀ ਫੌਜ ਦੇ ਜੀਵਨ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀਆਂ ਸਭ ਤੈਨਾਤੀਆਂ ਕਠਿਨ ਤੋਂ ਵੀ ਕਠਿਨ ਗੜਬੜੀ ਵਾਲੇ ਅਸ਼ਾਂਤ ਇਲਾਕਿਆਂ ਵਿਚ ਹੀ ਹੁੰਦੀਆਂ ਰਹੀਆਂ। ਇਨ੍ਹਾਂ ਇਲਾਕਿਆਂ ਵਿਚ ਘੋਰ ਚੁਣੌਤੀਆਂ ਦਾ ਹੀ ਨਹੀਂ ਸਗੋਂ ਮੌਤ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਬਿਕਰਮ ਸਿੰਘ ਨੇ ਖਿੜੇ-ਮੱਥੇ ਆਪਣਾ ਸੁਭਾਗ ਸਮਝ ਕੇ ਅਤੇ ਫੌਜੀ ਜੀਵਨ ਦਾ ਧਰਮ ਸਮਝ ਕੇ ਸ਼ਾਨਦਾਰ ਉੱਤਮ ਸੇਵਾ ਨਿਭਾਈ। ਜੀਵਨ ਵਿਚ ਆਮ ਤੌਰ ਉੱਤੇ ਵੇਖਿਆ ਜਾਂਦਾ ਹੈ ਕਿ ਉੱਚਾ ਅਹੁਦਾ ਅਤੇ ਸ਼ਕਤੀ ਮਿਲ ਜਾਵੇ ਤਾਂ ਮਨੁੱਖ ਹੰਕਾਰ ਵੱਸ ਹੋ ਕੇ ਆਪਣਾ ਸਹਿਜ ਗਵਾ ਲੈਂਦਾ ਹੈ ਪਰੰਤੂ ਸਰਦਾਰ ਬਿਕਰਮ ਸਿੰਘ ਅਤਿ ਦੀ ਸਿਆਣਪ, ਸੂਝ-ਬੂਝ, ਯੁੱਧ ਕਲਾ ਵਿਚ ਨਿਪੁੰਨ ਆਪਣੀ ਕਾਰਜ-ਕੁਸ਼ਲਤਾ ਅਤੇ ਉੱਚੇ ਅਹੁਦੇ ਦੀ ਸ਼ਕਤੀ ਹੁੰਦਿਆਂ ਹੋਇਆਂ ਵੀ ਪੂਰੇ ਸਹਿਜ ਅਤੇ

ਪਰਉਪਕਾਰੀ ਸੁਭਾਅ ਨਾਲ ਬੜੇ ਸ਼ਾਂਤਮਈ ਤਰੀਕੇ ਕਠਿਨ ਚੁਣੌਤੀਆਂ ਨਾਲ ਦੋ-ਚਾਰ ਹੁੰਦਿਆਂ ਹੋਇਆਂ ਹਰ ਚੁਣੌਤੀ ਉੱਤੇ ਜਿੱਤ ਪ੍ਰਾਪਤ ਕਰਦੇ ਰਹੇ। ਜੇਕਰ ਤੁਹਾਡੀ ਨੀਤੀ ਅਤੇ ਨੀਯਤ ਸਾਫ ਹੋਵੇ ਤਾਂ ਤੁਸੀਂ ਵੱਡੀ ਤੋਂ ਵੱਡੀ ਪ੍ਰਾਪਤੀ ਕਰ ਸਕਦੇ ਹੋ।

੧੯੪੭ ਈ. (ਦੇਸ਼ ਦੀ ਬਦਕਿਸਮਤ ਵੰਡ ਉਪਰੰਤ) ਵਿਚ ਚੌਥੀ ਰਾਜਪੂਤ ਸੈਨਾ (ਬਟਾਲੀਅਨ) ਬਤੌਰ ਕਮਾਨ ਅਫ਼ਸਰ (Commanding Officer) ਵਿਚ ਕਰਨਲ ਅਤੇ ੧੯੪੯ ਈ. ਵਿਚ ਬ੍ਰਿਗੇਡੀਅਰ ਦੇ ਅਹੁਦੇ ਉੱਤੇ ਤਰੱਕੀ ਉਪਰੰਤ ਜੰਮੂ-ਕਸ਼ਮੀਰ ਵਿਖੇ ਤਾਇਨਾਤੀ ਹੋਈ। ਜਿੱਥੇ ਅੱਜ ਵੀ ਅਸ਼ਾਂਤੀ ਹੀ ਹੈ ਅਤੇ ਜਿੱਥੇ ਦੇਸ਼ ਵੰਡ ਪਿੱਛੋਂ ਪਹਿਲੀ ਭਾਰਤ-ਪਾਕਿਸਤਾਨ ਜੰਗ (੧੯੪੭-੪੯ ਈ.) ਹੋਈ। ਜਰਨਲ ਬਿਕਰਮ ਸਿੰਘ ਉਨ੍ਹਾਂ ਲੋਕਾਂ ਦਾ ਸੱਚਾ ਮਿੱਤਰ, ਰਖਵਾਲਾ, ਪਿਆਰ ਅਤੇ ਨਿਆਂ ਦੇਣ ਵਾਲੀ ਸਰਬੋਤਮ ਪਰਉਪਕਾਰੀ ਸ਼ਖ਼ਸੀਅਤ ਸੀ। ਇਸੇ ਕਰਕੇ ਜੰਮੂ-ਕਸ਼ਮੀਰ ਦੇ ਲੋਕ ਅੱਜ ਵੀ ਸਰਦਾਰ ਬਿਕਰਮ ਸਿੰਘ ਨੂੰ ਆਪਣਾ ਰਾਖਾ, ਆਪਣਾ ਹੀਰੋ, ਆਪਣਾ ਭਰਾ, ਸਮਝਦੇ ਸਨ। ਬਹੁਤ ਹੀ ਜ਼ਿਆਦਾ ਸਤਿਕਾਰ ਕਰਦੇ ਹਨ। ਉਪਰੰਤ ੧੯੫੩ ਈ. ਵਿਚ ਬਤੌਰ ਬ੍ਰਿਗੇਡ ਕਮਾਂਡਰ (Brigade Commander) ਅਸਾਮ ਵਿਚ ਸੇਵਾ ਕੀਤੀ। ਅਸਾਮ ਅੱਜ ਵੀ ਅਸ਼ਾਂਤ ਅਤੇ ਨਾਜ਼ੁਕ ਸੂਬਾ ਹੈ ਜਿੱਥੇ ਨਾਂਗਾ ਗੁਰੀਲਿਆਂ ਨਾਲ ਸਾਡੀਆਂ ਫੌਜਾਂ ਨੂੰ ਨਿੱਤ ਮੁਕਾਬਲੇ ਕਰਨੇ ਪੈਂਦੇ ਹਨ। ਮੁੜ ੧੯੫੫ ਈ. ਵਿਚ ਮੇਜਰ ਜਰਨਲ (Major General) ਦੀ ਤਰੱਕੀ ਪਾਉਣ ਉਪਰੰਤ ਏਰੀਆ ਕਮਾਂਡਰ (Div. Commander) ਦੇ ਤੌਰ ਉੱਤੇ ਮੁੜ ਜੰਮੂ-ਕਸ਼ਮੀਰ ਵਿਚ ਤਾਇਨਾਤ ਕਰ ਦਿੱਤਾ। ਜਿੱਥੇ ਬੜੀ ਹੀ ਸੂਝ-ਬੂਝ, ਪੂਰੀ ਸਹਿਣਸ਼ੀਲਤਾ ਪਰੰਤੂ ਬੜੀ ਬਹਾਦਰੀ ਨਾਲ ਸ਼ਾਨਦਾਰ ਸੇਵਾ ਕਰ ਕੇ ਲੋਕਾਂ ਦੀ ਵਾਹ-ਵਾਹ ਅਤੇ ਪਿਆਰ ਸਤਿਕਾਰ ਪ੍ਰਾਪਤ ਕੀਤਾ ਅਤੇ ਉੱਥੇ ਸ਼ਾਂਤੀ ਸਥਾਪਿਤ ਕੀਤੀ। ਉਹ ਭਲੀ ਪ੍ਰਕਾਰ ਸਮਝਦੇ ਸਨ ਕਿ ਸਥਾਨਕ ਲੋਕਾਂ ਦੇ ਦਿਲ ਉਨ੍ਹਾਂ ਨਾਲ ਮਿਲ ਬੈਠ ਕੇ ਉਨ੍ਹਾਂ ਦੇ ਦੁੱਖ-ਸੁਖ ਵਿਚ ਭਾਈਵਾਲ ਬਣ ਕੇ ਉਨ੍ਹਾਂ ਦਾ ਪਿਆਰ ਅਤੇ ਵਿਸ਼ਵਾਸ ਜਿੱਤ ਕੇ ਹੀ ਫੌਜ ਵਧੀਆ ਪ੍ਰਾਪਤੀਆਂ ਕਰ ਸਕਦੀ ਹੈ ਅਤੇ ਸਥਾਨਕ ਅਸ਼ਾਂਤੀ, ਗੜਬੜ ਅਤੇ ਸਮੱਸਿਆਵਾਂ ਦਾ ਹੱਲ ਵੀ ਕੀਤਾ ਜਾ ਸਕਦਾ ਹੈ— *ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥* ਅੱਜ ਵੀ ਦੇਸ਼ ਅਤੇ ਦੇਸ ਦੀ ਫੌਜ ਵੱਖ-ਵੱਖ ਖਿੱਤਿਆਂ ਵਿਚ ਗੜਬੜੀ ਵਾਲੇ ਇਲਾਕਿਆਂ ਵਿਚ ਹਾਲਾਤ ਨਾਲ ਦੋ-ਚਾਰ ਹੋ ਰਹੀ ਹੈ। ਉੱਥੇ ਵੀ ਅਜਿਹੀ ਹੀ ਯੁੱਧ ਨੀਤੀ ਦੀ ਲੋੜ ਹੈ ਨਾ ਕਿ ਫੌਜੀ ਹਥਿਆਰਾਂ ਦੁਆਰਾ ਆਪਣੇ ਜਾਂ ਵਿਰੋਧੀਆਂ ਦਾ ਖ਼ੂਨ ਵਹਾ ਕੇ। ਨਿਸਚੇ ਹੀ ਜੰਗ-ਯੁੱਧ ਕਦੇ ਵੀ ਕਿਸੇ ਛੋਟੇ ਜਾਂ ਵੱਡੇ ਤੋਂ ਵੱਡੇ ਮਸਲੇ ਦਾ ਹੱਲ ਨਹੀਂ ਹੈ। ਖ਼ੂਨ-ਡੋਲ੍ਹਵੀਆਂ ਲੜਾਈਆਂ ਉਪਰੰਤ ਆਖਰ ਦੋਵੇਂ ਧਿਰਾਂ ਮੇਜ਼ ਉੱਤੇ ਬੈਠ ਕੇ ਵਿਚਾਰਾਂ ਕਰਨ ਉਪਰੰਤ ਗੰਭੀਰ ਮਸਲਿਆਂ ਦਾ ਹੱਲ ਕੱਢਦੀਆਂ ਹਨ। ਇਸ ਮਹਾਨ ਸਿਧਾਂਤ ਅਨੁਸਾਰ ਚੱਲ ਕੇ ਹੀ ਮਸਲੇ ਹੱਲ ਹੋ ਸਕਦੇ ਹਨ।

ਫਿਰ ਜਰਨਲ ਬਿਕਰਮ ਸਿੰਘ ਦੀ ਪੋਸਟਿੰਗ ਦਿੱਲੀ ਅਤੇ ਰਾਜਸਥਾਨ ਵਿਚ ਬਤੌਰ

ਜੀ.ਓ.ਸੀ. (General Officer Commanding) ਦੇ ਤੌਰ ਉੱਤੇ ਹੋਈ ਜਿੱਥੇ ਉਨ੍ਹਾਂ ਨੇ ਸ਼ਾਨਦਾਰ ਸੇਵਾ ਨਿਭਾਈ। ਮੈਨੂੰ ਉਨ੍ਹਾਂ ਦੇ ਪਿੰਡ ਸਿਆਣਾ ਦੇ ਨਾਲ ਦੇ ਪਿੰਡ ਦੇ ਵਸਨੀਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਮੈਂਬਰ ਸ. ਮਹਿੰਦਰ ਸਿੰਘ ਹੁਸੈਨਪੁਰਾ (ਬਲਾਚੌਰ) ਜੋ ਉਸ ਸਮੇਂ ਉਨ੍ਹਾਂ ਨਾਲ ਫੌਜ ਵਿਚ ਦਿੱਲੀ ਵਿਖੇ ਤਾਇਨਾਤ ਸਨ, ਨੇ ਦੱਸਿਆ ਕਿ ਜਰਨੈਲ ਸਾਹਿਬ ਇੰਨੇ ਨੇਕ ਦਿਲ ਅਤੇ ਪਰਉਪਕਾਰੀ ਇਨਸਾਨ ਸਨ ਕਿ ਸ਼ਹਿਰ ਜਾਂ ਲਾਗਲੇ ਇਲਾਕੇ ਵਿਚ ਜੇਕਰ ਕਿਸੇ ਫੌਜੀ ਸਿਪਾਹੀ (N.C.O.) ਜਾਂ J.C.O. (ਜੂਨੀਅਰ ਕਮਿਸ਼ਨ ਅਫ਼ਸਰ) ਨੂੰ ਪੈਦਲ ਜਾਂਦੇ ਵੇਖ ਲੈਂਦੇ ਸਨ ਤਾਂ ਆਪਣੀ ਗੱਡੀ ਰੋਕ ਕੇ ਉਸ ਨੂੰ ਉਸ ਦੀ ਯੂਨਿਟ ਬਾਰੇ ਪੁੱਛ ਕੇ ਉੱਥੇ ਹੀ ਉਸ ਦੇ ਯੂਨਿਟ ਕਮਾਂਡਰ ਨੂੰ ਸੱਦ ਕੇ ਉਨ੍ਹਾਂ ਨੂੰ ਗੱਡੀ ਵਿੱਚੋਂ ਪੈਦਲ ਤੋਰ ਦਿੰਦੇ ਸਨ ਅਤੇ ਗੱਡੀ ਨੂੰ ਪੈਦਲ ਜਾ ਰਹੇ ਉਨ੍ਹਾਂ ਫੌਜੀ ਜਵਾਨਾਂ ਨੂੰ ਉਨ੍ਹਾਂ ਦੀਆਂ ਯੂਨਿਟਾਂ ਵਿਚ ਭੇਜ ਦਿੰਦੇ ਸਨ। ਸ. ਮਹਿੰਦਰ ਸਿੰਘ ਨੇ ਦੱਸਿਆ ਕਿ ਜੇਕਰ ਕਿਸੇ ਫੌਜੀ ਦੀ ਕੋਈ ਘਰੇਗੀ ਸਮੱਸਿਆ ਹੋ ਜਾਂਦੀ ਉਹ ਹਰ ਸਮੇਂ ਬਿਨਾਂ ਆਗਿਆ ਜਰਨਲ ਸਾਹਿਬ ਪਾਸ ਜਾ ਸਕਦਾ ਸੀ ਅਤੇ ਜਰਨਲ ਸਾਹਿਬ ਉਸ ਦੇ ਸਥਾਨਕ ਸਿਵਲ ਅਧਿਕਾਰੀਆਂ ਨੂੰ ਉਨ੍ਹਾਂ ਜਵਾਨਾਂ ਨੂੰ ਇਨਸਾਫ ਯਕੀਨੀ ਬਣਾਉਣ ਲਈ ਪ੍ਰੇਰਦੇ ਸਨ। ਇਸੇ ਕਰਕੇ ਛੋਟੇ-ਵੱਡੇ ਫੌਜੀ ਜਵਾਨ ਅਤੇ ਜੂਨੀਅਰ ਅਫ਼ਸਰ ਉਨ੍ਹਾਂ ਨੂੰ ਆਪਣਾ ਭਰਾ, ਰਾਖਾ ਅਤੇ ਮਿੱਤਰ ਸਮਝ ਕੇ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਇਸੇ ਕਰਕੇ ਉਨ੍ਹਾਂ ਦੀ ਰੈਜੀਮੈਂਟ ਦੇ ਛੋਟੇ-ਵੱਡੇ ਜਵਾਨ ਅਤੇ ਅਫ਼ਸਰ ਉਨ੍ਹਾਂ ਦੇ ਇਕ ਇਸ਼ਾਰੇ ਉੱਤੇ ਆਪਣੀ ਜਾਨ ਦੀ ਬਾਜ਼ੀ ਲਗਾਉਣ ਲਈ ਤਤਪਰ ਰਹਿੰਦੇ ਸਨ। ਭਾਵੇਂ ਅੰਦਰਖਾਤੇ ਕੁਝ ਈਰਖਾਲੂ ਅਤੇ ਹੰਕਾਰੀ ਕਿਸਮ ਦੇ ਅਫ਼ਸਰ ਉਨ੍ਹਾਂ ਦਾ ਅੰਦਰੋਂ-ਅੰਦਰੀਂ ਵਿਰੋਧ ਵੀ ਕਰਦੇ ਸਨ ਪਰੰਤੂ ਜਰਨਲ ਸਾਹਿਬ ਉਨ੍ਹਾਂ ਦੀ ਪਰਵਾਹ ਨਾ ਕਰਦੇ ਹੋਏ ਆਪਣਾ ਪਰਉਪਕਾਰੀ ਕਾਰਜ ਕਰਨੋ ਨਹੀਂ ਰੁਕਦੇ ਸਨ। ਗੁਰਬਾਣੀ ਦਾ ਫੁਰਮਾਨ ਹੈ:

*ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥*
*ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੩)*

ਨਿਸਚੇ ਹੀ ਜਿਵੇਂ ਚੰਦਨ ਦਾ ਬੂਟਾ ਜ਼ਹਿਰੀਲੇ ਸੱਪਾਂ ਵਿਚ ਘਿਰਿਆ ਹੋਇਆ ਵੀ ਆਪਣਾ ਸ਼ੀਤਲ ਅਤੇ ਮਿੱਠਾ ਸੁਭਾਅ ਨਹੀਂ ਛੱਡਦਾ ਅਤੇ ਉਹ ਬਾਦਸਤੂਰ ਮਹਿਕ ਅਤੇ ਖੁਸ਼ਬੂ ਖਿਲਾਰਦਾ ਹੋਇਆ ਆਪਣਾ ਪਰਉਪਕਾਰੀ ਕਾਰਜ ਕਰਦਾ ਰਹਿੰਦਾ ਹੈ। ਅਜਿਹਾ ਹੀ ਜਰਨਲ ਸਾਹਿਬ ਦਾ ਨੇਕ ਅਤੇ ਪਰਉਪਕਾਰੀ ਅਤੇ ਸਦਾਚਾਰੀ ਸੁਭਾਅ ਸੀ। ਅੱਜ ਵੀ ਉਨ੍ਹਾਂ ਦੀ ਫੌਜ ਅੰਦਰ ਭਰਪੂਰ ਸ਼ੋਭਾ ਹੋ ਰਹੀ ਹੈ। ਉਹ ਸ਼ਹੀਦੀ ਉਪਰੰਤ ਵੀ ਲੋਕਾਂ ਅਤੇ ਫੌਜ ਦੇ ਮਨਾ ਵਿਚ ਸਦੀਵਕਾਲ ਲਈ ਅਮਰ ਹਨ ਅਤੇ ਰਹਿਣਗੇ ਵੀ।

ਆਮ ਤੌਰ 'ਤੇ ਅਜਿਹਾ ਨਿਵੇਕਲਾ ਕਾਰਜ ਸ਼ਾਇਦ ਹੀ ਕੋਈ ਵਿਰਲਾ ਅਫ਼ਸਰ ਹੀ ਕਰਦਾ ਹੋਵੇ। (ਮੈਨੂੰ ਪੱਛਮੀ ਕਮਾਂਡ ਦੇ ਕਮਾਂਡਰ ਇਨ ਚੀਫ (G.O.C.IN.C.) ਜਰਨਲ ਹਰਬਖਸ਼ ਸਿੰਘ (੧੯੬੫ ਈ. ਦੀ ਜੰਗ ਦਾ ਹੀਰੋ) ਨੂੰ ਮਿਲਣ ਅਤੇ ਉਨ੍ਹਾਂ ਨੂੰ

ਸਮਝਣ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਵੇਖਿਆ ਕਿ ਜਰਨਲ ਬਿਕਰਮ ਸਿੰਘ ਵਾਂਗ ਉਨ੍ਹਾਂ ਵਿਚ ਉਸ ਤਰ੍ਹਾਂ ਦੇ ਗੁਣ ਸਨ।) ੧੯੬੧ ਈ. ਵਿਚ ਜਰਨਲ ਬਿਕਰਮ ਸਿੰਘ ਦੀ ਤਰੱਕੀ ਬਤੌਰ ਲੈਫਟੀਨੈਂਟ ਜਰਨਲ (੧੫) ਯੜ ਕੋਰ ਕੀਤੀ ਗਈ ਅਤੇ ਉਨ੍ਹਾਂ ਨੇ ੧੯੬੨ ਈ. ਦੀ ਹਿੰਦ-ਚੀਨ ਜੰਗ ਵਿਚ ਜੰਮੂ, ਕਸ਼ਮੀਰ ਅਤੇ ਲੱਦਾਖ ਖੇਤਰ ਵਿਚ ਭਾਰਤੀ ਫੌਜਾਂ ਦੀ ਯੋਗ ਅਗਵਾਈ ਕੀਤੀ। ਸ. ਮਹਿੰਦਰ ਸਿੰਘ ਹੁਸੈਨਪੁਰਾ ਨੇ ਦੱਸਿਆ ਕਿ ਭਾਵੇਂ ਤਤਕਾਲੀ ਪ੍ਰਧਾਨ ਮੰਤਰੀ ਦੀ "ਹਿੰਦੀ-ਚੀਨੀ ਭਾਈ ਭਾਈ" ਦੀ ਭੁਲੇਖਾ-ਪਾਉ ਨੀਤੀ ਵਾਲੇ ਵਿਚਾਰ ਅਤੇ ਉਨ੍ਹਾਂ ਦੇ ਨਜ਼ਦੀਕੀ ਤਤਕਾਲੀਨ ਉੱਤਰੀ ਕਮਾਂਡ ਦੇ ਕਮਾਂਡਰ-ਇਨ-ਚੀਫ ਜਰਨਲ ਬੀ.ਐਮ. ਕੌਲ ਦੀਆਂ ਨਾਇਲਾਇਕੀਆਂ ਅਤੇ ਬੇਵਕੂਫੀਆਂ ਕਾਰਨ ਫੌਜ ਦਾ ਭਾਰੀ ਨੁਕਸਾਨ ਹੋਇਆ ਅਤੇ ਸਾਡੀ ਲੱਖਾਂ ਏਕੜ ਜ਼ਮੀਨ ਉੱਤੇ ਚੀਨ ਨੇ ਕਬਜ਼ਾ ਜਮਾ ਲਿਆ ਜੋ ਅੱਜ ਵੀ ਜਾਰੀ ਹੈ ਅਤੇ ਸਾਡੇ ਅਣਗਿਣਤ ਜਵਾਨਾਂ ਅਤੇ ਅਫ਼ਸਰਾਂ ਨੂੰ ਯੁੱਧ ਕੈਦੀ (Prisoner of war) ਬਣਾ ਲਿਆ ਸੀ। ਸ. ਮਹਿੰਦਰ ਸਿੰਘ ਹੁਸੈਨਪੁਰਾ ਨੇ ਦੱਸਿਆ ਕਿ ਭਾਵੇਂ ਉਨ੍ਹਾਂ ਪਾਸ ਛੋਟੇ ਹਥਿਆਰ ਸਨ, ਵਰਦੀਆਂ ਵੀ ਸਰਦੀ ਰੁੱਤ ਵਿਚ ਗਰਮੀ ਰੁੱਤ ਵਾਲੀਆਂ ਹੀ ਅਤੇ ਰਾਸ਼ਨ-ਰਸਦ ਦੀ ਕਮੀ ਸੀ ਪਰੰਤੂ ਜਰਨਲ ਬਿਕਰਮ ਸਿੰਘ ਦੀ ਸਫਲ ਯੁੱਧ ਕਲਾ ਵਾਲੀ ਸੁਯੋਗ ਅਗਵਾਈ ਕਾਰਨ ਉਨ੍ਹਾਂ ਨੇ ਜਿਸ ਇਲਾਕੇ ਵਿਚ ਤਾਇਨਾਤ ਸਨ, ਚੀਨੀਆਂ ਨੂੰ ਖੂਬ ਮਜ਼ਾ ਚਖਾਇਆ ਅਤੇ ਪਿਛਾਂਹ ਧਕੇਲ ਦਿੱਤਾ ਸੀ ਅਤੇ ਲੱਦਾਖ ਨੂੰ ਦੁਸ਼ਮਣ ਦੇ ਹੱਥਾਂ ਵਿਚ ਜਾਣ ਤੋਂ ਰੋਕ ਕੇ ਇਕ ਬਹੁਤ ਹੀ ਉੱਤਮ ਅਤੇ ਦੇਸ਼-ਭਗਤੀ ਵਾਲਾ ਕਾਰਜ ਕੀਤਾ ਸੀ। ਸਰਦਾਰ ਹੁਸੈਨਪੁਰਾ ਨੇ ਦੱਸਿਆ ਕਿ ਸਾਡੀ ਫੌਜ ਜਰਨਲ ਸਾਹਿਬ ਦੇ ਪਰਉਪਕਾਰੀ, ਦੋਸਤਾਨਾ, ਮਿੱਤਰਤਾ ਵਾਲੇ ਵਿਹਾਰ ਕਰਕੇ ਉਨ੍ਹਾਂ ਦੇ ਹਰ ਹੁਕਮ ਉੱਤੇ ਮਰ ਮਿਟਣ ਨੂੰ ਤਿਆਰ ਸੀ। ਇਸੇ ਕਰਕੇ ਉਨ੍ਹਾਂ ਨੇ ਲੜਾਈ ਵਾਲੇ ਇਲਾਕੇ ਵਿਚ ਕਮਾਲ ਦੇ ਜੌਹਰ ਵਿਖਾਏ ਅਤੇ ਚੀਨੀਆਂ ਦੇ ਦੰਦ ਖੱਟੇ ਕਰ ਦਿੱਤੇ। ਉਹ ਜੰਮੂ-ਕਸ਼ਮੀਰ ਅਤੇ ਲੱਦਾਖ ਖੇਤਰ ਦੇ ਜੋਖਮ ਭਰੇ ਇਲਾਕੇ ਵਿਚ ਕੀਤੀ ਅਦੁੱਤੀ ਸੇਵਾ ਕਰਨ ਕਾਰਨ ਸਥਾਨਕ ਲੋਕਾਂ ਦੇ ਮਨਾਂ ਵਿਚ ਵੱਸ ਗਏ ਸਨ ਅਤੇ ਉਹ ਲੋਕ ਉਨ੍ਹਾਂ ਨੂੰ ਆਪਣਾ ਸੱਚਾ ਮਿੱਤਰ, ਰਾਖਾ ਅਤੇ ਇਕ ਫਰਿਸ਼ਤਾ ਸਮਝਦੇ ਸਨ ਅਤੇ ਉਨ੍ਹਾਂ ਨੂੰ ਪੂਜਦੇ ਵੀ ਹਨ। ਉਨ੍ਹਾਂ ਦੀ ਯੁੱਧ ਨੀਤੀ ਅਤੇ ਰਾਜਨੀਤੀ ਹੀ ਅਜਿਹੀ ਸੀ ਕਿ ਫੌਜੀ ਸਾਜ-ਓ-ਸਾਮਾਨ ਅਤੇ ਰਸਦ ਆਦਿ ਦੀ ਘਾਟ ਦੇ ਬਾਵਜੂਦ ਉਨ੍ਹਾਂ ਨੇ ਭਾਰਤੀ ਭੂਮੀ ਨੂੰ ਚੀਨੀਆਂ ਦੇ ਕਬਜ਼ੇ ਵਿਚ ਨਹੀਂ ਜਾਣ ਦਿੱਤਾ ਭਾਵ ਜਿਹੜਾ ਇਲਾਕਾ ਉਨ੍ਹਾਂ ਦੀ ਕਮਾਨ ਹੇਠ ਸੀ। ਇਸ ਜੰਗ ਵਿਚ ੬੦% (ਸੱਠ ਪ੍ਰਤੀਸ਼ਤ) ਤਗਮੇ ਜਿੱਤਣ ਵਾਲੇ ਉਨ੍ਹਾਂ ਦੀ ਰੈਜੀਮੈਂਟ ਦੇ ਹੀ ਅਫ਼ਸਰ ਅਤੇ ਜਵਾਨ ਸਨ। ਫੌਜ ਵਿਚ ਇਸ ਗੱਲ ਦੀ ਸਭ ਤੋਂ ਵੱਧ ਮਹੱਤਤਾ ਅਤੇ ਅਹਿਮੀਅਤ ਹੁੰਦੀ ਹੈ ਕਿ ਕਿਸ ਰੈਜੀਮੈਂਟ ਨੇ ਕਿੰਨੇ ਤਗਮੇ ਜਿੱਤੇ। ਇਸ ਵਿਲੱਖਣ ਅਤੇ ਅਦੁੱਤੀ ਪ੍ਰਾਪਤੀ ਕਾਰਨ ਸਥਾਨਕ ਲੋਕਾਂ ਵੱਲੋਂ ਉਨ੍ਹਾਂ ਨੂੰ ਪੂਰੇ ਸਨਮਾਨ ਅਤੇ ਸ਼ਰਧਾ ਨਾਲ 'ਹੀਰੋ ਆਫ਼ ਲੱਦਾਖ' ਦਾ ਖ਼ਿਤਾਬ ਦਿੱਤਾ। ੧੯੬੨ ਈ. ਦੇ ਹਿੰਦ-ਚੀਨ ਜੰਗ ਸਮੇਂ ਜਰਨਲ ਕੌਲ ਵੱਲੋਂ ਦਿਖਾਈ ਅਣਗਹਿਲੀ ਅਤੇ ਗ਼ਲਤ

ਯੁੱਧ-ਨੀਤੀ ਕਾਰਨ ਉਨ੍ਹਾਂ ਨਾਲ ਜਰਨਲ ਬਿਕਰਮ ਸਿੰਘ ਨਾਲ ਡੂੰਘੇ ਮਤਭੇਦ ਹੋ ਗਏ ਸਨ। ਇਸੇ ਤਰ੍ਹਾਂ ੧੯੬੫ ਈ. ਦੀ ਹਿੰਦ-ਪਾਕਿਸਤਾਨ ਜੰਗ ਸਮੇਂ ਯੁੱਧ-ਨੀਤੀ ਅਤੇ ਫੌਜ ਦੀ ਤਾਇਨਾਤੀ ਆਦਿ ਅਤੀ ਗੰਭੀਰ ਮਾਮਲਿਆਂ ਉਤੇ ਪੱਛਮੀ ਕਮਾਨ ਦੇ ਜਰਨਲ ਆਫੀਸਰ ਕਮਾਂਡਿੰਗ- ਜਰਨਲ ਹਰਬਖਸ਼ ਸਿੰਘ ਦੇ ਉਸ ਸਮੇਂ ਦੇ ਭਾਰਤੀ ਫੌਜ ਦੇ ਮੁਖੀ (Commander-In-Chief) ਜਰਨਲ ਜੈਯੰਤਨਾਥ ਚੌਧਰੀ (J.N. Chaudhry) ਨਾਲ ਗੰਭੀਰ ਮਤਭੇਦ ਹੋ ਗਏ ਸਨ। ਜਿਸ ਕਾਰਨ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸਾਸਤਰੀ ਅਤੇ ਤਤਕਾਲੀ ਰੱਖਿਆ ਮੰਤਰੀ (Defence Minister) ਸ੍ਰੀ ਵਾਈ.ਬੀ. ਚਵਾਨ ਨੇ ਫੌਜ ਮੁਖੀ ਜਰਨਲ ਚੌਧਰੀ ਨੂੰ ਵਾਪਸ ਦਿੱਲੀ ਬੁਲਾ ਕੇ ਜਰਨਲ ਹਰਬਖਸ਼ ਸਿੰਘ, ਜੋ ਉਸ ਸਮੇਂ ਬਤੌਰ ਜਰਨਲ ਅਫ਼ਸਰ ਕਮਾਡਿੰਗ ਇਨ ਚੀਫ਼ (G.O.C.IN.C.) ਯੁੱਧ ਦੀ ਅਗਵਾਈ ਕਰ ਰਹੇ ਸਨ, ਨੂੰ ਆਪਣੀ ਸੂਝ-ਬੂਝ, ਯੁੱਧਨੀਤੀ ਅਤੇ ਸਥਾਨਕ ਹਾਲਾਤ ਨੂੰ ਮੁੱਖ ਰੱਖਦਿਆਂ ਯੁੱਧ ਲੜਨ ਦੇ ਸਾਰੇ ਅਧਿਕਾਰ ਅਤੇ ਖੁਲ੍ਹ ਦੇ ਦਿੱਤੀ ਸੀ। ਇਸੇ ਦਾ ਨਤੀਜਾ ਸੀ ਕਿ ੧੯੬੫ ਈ. ਦੀ ਹਿੰਦ-ਪਾਕਿਸਤਾਨ ਜੰਗ ਵਿਚ ਪਾਕਿਸਤਾਨੀ ਫੌਜ ਨੂੰ ਚਣੇ ਚਬਾ ਦਿੱਤੇ ਸਨ ਪਰ ਜਰਨਲ ਬਿਕਰਮ ਸਿੰਘ ਦੇ ਕੇਸ ਵਿਚ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਅਤੇ ਜਰਨਲ ਬੀ.ਐਮ. ਕੌਲ ਸਨ। ਜਿਨ੍ਹਾਂ ਦਾ ਰਵੱਈਆ ਬਿਲਕੁਲ ਇਸ ਦੇ ਉਲਟ ਸੀ ਅਤੇ ਉਨ੍ਹਾਂ ਦੇ ਅਜਿਹੇ ਰਵੱਈਏ ਅਤੇ ਜਰਨਲ ਕੌਲ ਵੀ ਗ਼ਲਤ ਯੁੱਧ-ਨੀਤੀ ਕਾਰਨ ਭਾਰਤੀ ਫੌਜ ਦਾ ਬਹੁਤ ਹੀ ਭਾਰੀ ਨੁਕਸਾਨ ਹੋਇਆ ਅਤੇ ਭਾਰਤ ਦੀ ਲੱਖਾਂ ਏਕੜ ਜ਼ਮੀਨ ਚੀਨ ਉੱਤੇ ਕਬਜ਼ਾ ਕਰ ਲਿਆ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਾਡੇ ਫੌਜੀਆਂ ਨੂੰ ਯੁੱਧਬੰਦੀ ਬਣਾ ਲਿਆ ਸੀ। ਭਾਰਤੀ ਫੌਜ ਦੇ ਅਣਗਿਣਤ ਅਫ਼ਸਰਾਂ ਅਤੇ ਜਵਾਨਾਂ ਨੇ ਸ਼ਹੀਦੀਆਂ ਪਾਈਆਂ। ਕੀ ਇਹ ਅਨੈਕਿਤਾ ਨਹੀਂ ਕਿ ਜਿਨ੍ਹਾਂ ਜਰਨਲ ਕੌਲ ਵਰਗੇ ਅਫ਼ਸਰਾਂ ਅਤੇ ਨੇਤਾਵਾਂ ਨੇ ਪਹਾੜ ਜਿੱਡੀਆਂ ਗ਼ਲਤੀਆਂ ਕੀਤੀਆਂ ਉਨ੍ਹਾਂ ਨੂੰ ਤਾਂ ਸ਼ਾਬਾਸ਼ ਮਿਲੀ ਅਤੇ ਸਾਰੇ ਫੌਜੀ ਨਿਯਮਾਂ ਨੂੰ ਛਿੱਕੇ ਟੰਗ ਕੇ ਗ਼ਲਤ ਢੰਗ ਨਾਲ ਤਰੱਕੀਆਂ ਦੇ ਦਿੱਤੀਆਂ ਅਤੇ ਨੇਤਾਵਾਂ ਦੀ ਫੋਕੀ ਵਾਹ-ਵਾਹ ਕਰ ਦਿੱਤੀ। ਇਹ ਤਾਂ ਇਕ ਤਰ੍ਹਾਂ ਨਾਲ ਦੇਸ਼-ਧ੍ਰੋਹੀ ਨੀਤੀ ਹੀ ਹੋ ਸਕਦੀ ਹੈ। ਜਰਨਲ ਬਿਕਰਮ ਸਿੰਘ ਖੁੱਲ-ਏ-ਆਮ ਕਹਿੰਦੇ ਸਨ ਕਿ ਜੇਕਰ ਕੋਈ ਹੋਰ ਮੁਲਕ ਵਿਚ ਅਜਿਹਾ ਹੁੰਦਾ ਤਾਂ ਇਨ੍ਹਾਂ ਲੋਕਾਂ ਉੱਤੇ ਦੇਸ਼-ਧ੍ਰੋਹੀ ਦੇ ਮੁਕੱਦਮੇ ਚੱਲਦੇ। ਜਰਨਲ ਬਿਕਰਮ ਸਿੰਘ ਆਪਣੀ ਫੌਜ ਦਾ (Friend Philospher and Guide) ਸੱਚਾ ਮਿੱਤਰ, ਰਹਿਬਰ ਅਤੇ ਪੱਥ-ਪ੍ਰਦਰਸ਼ਕ ਸੀ। ਆਪਣੇ ਫ਼ਰਜ਼ ਨੂੰ ਉਹ ਵਾਹਿਗੁਰੂ ਵੱਲੋਂ ਬਖ਼ਸੀ ਡਿਊਟੀ ਸਮਝਦੇ ਸਨ ਅਤੇ ਇਸ ਮਾਰਗ ਬਾਰੇ ਉਨ੍ਹਾਂ ਦਾ ਵਿਚਾਰ— *ਚਰਨਹ ਗੋਬਿੰਦ ਮਾਰਗੁ ਸੁਹਾਵਾ* ਹੀ ਸਮਝਦੇ ਸਨ। ਅਸੀਂ ਉਕਤ ਵੇਰਵੇ ਤੋਂ ਇਹ ਸਹਿਜੇ ਹੀ ਸਮਝਦੇ ਹਾਂ ਕਿ ਦਿੱਲੀ-ਰਾਜਸਥਾਨ ਦੇ ਜਰਨਲ ਅਫ਼ਸਰ ਕਮਾਂਡਿੰਗ (General Officer Commanding) ਦੀ ਪੋਸਟਿੰਗ ਤੋਂ ਬਗ਼ੈਰ ਸਾਰੀਆਂ ਪੋਸਟਿੰਗਾਂ (Postings) ਸਮਾਜਿਕ, ਧਾਰਮਿਕ, ਫਿਰਕੂ ਅਤੇ ਰਾਜਨੀਤਿਕ ਕਾਰਨਾਂ ਕਰਕੇ

ਗੜਬੜੀ (Social Religious Political-Disturbance) ਵਾਲੇ ਇਲਾਕਿਆਂ ਵਿਚ, ਜਿੱਥੇ ਮੌਤ ਸ਼ੇਸ਼ਨਾਗ ਵਾਂਗ ਮੂੰਹ ਅੱਡੀ ਖੜੀ ਹੁੰਦੀ ਸੀ, ਉੱਥੇ ਹੀ ਕੀਤੀਆਂ ਗਈਆਂ। ਉਹ ਇਨ੍ਹਾਂ ਸੰਘਰਸ਼ਾਂ ਨੂੰ ਗੋਲੀ ਅਤੇ ਫੌਜ ਦੀ ਸ਼ਕਤੀਸ਼ਾਲੀ ਸ਼ਕਤੀ ਨਾਲੋਂ ਸਥਾਨਕ ਲੋਕਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੇ ਕਾਰਨਾਂ ਨੂੰ ਸਮਝ ਕੇ ਲੋਕਾਂ ਦੇ ਦੁੱਖ-ਸੁਖ ਵਿਚ ਸ਼ਾਮਲ ਹੋ ਕੇ ਅਤੇ ਵਿਸ਼ਵਾਸ ਵਿਚ ਲੈ ਕੇ ਹੱਲ ਕਰਨ ਦੇ ਸਿਧਾਂਤ ਉੱਤੇ ਤੁਰਦੇ ਰਹੇ ਅਤੇ ਨਿਸਚੇ ਹੀ ਉਨ੍ਹਾਂ ਨੇ ਇਸ ਵਿਹਾਰ ਅਤੇ ਸਿਧਾਂਤ ਨਾਲ ਬਹੁਤ ਪ੍ਰਾਪਤੀਆਂ ਕੀਤੀਆਂ ਸਨ। ਗੋਲੀ ਨੂੰ ਕਿਸੇ ਸਮੱਸਿਆ ਦਾ ਹੱਲ ਨਹੀਂ ਸਮਝਦੇ ਸਨ ਸਗੋਂ ਤਾਕਤ ਅਤੇ ਗੋਲੀ ਦੀ ਵਰਤੋਂ ਦਾ ਇਸਤੇਮਾਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ੇ ਮਹਾਨ ਸਿਧਾਂਤ— *ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸਤ॥ ਹਲਾਲੱਸਤੁ ਬੁਰਦਨ ਬ ਸ਼ਮਸ਼ੀਰ ਦਸਤ॥* ਭਾਵ ਜਦੋਂ ਸਾਰੇ ਹੀਲੇ ਮੁੱਕ ਜਾਣ ਤਦ ਹੀ ਤਲਵਾਰ ਉਠਾਉਣੀ ਉੱਚਿਤ ਹੈ, ਅਨੁਸਾਰ ਹੀ ਕਰਨਾ ਯੋਗ ਸਮਝਦੇ ਸਨ। ਇਹੋ ਕਾਰਨ ਹੈ ਕਿ ਜਿੱਥੇ ਵੀ ਗੜਬੜੀ ਵਾਲੇ ਇਲਾਕੇ ਵਿਚ ਤਾਇਨਾਤ ਹੋਏ, ਉੱਥੇ ਹੀ ਸਥਾਨਕ ਲੋਕਾਂ ਦੇ ਮਿੱਤਰ, ਮਿਹਰਬਾਨ ਅਤੇ ਦੁੱਖ ਹਰਤਾ ਬਣ ਕੇ ਉਨ੍ਹਾਂ ਵੱਲੋਂ ਮਾਣ ਪਾਉਂਦੇ ਰਹੇ। ਜਿਨ੍ਹਾਂ ਗੜਬੜੀ ਵਾਲੇ ਇਲਾਕਿਆਂ ਵਿਚ ਜਰਨਲ ਬਿਕਰਮ ਸਿੰਘ ਨੇ ਸੇਵਾ ਕੀਤੀ ਉੱਥੇ ਉਨ੍ਹਾਂ ਦੀ ਨੀਤੀ, ਵਿਹਾਰ, ਪਿਆਰ ਅਤੇ ਸਹਿਜ ਨਾਲ— *ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।* ਦੇ ਮਹਾਂਵਾਕ ਅਨੁਸਾਰ ਆਪਣੇ ਆਪ ਸਾਰੀਆਂ ਸਮੱਸਿਆਵਾਂ ਖਤਮ ਹੋ ਜਾਂਦੀਆਂ ਸਨ।

ਹਿੰਦ-ਚੀਨ ਜੰਗ ਵਿਚ ਉਨ੍ਹਾਂ ਵੱਲੋਂ ਨਿਭਾਈ ਸ਼ਾਨਦਾਰ ਸੇਵਾ ਉਪਰੰਤ ਉਨ੍ਹਾਂ ਦੀ ਪੋਸਟਿੰਗ ੧੯ ਨਵੰਬਰ, ੧੯੬੩ ਈ. ਨੂੰ ਸੈਨਾ ਕਮਾਂਡਰ ਹੈੱਡ ਕੁਆਟਰ, ਪੱਛਮੀ ਕਮਾਂਡ, ਪੱਛਮੀ ਬੰਗਾਲ ਦੇ (G.O.C.IN.C.) ਜਰਨਲ ਅਫ਼ਸਰ ਕਮਾਂਡਿੰਗ ਇਨ ਚੀਫ਼ ਵਜੋਂ ਹੋਈ ਅਤੇ ਉਨ੍ਹਾਂ ਨੇ ਲੈਫਟੀਨੈਂਟ ਜਰਨਲ ਦੌਲਤ ਸਿੰਘ ਪਾਸੋਂ ਇਹ ਚਾਰਜ ੩ ਦਸੰਬਰ, ੧੯੬੩ ਈ. ਨੂੰ ਸੰਭਾਲਣਾ ਸੀ ਪਰੰਤੂ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਕਿ ੨੨ ਨਵੰਬਰ, ੧੯੬੩ ਈ. ਨੂੰ ਪੁੰਛ ਲਾਗਲੇ ਝਲਾਸ ਖੇਤਰ ਵਿਚ ਆਪਣੇ ਸਾਥੀਆਂ, ਜਰਨਲ ਦੌਲਤ ਸਿੰਘ, ਮੇਜਰ ਜਰਨਲ ਨਾਨਾਵਤੀ, ਏਅਰ ਮਾਰਸ਼ਲ ਪਿੰਟੋ ਅਤੇ ਪਾਇਲਟ ਲੈਂਫਟੀਨੈਂਟ ਸਰਦਾਰ ਸੋਢੀ ਨਾਲ ਬਾਰਡਰ ਸਰਹੱਦ ਦਾ ਨਿਰੀਖਣ ਕਰ ਰਹੇ ਸਨ ਅਤੇ ਉਨ੍ਹਾਂ ਦਾ ਇਹ ਹਵਾਈ ਸਫਰ ਆਖਰੀ ਹੋ ਨਿੱਬੜਿਆ। ਇਹ ਨਿਰੀਖਣ ਕਰਦਿਆਂ ਉਨ੍ਹਾਂ ਦਾ ਹੈਲੀਕਾਪਟਰ ਭੇਦ ਭਰੇ ਹਾਲਾਤ ਵਿਚ ਹਾਦਸੇ ਦਾ ਸ਼ਿਕਾਰ ਹੋ ਗਿਆ। ਜਿਸ ਹਾਦਸੇ ਵਿਚ ਸਾਰੇ ਅਤੀ ਵਰਿਸ਼ਟ ਕਮਾਂਡਰ ਅਧਿਕਾਰੀ ਸ਼ਹੀਦ ਹੋ ਗਏ। ਲੋਕਾਂ ਦੇ ਜਜ਼ਬਾਤ, ਮੌਤ ਅਤੇ ਨਜ਼ਾਕਤ ਨੂੰ ਮੁੱਖ ਰਖਦਿਆਂ ਹੋਇਆਂ ਉਨ੍ਹਾਂ ਦਾ ਅੰਤਿਮ ਸਸਕਾਰ ਜੰਮੂ-ਕਸ਼ਮੀਰ ਵਿਚ ਹੀ ਕੀਤਾ ਗਿਆ। ਜਿਸ ਲਈ ਜੰਮੂ-ਕਸ਼ਮੀਰ ਦੇ ਤਤਕਾਲੀ ਮੁੱਖ ਮੰਤਰੀ, ਪ੍ਰਧਾਨ ਮੰਤਰੀ ਅਤੇ ਜਰਨਲ ਸਾਹਿਬ ਦੀ ਧਰਮ-ਪਤਨੀ ਵੱਲੋਂ ਸਹਿਮਤੀ ਲਈ ਗਈ। ਉਸ ਮਹਾਨ ਅਦੁੱਤੀ ਜਰਨੈਲ ਦੀ ਮੌਤ ਨਾਲ ਸਾਰੇ ਦੇਸ਼

ਅੰਦਰ ਗਮ ਫੈਲ ਗਿਆ। ਭਾਰਤੀ ਫੌਜ ਵਿਚ ਗਮ ਅਤੇ ਗੁੱਸੇ ਦੀ ਲਹਿਰ ਸੀ। ਇਹ ਭਾਰਤੀ ਫੌਜ ਅਤੇ ਦੇਸ ਦਾ ਸੱਚਮੁਚ ਹੀ ਨਾ ਪੂਰਾ ਹੋਣ ਵਾਲਾ ਘਾਟਾ ਹੈ। ਜੰਮੂ ਸ਼ਹਿਰ ਵਿਚ ਤਵੀ ਨਦੀ ਦੇ ਕੰਢੇ ਉੱਤੇ ਚੌਕ ਵਿਚ ਉਨ੍ਹਾਂ ਦਾ ੧੦ ਫੁੱਟ ਉੱਚਾ ਕਾਂਸੀ ਦਾ ਬੁੱਤ ਸਜਾਇਆ ਗਿਆ। ਇਹ ਬੁੱਤ ਰਹਿੰਦੀ ਦੁਨੀਆ ਤੀਕ ਉਨ੍ਹਾਂ ਦੀ ਮਿੱਠੀ ਯਾਦ ਨੂੰ ਤਾਜ਼ਾ ਕਰਵਾਉਂਦਾ ਰਹੇਗਾ। ਬੁੱਤ ਵਾਲੇ ਚੌਂਕ ਦਾ ਨਾਂ ਹੀ ਜਰਨਲ ਬਿਕਰਮ ਸਿੰਘ ਚੌਂਕ ਰੱਖਿਆ ਗਿਆ। ਜਰਨਲ ਬਿਕਰਮ ਸਿੰਘ ਨੂੰ ਮਰਣ ਉਪਰੰਤ ਕੇਂਦਰ ਸਰਕਾਰ ਅਤੇ ਫੌਜੀ ਕਮਾਨ ਵੱਲੋਂ ਪਰਮ ਵਸ਼ਿਸਟ ਸੇਵਾ ਮੈਡਲ (P.V.S.M.) ਨਾਲ ਸਨਮਾਨਿਆ ਗਿਆ ਅਤੇ ਉਨ੍ਹਾਂ ਦੇ ਪਿੰਡ ਦਾ ਨਾਮ ਵੀ ਸਿਆਣਾ ਬਿਕਰਮ ਸਿੰਘ ਰੱਖ ਦਿੱਤਾ ਗਿਆ। ਉਧਮਪੁਰ ਵਿਖੇ ਉਤਰੀ ਕਮਾਂਡ ਦੇ ਹੈੱਡ ਕੁਆਟਰ ਦੇ ਹੈਲੀਪੈਡ ਦਾ ਨਾਮ ਵੀ ਜਰਨਲ ਬਿਕਰਮ ਸਿੰਘ ਦੇ ਨਾਮ ਉੱਤੇ ਰੱਖਿਆ ਗਿਆ ਹੈ। ੨੨ ਨਵੰਬਰ, ੧੯੬੩ ਈ. ਦੇ ਇਸ ਭੇਦਭਰੇ ਘਾਤਕ ਹਵਾਈ ਹਾਦਸੇ ਬਾਰੇ ਉਨ੍ਹਾਂ ਦਿਨਾਂ ਵਿਚ ਦੇਸ਼ ਅੰਦਰ ਦੇਸ਼ ਦੇ ਪ੍ਰਮੁੱਖ ਨੇਤਾ ਅਤੇ ਉਨ੍ਹਾਂ ਦੇ ਨਜ਼ਦੀਕੀ ਲੈਫਟੀਨੈਂਟ ਜਰਨਲ ਕੌਲ ਉੱਤੇ ਅਨੇਕਾਂ ਹੀ ਸ਼ੱਕੀ ਉਂਗਲਾਂ ਉਠਦੀਆਂ ਰਹੀਆਂ ਅਤੇ ਫੌਜ ਵੀ ਇਸ ਭੇਦਭਰੇ ਹਵਾਈ ਹਾਦਸੇ ਬਾਰੇ ਬਹੁਤ ਕੁਝ ਸੋਚਦੀ ਰਹੀ। ਦੇਸ਼-ਵਾਸੀਆਂ ਅਤੇ ਵਿਰੋਧੀ ਪਾਰਟੀਆਂ ਵੱਲੋਂ ਇਕ ਮੁਕੰਮਲ ਇਨਕੁਆਇਰੀ ਦੀ ਮੰਗ ਉੱਠਦੀ ਰਹੀ ਪਰੰਤੂ ਇਹ ਪੜਤਾਲ ਕੌਣ ਕਰਾਉਂਦਾ ਇਹ ਆਪੇ ਥਾਣੇਦਾਰ, ਆਪੇ ਪੜਤਾਲੀਆ ਅਤੇ ਆਪੇ ਹੀ ਜੱਜ ਵਾਲੀ ਸਥਿਤੀ ਸੀ। ਇਨ੍ਹਾਂ ਲੋਕਾਂ ਦੇ ਸਾਰੇ ਜਜ਼ਬਾਤਾਂ, ਗਮ ਅਤੇ ਗੁੱਸੇ ਨੂੰ ਆਪਣੀ ਅੰਨ੍ਹੀ ਰਾਜ ਸ਼ਕਤੀ (Brute Power) ਨਾਲ ਦਬਾਅ ਦਿੱਤਾ ਗਿਆ ਪਰੰਤੂ ਅੱਜ ੫੭ ਸਾਲ ਬਾਅਦ ਵੀ ਲੋਕਾਂ ਦੇ ਮਨਾਂ ਵਿਚ ਸੱਚ ਜਾਣਨ ਲਈ ਅਨੇਕਾਂ ਵਿਚਾਰ ਉੱਠਦੇ ਰਹਿੰਦੇ ਹਨ ਅਤੇ ਲੋਕ ਉਸ ਜਰਨੈਲ ਦੀਆਂ ਬਹਾਦਰੀਆਂ, ਪ੍ਰਾਪਤੀਆਂ, ਸੁਭਾਅ ਅਤੇ ਦੇਸ਼-ਭਗਤੀ ਦੀ ਭਾਵਨਾ, ਫੌਜ ਦੇ ਵਧੀਆ ਮਿੱਤਰ, ਨੇਤਾ ਅਤੇ ਇਕ ਵਿਲੱਖਣ ਫੌਜੀ ਕਮਾਂਡਰ ਦੀਆਂ ਕਹਾਣੀਆਂ ਆਪਣੇ ਨੌਜਵਾਨ ਬੱਚਿਆਂ ਨੂੰ ਬੜੇ ਮਾਣ ਅਤੇ ਸਤਿਕਾਰ ਨਾਲ ਸੁਣਾਉਂਦੇ ਹਨ। ਭਾਵੇਂ ਉਨ੍ਹਾਂ ਨੂੰ ਮਰਣ ਉਪਰੰਤ ਪਰਮ ਵਸ਼ਿਸ਼ਟ ਸੇਵਾ ਮੈਡਲ ਦਿੱਤਾ ਗਿਆ ਸੀ ਪਰੰਤੂ ਇਹ ਤਾਂ ਇਕ ਤੁਛ ਐਵਾਰਡ ਹੀ ਹੈ। ਜਰਨੈਲ ਸਾਹਿਬ ਦੀ ਕੀਮਤ ਇਨ੍ਹਾਂ ਅੱਖਾਂ ਪੂੰਝਣ ਵਾਲੇ ਮੈਡਲਾਂ ਨਾਲ ਤੋਲੀ ਨਹੀ ਜਾ ਸਕਦੀ। ਉਨ੍ਹਾਂ ਦੀ ਜਨਮ-ਭੂਮੀ ਪਿੰਡ ਕਾਹਮਾ ਵਿਖੇ ਪਿੰਡ ਅਤੇ ਇਲਾਕੇ ਦੇ ਲੋਕਾਂ ਵੱਲੋਂ ਉਨ੍ਹਾਂ ਦੀ ਯਾਦ ਵਿਚ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਹਰ ਸਾਲ ਸਮਾਗਮ ਕੀਤਾ ਜਾਂਦਾ ਹੈ। ਹੁਣ ੩੦ ਜੂਨ, ੨੦੨੦ ਈ. ਨੂੰ ਉਨ੍ਹਾਂ ਦੇ ਪਿੰਡ ਸਿਆਣਾ ਵਿਖੇ ਉਨ੍ਹਾਂ ਦਾ ਬੁੱਤ ਲਗਾਇਆ ਗਿਆ ਹੈ।

ਜਿਸ ਤਿੱਬਤ, ਲੱਦਾਖ ਦੀ ਧਰਤੀ ਉੱਤੇ ੧੫ ਜੂਨ, ੨੦੨੦ ਈ. ਨੂੰ ਕਪਟੀ ਮਿੱਤਰ ਦੇ ਭੇਸ ਵਿਚ ਦੁਸ਼ਮਣ ਚੀਨ ਵੱਲੋਂ ਅਚਾਨਕ ਹਮਲਾ ਕੀਤਾ ਗਿਆ ਅਤੇ ਭਾਰਤੀ ਫੌਜ ਦੇ ੨੦ ਜਵਾਨ ਸਮੇਤ ਇਕ ਕਰਨਲ ਸ਼ਹੀਦ ਕਰ ਦਿਤੇ ਗਏ ਜਿਨ੍ਹਾਂ ਵਿਚ ਚਾਰ ਪੰਜਾਬ ਦੇ ੨੧-੨੫ ਸਾਲ ਦੀ ਉਮਰ ਦੇ ਨੌਜਵਾਨ ਵੀ ਸ਼ਹੀਦ ਹੋਏ। ਉਸ ਧਰਤੀ ਉੱਤੇ

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਆਪਣੇ ਪਵਿੱਤਰ ਚਰਨ ਪਾ ਕੇ ਅਤੇ ਕਾਫੀ ਵੱਖ-ਵੱਖ ਥਾਂਵਾਂ 'ਤੇ ਜਾ ਕੇ ਲੋਕਾਂ ਨੂੰ ਇਲਾਹੀ ਬਾਣੀ ਸੁਣਾ ਕੇ ਅਤੇ ਮਨੁੱਖਤਾ ਨੂੰ ਇੱਕੋ ਅਕਾਲ ਪੁਰਖ ਦੀ ਔਲਾਦ, ਊਚ-ਨੀਚ, ਜਾਤ-ਪਾਤ ਰਹਿਤ ਸਮਾਜ ਭਾਵ ਸਮਾਜਿਕ ਬਰਾਬਰੀ ਮਨੁੱਖੀ ਬਰਾਬਰੀ, ਮਨੁੱਖੀ ਅਧਿਕਾਰਾਂ ਵਾਲਾ ਜੀਵਨ ਜਿਊਣ ਲਈ ਪ੍ਰੇਰਿਆ ਅਤੇ ਆਪਣਾ ਜੀਵਨ ਕੇਵਲ ਆਤਮਿਕ ਹੀ ਨਹੀਂ ਸਗੋਂ ਜ਼ਿਹਨੀ ਗ਼ੁਲਾਮੀ ਤੋਂ ਮੁਕਤ ਹੋ ਕੇ ਗ਼ੈਰਤ, ਗੌਰਵ, ਅਣਖ ਨਾਲ ਜਿਉਣ ਦੀ ਨਿਵੇਕਲੀ ਜੀਵਨ-ਜੁਗਤ ਵੀ ਸਮਝਾਈ। ਉਨ੍ਹਾਂ ਲੋਕਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਥੇ ਆਗਮਨ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਕੀਤਾ ਹੋਇਆ ਹੈ ਅਤੇ ਉਹ ਬੋਧੀ ਲੋਕ ਗੁਰੂ ਸਾਹਿਬ ਨੂੰ 'ਨਾਨਕ ਲਾਮਾ' ਕਹਿ ਕੇ ਸਤਿਕਾਰਦੇ ਹਨ। ਉਸ ਮਗਰੋਂ ਖ਼ਾਲਸਾ ਪੰਥ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ੧੭੧੨ ਈ. ਉਸੇ ਧਰਤੀ ਨੂੰ ਜਿੱਤ ਕੇ ਧਰਤੀ ਉੱਤੇ ਪਹਿਲੀ ਵਾਰ ਹੋਂਦ ਵਿਚ ਆਏ ਖ਼ਾਲਸਾ ਰਾਜ ਦਾ ਹਿੱਸਾ ਬਣਾਇਆ। ਇਸੇ ਧਰਤੀ ਉੱਤੇ ਮਹਾਰਾਜਾ ਰਣਜੀਤ ਸਿੰਘ ਦੇ ਅਦੁੱਤੀ ਸੂਰਬੀਰ ਜਾਂਬਾਜ਼ ਜਰਨੈਲਾਂ ਅਤੇ ਖਾਸ ਕਰਕੇ ਜਰਨੈਲ ਜੋਰਾਵਰ ਸਿੰਘ ਨੇ ੧੮੪੧ ਈ. ਵਿਚ ਸਖਤ ਖੂਨ-ਡੋਲਵੀਂ ਲੜਾਈ ਕਰ ਕੇ ਇਸ ਨੂੰ ਖ਼ਾਲਸਾ ਰਾਜ ਦਾ ਹਿੱਸਾ ਬਣਾਇਆ ਅਤੇ ਉੱਥੇ ਕਿਲ੍ਹਾ ਬਣਾ ਕੇ ਖ਼ਾਲਸਾ ਰਾਜ ਦਾ ਕੇਸਰੀ ਨਿਸ਼ਾਨ ਝੁਲਾ ਦਿੱਤਾ ਸੀ। ਇਸੇ ਧਰਤੀ ਨੂੰ ੧੯੬੨ ਈ. ਵਿਚ ਹਿੰਦ-ਚੀਨ ਲੜਾਈ ਦੌਰਾਨ ਸਮੇਂ ਦੇ ਭਾਰਤੀ ਨੇਤਾਵਾਂ ਅਤੇ ਪੂਰਬੀ ਕਮਾਨ ਦੇ ਕਮਾਂਡਰ (G.O.C.IN.C.) ਜਰਨਲ ਬੀ.ਐਮ. ਕੌਲ ਜੋ ਨਹਿਰੂ ਪਰਿਵਾਰ ਦਾ ਨਜ਼ਦੀਕੀ ਸੀ, ਦੀਆਂ ਗ਼ਲਤ ਨੀਤੀਆਂ ਅਤੇ ਢੇਰ ਬੇਵਕੂਫੀਆਂ ਸਮੇਤ ਛਲੀਏ-ਕਪਟੀ ਚੀਨ ਉਤੇ ਵਿਸ਼ਵਾਸ ਕਰ ਕੇ ਦੇਸ ਦੀ ਫੌਜ ਦਾ ਭਾਰੀ ਨੁਕਸਾਨ ਕਰਵਾ ਲਿਆ ਅਤੇ ਲੱਖਾਂ ਏਕੜ ਭਾਰਤੀ ਭੂਮੀ ਚੀਨ ਦੇ ਨਜਾਇਜ਼ ਕਬਜ਼ੇ ਵਿਚ ਚਲੀ ਗਈ ਜੋ ਅੱਜ ਵੀ ਉਨ੍ਹਾਂ ਦੇ ਨਜਾਇਜ਼ ਕਬਜ਼ੇ ਹੇਠ ਹੈ। ਉਸੇ ਧਰਤੀ ਉੱਤੇ ਜਰਨਲ ਬਿਕਰਮ ਸਿੰਘ ਨੇ ਆਪਣੀ ਫੌਜ ਦੀ ਬੜੀ ਸੂਝ-ਬੂਝ, ਦਿਲਾਵਰੀ, ਬਹਾਦਰੀ ਅਤੇ ਯੁੱਧ ਕਲਾ ਵਿਚ ਨਿਪੁੰਨਤਾ ਨਾਲ 'ਖੰਡਾ ਖੜਕਾ ਕੇ' ਇਕ ਨਵਾਂ ਇਤਿਹਾਸ ਸਿਰਜ ਦਿੱਤਾ। ਉਨ੍ਹਾਂ ਦੇ ਪੁਰਾਣੇ ਸਾਥੀ ਅਫ਼ਸਰ, ਫੌਜ ਦੇ ਜਵਾਨ ਅੱਜ ਵੀ ਉਨ੍ਹਾਂ ਨੂੰ ਸਤਿਕਾਰ ਹੀ ਨਹੀਂ ਦਿੰਦੇ ਸਗੋਂ ਦਿਲੋਂ ਪੂਜਦੇ ਹਨ ਅਤੇ ਅਜੋਕੇ ਫੌਜੀ ਅਫ਼ਸਰ ਅਤੇ ਜਵਾਨ ਉਨ੍ਹਾਂ ਨੂੰ ਆਪਣਾ ਮਸੀਹਾ ਚਾਨਣ-ਮੁਨਾਰਾ ਸਮਝ ਕੇ ਉਨ੍ਹਾਂ ਵੱਲੋਂ ਕੀਤੇ ਅਦੁੱਤੀ ਕਾਰਨਾਮਿਆਂ ਤੋਂ ਬਹੁਤ ਕੁਝ ਸਿੱਖ ਰਹੇ ਹਨ। ਜਰਨਲ ਬਿਕਰਮ ਸਿੰਘ ਨਿਰਸੰਦੇਹ ਇਕ ਉੱਚਤਮ ਫੌਜੀ ਕਮਾਂਡਰ ਹੋਣ ਦੇ ਨਾਲ ਨਾਲ ਇਕ ਖਿਡਾਰੀ, ਨਿਪੁੰਨ ਘੋੜਸਵਾਰ ਸੀ ਅਤੇ ਢੇਰ ਸਾਰੀਆਂ ਚੁਣੌਤੀਆਂ ਅਤੇ ਜੰਗ ਦੇ ਖ਼ਤਰੇ ਨੂੰ ਵੀ ਇਕ ਖੇਡ ਹੀ ਸਮਝਦੇ ਸਨ ਜਿਸ ਨੂੰ ਬੜੀ ਦਲੇਰੀ, ਦ੍ਰਿੜ੍ਹਤਾ ਅਤੇ ਲਗਨ ਨਾਲ ਪਿਆਰ ਵੀ ਕਰਦੇ ਰਹੇ ਅਤੇ ਉਨ੍ਹਾਂ ਉੱਤੇ ਜਿੱਤ ਵੀ ਪ੍ਰਾਪਤ ਕਰਦੇ ਹਾਂ। ਇਕ ਵਾਰ ਜਰਨਲ ਕੇ.ਐਸ. ਥੱਮਈਆ ਉਨ੍ਹਾਂ ਨੂੰ ਮਿਲਣ ਗਏ। ਉਸ ਸਮੇਂ ਜਰਨਲ ਬਿਕਰਮ ਸਿੰਘ ਇਕ ਰਿਛ ਦੇ ਬੱਚੇ ਨਾਲ ਖੇਡ ਰਹੇ ਸਨ।

ਜਰਨਲ ਯਮੱਈਆ ਦੇ ਪੁੱਛਣ 'ਤੇ ਜਰਨਲ ਬਿਕਰਮ ਸਿੰਘ ਨੇ ਦੱਸਿਆ ਕਿ ਉਹ ਇਹ ਤਜਰਬਾ ਕਰ ਰਹੇ ਹਨ ਕਿ ਕਿਸ ਤਰ੍ਹਾਂ ਦੁਸ਼ਮਣ ਨੂੰ ਪਿਆਰ ਕਰ ਕੇ ਜਿੱਤ ਸਕਦੇ ਹਾਂ। ਜਰਨਲ ਵੀ.ਕੇ. ਕ੍ਰਿਸ਼ਨਾ ਰਾਓ ਕਹਿੰਦੇ ਸਨ ਕਿ ਜਰਨਲ ਬਿਕਰਮ ਸਿੰਘ ਵਰਗਾ ਤਾਂ ਉਹੋ ਹੀ ਸੀ, ਉਸ ਵਰਗਾ ਹੋਰ ਕੋਈ ਨਹੀਂ ਹੋ ਸਕਦਾ। ਜਰਨਲ ਬਿਕਰਮ ਸਿੰਘ ਦੀ ਭਰਪੂਰ ਸ਼ਲਾਘਾ ਕਰਦਿਆਂ ਅਗੇ ਕਹਿੰਦੇ ਹਨ: General Bikram Singh had the bravery of the highest order and supreme gallantry ਭਾਵ ਜਰਨਲ ਬਿਕਰਮ ਸਿੰਘ ਵਿਚ ਉੱਚਤਮ ਦਰਜੇ ਦੀ ਬਹਾਦਰੀ ਅਤੇ ਪਰਮ ਸ੍ਰੇਸ਼ਠ ਸੂਰਬੀਰਤਾ ਸੀ।

ਮੈਂ (ਲੇਖਕ) ਆਪਣੀ ਪੋਤਰੀ ਪ੍ਰੋਫ਼ੈਸਰ ਬੀਬਾ ਅਮਨਦੀਪ ਕੌਰ ਅਤੇ ਪੋਤਰੇ ਕਾਕਾ ਪ੍ਰਭਇੰਦਰਪਾਲ ਸਿੰਘ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਇੰਟਰਨੈੱਟ ਦੀ ਸੁਵਿਧਾ ਰਾਹੀਂ ਜਰਨਲ ਸਾਹਿਬ ਬਾਰੇ ਜਾਣਕਾਰੀ ਪ੍ਰਾਪਤ ਕਰਵਾਈ। ਅੰਤ ਵਿਚ ਆਪਣੀ ਨੌਜਵਾਨ ਪੀੜ੍ਹੀ ਨੂੰ ਜ਼ਰੂਰ ਸਲਾਹ ਦੇਣੀ ਚਾਹੁੰਦਾ ਹਾਂ ਕਿ ਉਹ ਆਪਣੇ ਅੰਦਰ ਝਾਤੀ ਜ਼ਰੂਰ ਮਾਰਨ ਕਿ ਉਹ ਕੌਣ ਹਨ? ਉਹ ਮਹਾਨ ਗੁਰੂ ਸਾਹਿਬਾਨ ਦੀ ਸ਼ਾਨਾਂਮੱਤੀ ਵਿਰਾਸਤ ਅਤੇ ਸਰਬੱਤ ਦਾ ਭਲਾ ਮੰਗਦੀ ਸਰਬ-ਸਾਂਝੀ ਗੁਰਬਾਣੀ ਉਨ੍ਹਾਂ ਦਾ ਰੋਸ਼ਨ ਮਿਨਾਰ ਹੈ ਅਤੇ ਉਹ ਮਹਾਨ ਸਿੰਘ, ਸਿੰਘਣੀਆਂ, ਸਹੀਦਾਂ, ਭੁਝੰਗੀਆਂ, ਮਾਵਾਂ-ਭੈਣਾਂ ਦੇ ਇਤਿਹਾਸ ਦੇ ਯੋਗ ਵਾਰਸ ਹਨ। ਉਨ੍ਹਾਂ ਦੇ ਸਾਹਮਣੇ ਸਾਡੇ ਮਹਾਨ ਦੇਸ-ਭਗਤਾਂ ਬਹਾਦਰ ਜਰਨੈਲਾਂ, ਖਿਡਾਰੀਆਂ, ਕੁਰਬਾਨੀ ਵਾਲੇ ਮਰਜੀਵੜਿਆਂ, ਭਾਈ ਘਨੱਈਆ ਅਤੇ ਭਗਤ ਪੂਰਨ ਸਿੰਘ ਵਰਗੇ ਵਸ਼ਿਸ਼ਟ ਪਰਉਪਕਾਰੀਆਂ ਦੀਆਂ ਨਿਵੇਕਲੀਆਂ ਉਦਾਹਰਨਾਂ ਮੌਜੂਦ ਹਨ। ਪੰਜਾਬੀਆਂ ਅਤੇ ਖਾਸ ਕਰਕੇ ਸਿੱਖ ਕੌਮ ਦਾ ਮੈਦਾਨ-ਏ-ਜੰਗ, ਖੇਡ ਦੇ ਮੈਦਾਨ, ਖੇਤੀ ਅਤੇ ਬਾਗ਼ਬਾਨੀ ਦੇ ਖੇਤਰ ਵਿਚ ਅਤੇ ਦੇਸ਼-ਦੁਨੀਆ ਵਿਚ ਜਿੱਥੇ ਕਿਤੇ ਵੀ ਕੁਦਰਤੀ ਆਫਤਾਂ ਆਉਂਦੀਆਂ ਹਨ ਤਾਂ ਸਭ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਨੇਕਾਂ ਹੋਰ ਸਿੱਖ ਗ਼ੈਰ ਸਰਕਾਰੀ ਜਥੇਬੰਦੀਆਂ (N.G.O.) ਪਹੁੰਚੇ ਹੁੰਦੇ ਹਨ ਅਤੇ ਆਪਣੀਆਂ ਜਾਨਾਂ ਖ਼ਤਰੇ ਵਿਚ ਪਾ ਕੇ ਧਰਮ, ਜਾਤ, ਨਸਲ, ਇਲਾਕਾਵਾਦ ਤੋਂ ਉੱਪਰ ਉੱਠ ਕੇ ਹਰ ਲੋੜਵੰਦ ਦੀ ਸਰਬ-ਪ੍ਰਕਾਰੀ ਸਹਾਇਤਾ ਕਰਦੇ ਹਨ, ਵਾਲੇ ਵਿਰਸੇ ਦੇ ਵਾਰਸ ਹਨ। ਫਿਰ ਮਹਾਨ ਵਿਰਸੇ, ਇਤਿਹਾਸ, ਸਿਧਾਂਤ ਅਤੇ ਸੱਭਿਆਚਾਰ ਦੀ ਵਾਰਸ ਸਾਡੀ ਨੌਜਵਾਨ ਪੀੜ੍ਹੀ ਉੱਤੇ ਨਸ਼ਿਆਂ, ਖੁਦਕੁਸ਼ੀਆਂ, ਗੈਂਗਸਟਰਾਂ ਵਾਲੇ ਦੋਸ਼ ਕਿਉਂ ਲੱਗਣ? ਸਾਡੀ ਨੌਜਵਾਨ ਪੀੜ੍ਹੀ ਅੰਦਰ ਫੈਲ ਰਹੀਆਂ ਅਨੇਕਾਂ ਹੀ ਕਮੀਆਂ, ਕਮਜ਼ੋਰੀਆਂ, ਆਚਰਣਕ ਗਿਰਾਵਟ ਕੁਰਾਹੇ ਦੇ ਪਾਂਧੀ ਹੋ ਰਹੇ ਸਾਡੇ ਬੱਚਿਆਂ ਨੂੰ ਵੇਖ ਕੇ ਪੰਥ ਅਤੇ ਪੰਜਾਬ ਦੋਖੀ ਸ਼ਕਤੀਆਂ ਅਤੇ ਸਾਡੇ ਅੰਦਰ ਹੀ ਬੈਠੇ ਪਹਾੜਾ ਸਿੰਘ ਦੇ ਵਾਰਸ ਖੂਬ ਖੁਸ਼ ਹੋ ਰਹੇ ਹਨ। ਸ਼ਾਇਦ ਅਸੀਂ, ਉਨ੍ਹਾਂ ਦੇ ਮਾਪੇ, ਅਧਿਆਪਕ ਸਾਹਿਬਾਨ, ਬੁੱਧੀਜੀਵੀ, ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿਚ ਕਾਰਜਸ਼ੀਲ ਲੋਕ ਇਨ੍ਹਾਂ ਨੌਜਵਾਨਾਂ ਦੇ ਸਾਹਮਣੇ ਚੰਗੀ

ਮਿਸਾਲ ਨਹੀਂ ਛੱਡ ਰਹੇ ਜਾਂ ਆਪਣੀ ਨੌਜਵਾਨ ਪੀੜ੍ਹੀ ਨੂੰ ਆਪਣੀ ਬੁੱਕਲ ਅਤੇ ਵਿਸ਼ਵਾਸ ਵਿਚ ਲੈ ਕੇ ਉਨ੍ਹਾਂ ਦਾ ਸਹੀ ਮਾਰਗ-ਦਰਸ਼ਨ ਨਹੀਂ ਕਰ ਪਾ ਰਹੇ। ਸਾਡੇ ਨੌਜਵਾਨ ਬੱਚੇ-ਬੱਚੀਆਂ ਇਹ ਸਚਾਈ ਜ਼ਰੂਰ ਸਮਝਣ ਕਿ ਉਹ ਨੌਜਵਾਨ ਸੱਚੇ ਦੇਸ਼ ਭਗਤਾਂ-ਕ੍ਰਾਂਤੀਕਾਰੀ ਵਿਲੱਖਣ ਸ਼ਹੀਦਾਂ ਦੇ ਵਾਰਸ ਹਨ। ਸਾਨੂੰ ਸਾਰਿਆਂ ਨੂੰ ਸੱਚਾਈ ਲੱਭਣ ਅਤੇ ਸਮਝਣ ਦੀ ਲੋੜ ਹੈ ਅਤੇ ਆਪਣਾ ਇਖਲਾਕੀ ਫ਼ਰਜ਼ ਨਿਭਾਉਣ ਦੀ ਲੋੜ ਹੈ। ਨੌਜਵਾਨਾਂ ਨੂੰ ਸਤਿਗੁਰਾਂ ਦਾ ਇਹ ਉਪਦੇਸ਼— *ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥* ਦ੍ਰਿੜ੍ਹ ਕਰਵਾਉਣਾ ਹੋਵੇਗਾ। ਸਾਨੂੰ ਆਪਣੇ ਹਾਕਮਾਂ ਦੀ— *ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ੍* ਤਥਾ *ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ* ਦੀ ਨੀਤੀ ਵੀ ਸਮਝਣੀ ਪਵੇਗੀ। ਕੀ ਸਾਡੀ ਹਾਲਾਤ *ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥ ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥* ਵਾਲੀ ਤਾਂ ਨਹੀਂ ਹੋ ਗਈ? ਇਉਂ ਜਾਪਦਾ ਹੈ ਕਿ ਅਸੀਂ ਸਾਰੇ ਇਕ ਵਾਦਵਾਨ ਰਹਿਤ ਸਮੁੰਦਰੀ ਜਹਾਜ਼ ਵਾਂਗ ਅੰਧੇਰੇ ਵਿਚ ਟੱਕਰਾਂ ਮਾਰ ਰਹੇ ਹਾਂ। ਸਾਨੂੰ ਆਪਣੇ ਅੰਦਰ ਝਾਤੀ ਮਾਰਨੀ ਹੋਵੇਗੀ। ਆਪਣੀਆਂ ਕਮੀਆਂ ਅਤੇ ਕਮਜ਼ੋਰੀਆਂ ਨੂੰ ਈਮਾਨਦਾਰੀ ਨਾਲ ਸਮਝਣਾ, ਕਬੂਲਣਾ ਹੋਵੇਗਾ ਅਤੇ ਭਵਿੱਖ ਲਈ ਸਮੇਂ ਦੇ ਹਾਣੀ ਹੋਣ ਵਾਲਾ ਰਸਤਾ ਲੱਭਣਾ ਪਵੇਗਾ। ਇਹ ਅਗਵਾਈ ਸਾਨੂੰ ਮਹਾਨ ਪਵਿੱਤਰ ਗੁਰਬਾਣੀ, ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਵਿੱਚੋਂ ਹੀ ਮਿਲ ਸਕਦੀ ਹੈ। ਜਿਸ ਤੋਂ ਅਸੀਂ ਮੂੰਹ ਮੋੜਿਆ ਹੋਇਆ ਹੈ। ਅਕਾਲ ਪੁਰਖ ਸਾਨੂੰ ਸਭ ਨੂੰ ਸੁਮੱਤ ਬਖਸ਼ੇ, ਖਾਸ ਕਰਕੇ ਉਨ੍ਹਾਂ ਨੂੰ ਜਿਨ੍ਹਾਂ ਨੇ ਸਾਡੀ ਅਗਵਾਈ ਕਰਨੀ ਹੈ। ਆਉ ! ਹੰਭਲਾ ਮਾਰੀਏ ਅਤੇ ਮਹਾਨ ਵਿਰਾਸਤ ਦੇ ਵਡਮੁੱਲੇ ਵਿਰਸੇ ਦੇ ਯੋਗ ਵਾਰਸ ਬਣੀਏ ਅਤੇ ਆਪਣੀ ਹੋਣੀ ਆਪ ਹੀ ਘੜੀਏ।

ਅਕਾਲ ਪੁਰਖ ਸੱਚੇ ਪਾਤਸ਼ਾਹ ਹਮੇਸ਼ਾ ਹੀ ਸਾਡੇ ਅੰਗ-ਸੰਗ ਹੈ। ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਨੂੰ ਸਮਝਾਉਣ ਹਿੱਤ ਇਉਂ ਬਖਸ਼ਿਸ਼ ਕਰਦੇ ਹਨ:

*ਚੱਤ੍ਰ ਚੱਕ੍ਰ ਵਰਤੀ॥ ਚੱਤ੍ਰ ਚੱਕ੍ਰ ਭਰਤੀ॥*
*ਚੱਤ੍ਰ ਚੱਕ੍ਰ ਪਾਲੇ॥ ਚੱਤ੍ਰ ਚੱਕ੍ਰ ਕਾਲੇ॥*
*ਚੱਤ੍ਰ ਚੱਕ੍ਰ ਪਾਸੇ॥ ਚੱਤ੍ਰ ਚੱਕ੍ਰ ਵਾਸੇ॥*
*ਚੱਤ੍ਰ ਚੱਕ੍ਰ ਮਾਨਯੈ॥ ਚੱਤ੍ਰ ਚੱਕ੍ਰ ਦਾਨਯੈ॥* *(ਜਾਪੁ ਸਾਹਿਬ)*

ਆਓ ! ਸਤਿਗੁਰੂ ਪਾਤਸ਼ਾਹ ਵੱਲੋਂ ਦਿਖਾਏ ਰਸਤੇ (ਪੰਥ) ਅਤੇ ਅਦੁੱਤੀ ਸਿਧਾਂਤ ਦੇ ਪਾਂਧੀ ਅਤੇ ਧਾਰਨੀ ਬਣੀਏ। ਇਸੇ ਵਿਚ ਹੀ ਸਰਬੱਤ ਦਾ ਭਲਾ ਹੈ।

*ਅਕਾਲ ਪੁਰਖ ਸਦਾ ਹੀ ਅੰਗ ਸੰਗ!* ■

*ਜਨਵਰੀ ੨੦੨੧ ਦਾ ਬਾਕੀ:*

# ਗੁਰਦੁਆਰਾ ਸੁਧਾਰ ਲਹਿਰ ਦੇ ਸੰਦਰਭ ਵਿਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ

*-ਡਾ. ਪਰਮਵੀਰ ਸਿੰਘ**

ਸਰਬਰਾਹੀ ਪ੍ਰਬੰਧ ਅਧੀਨ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਧਾਰਮਿਕ ਮਰਯਾਦਾ ਵਿਚ ਭਾਰੀ ਵਿਗਾੜ ਪੈਦਾ ਹੋ ਗਿਆ। ਸਭ ਕੁਝ ਸਮਝਦੇ ਹੋਏ ਸਰਕਾਰ ਇਸ ਪਾਸੇ ਵਿਸ਼ੇਸ਼ ਧਿਆਨ ਨਹੀਂ ਦੇ ਰਹੀ ਸੀ। ਇਸ ਦਾ ਇਕ ਕਾਰਨ ਇਹ ਹੋ ਸਕਦਾ ਹੈ ਕਿ ਅੰਗਰੇਜ਼ ਇਹ ਸਮਝਦੇ ਹੋਣ ਕਿ ਜੇਕਰ ਸਿੱਖ ਅਧਿਆਤਮਿਕ ਤੌਰ 'ਤੇ ਬਲਵਾਨ ਬਣੇ ਰਹਿਣਗੇ ਤਾਂ ਇਹ ਸਰਕਾਰ ਨੂੰ ਚੁਣੌਤੀ ਦਿੰਦੇ ਰਹਿਣਗੇ। ਗੁਰਦੁਆਰੇ ਅਜਿਹੇ ਅਸਥਾਨ ਹਨ ਜਿੱਥੋਂ ਸਿੱਖਾਂ ਨੂੰ ਅਧਿਆਤਮਿਕ ਬਲ ਅਤੇ ਪ੍ਰੇਰਨਾ ਪ੍ਰਾਪਤ ਹੁੰਦੀ ਹੈ ਅਤੇ ਜੇਕਰ ਸਿੱਖਾਂ ਦੀ ਧਾਰਮਿਕ ਭਾਵਨਾ ਕਮਜ਼ੋਰ ਹੁੰਦੀ ਹੈ ਤਾਂ ਇਹ ਕਿਸੇ ਵੀ ਚੁਣੌਤੀ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਬਣੇ ਰਹਿਣਗੇ। ਗਿਆਨੀ ਕਿਰਪਾਲ ਸਿੰਘ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਲੰਮਾ ਸਮਾਂ ਸੇਵਾ ਕਰਦੇ ਰਹੇ ਹਨ ਅਤੇ ਉਹ ਸਿੱਖ ਪਰੰਪਰਾਵਾਂ ਅਤੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਧਾਰਮਿਕ ਮਰਯਾਦਾ ਵਿਚ ਪੈਦਾ ਹੋਏ ਵਿਗਾੜ ਨੂੰ ਸਮਝਣ ਵਿਚ ਬਹੁਤ ਸੂਖ਼ਮ ਸੂਝ ਰੱਖਦੇ ਸਨ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅਤੇ ਇਸ ਦਾ ਚੌਗਿਰਦਾ ਗੁਰਮਤਿ ਅਨੁਸਾਰ ਧਾਰਮਿਕ ਭਾਉ-ਭਾਵਨੀ ਵਾਲਾ ਮਾਹੌਲ ਪੈਦਾ ਕਰਦਾ ਹੈ, ਇਸ ਵਿਚ ਆਏ ਨਿਘਾਰ 'ਤੇ ਟਿੱਪਣੀ ਕਰਦੇ ਹੋਏ ਉਹ ਕਹਿੰਦੇ ਹਨ, "੩ ਮਈ, ੧੯੮੦ ਈਸਵੀ ਦੀ ਮੀਟਿੰਗ ਵਿਚ ਪੁਜਾਰੀਆਂ ਦੀਆਂ ਕਈ ਗੱਲਾਂ ਮੰਨੀਆਂ ਗਈਆਂ ਅਤੇ ਪ੍ਰਬੰਧ ਵਿਚ ਉਨ੍ਹਾਂ ਦਾ ਦਖ਼ਲ ਵਧਾਇਆ ਗਿਆ। ਗ੍ਰੰਥੀਆਂ ਤੇ ਪੁਜਾਰੀਆਂ ਨੂੰ ਉਹ ਅਰਦਾਸੇ ਤੇ ਪੂਜਾ ਲੈਣ ਦਾ ਹੱਕ ਦਿੱਤਾ ਗਿਆ, ਜੋ ਸੰਗਤ ਵੱਲੋਂ ਉਨ੍ਹਾਂ ਨੂੰ ਦਿੱਤੀ ਜਾਵੇ। ਇਸ ਦਾ ਇਹ ਸਿੱਟਾ ਨਿਕਲਿਆ ਕਿ ਗ੍ਰੰਥੀਆਂ ਤੇ ਪੁਜਾਰੀਆਂ ਦੇ ਆਦਮੀ ਬਾਹਰੋਂ ਆਏ ਸ਼ਰਧਾਲੂ ਨੂੰ ਹਰਿਦੁਆਰ ਦੇ ਪੰਡਿਆਂ ਵਾਂਗ ਘੇਰ ਲੈਂਦੇ ਤੇ ਉਨ੍ਹਾਂ ਵੱਲੋਂ ਦਿੱਤੀ ਭੇਟਾ ਗੋਲਕ ਵਿਚ ਪਾਉਣ ਦੀ ਬਜਾਏ ਅਰਦਾਸਿਆਂ ਵਿਚ ਆਪ ਹੀ ਲੈ ਲੈਂਦੇ। ਕਈ ਵਾਰੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਅੰਦਰ ਲੜਾਈ-ਝਗੜੇ ਵੀ ਹੋ ਪੈਂਦੇ ਤੇ ਗਾਲੀ-ਗਲੋਚ ਤਕ ਨੌਬਤ ਆ ਪਹੁੰਚਦੀ, ਅੰਤ ਨੂੰ ਏਨੇ ਝਗੜੇ ਵਧੇ ਕਿ ਉਨ੍ਹਾਂ ਨੂੰ ਅਦਾਲਤਾਂ ਵਿਚ ਲੈ ਜਾਣਾ ਪਿਆ।"[੯] ਵੀਹਵੀ ਸਦੀ ਦੇ ਅਰੰਭ ਤਕ ਇਹ ਪ੍ਰਬੰਧ ਹੋਰ ਵਧੇਰੇ ਵਿਗੜ ਗਿਆ ਜਿਹੜਾ ਕਿ ਕਿਸੇ ਵੀ ਸੂਝਵਾਨ ਸਿੱਖ ਦੀ ਦ੍ਰਿਸ਼ਟੀ ਤੋਂ ਬਚ ਨਾ ਸਕਿਆ। ਇਸ ਪ੍ਰਬੰਧਕੀ ਵਿਗਾੜ ਸੰਬੰਧੀ ਜਾਣਕਾਰੀ ਦਿੰਦੇ ਹੋਏ ਗਿਆਨੀ ਕਿਰਪਾਲ ਸਿੰਘ ਦੱਸਦੇ ਹਨ, "ਸਿੱਖ ਰਹੁ-ਰੀਤਾਂ ਢਿੱਲੀਆਂ ਕਰ ਦਿੱਤੀਆਂ ਗਈਆਂ, ਪ੍ਰਕਰਮਾ ਵਿਚ ਥਾਂ-ਥਾਂ ਠਾਕੁਰ ਰੱਖੇ ਗਏ। ਹਿੰਦੂ

*ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨

ਪੁਰਾਣਾਂ ਤੇ ਸ਼ਾਸਤਰਾਂ ਦੀਆਂ ਕਥਾ ਹੋਣ ਲੱਗ ਪਈਆਂ। ਬੁੱਤ-ਪ੍ਰਸਤੀ, ਪੂਜਾ ਪਾਠ, ਵਰਤ ਨੇਮ, ਸਭ ਕੁਝ ਦਰਬਾਰ ਸਾਹਿਬ ਵਿਚ ਹੋਣ ਲੱਗੇ, ਇਹ ਨਿਰਾ ਹਿੰਦੂ ਮੰਦਰ ਬਣ ਗਿਆ।... ਜੇ ਕੋਈ ਸਿਦਕੀ ਸਿੱਖ ਆ ਕੇ ਇਹ ਹਾਲਤ ਵੇਖਦਾ, ਉਸ ਦਾ ਹਿਰਦਾ ਵਿਆਕੁਲ ਹੋ ਉੱਠਦਾ ਪਰ ਉਹ ਕੋਈ ਉਪਾਅ ਨਾ ਕਰ ਸਕਦਾ। ਗ਼ੈਰ-ਸਿੱਖ ਦਰਬਾਰ ਸਾਹਿਬ ਦੀ ਯਾਤਰਾ ਕਰ ਕੇ ਕੋਈ ਚੰਗੇ ਖ਼ਿਆਲ ਲੈ ਕੇ ਨਾ ਜਾਂਦੇ।'[੯]

ਵੀਹਵੀਂ ਸਦੀ ਦੇ ਅਰੰਭ ਵਿਚ ਜਦੋਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਵਿਗਾੜ ਵਧੇਰੇ ਵਧ ਗਿਆ ਤਾਂ ਸਿੱਖਾਂ ਵਿਚ ਇਨ੍ਹਾਂ ਖਾਮੀਆਂ ਦਾ ਵਿਆਪਕ ਵਿਰੋਧ ਹੋਣ ਲੱਗਿਆ। ਸ੍ਰੀ ਹਰਿਮੰਦਰ ਸਾਹਿਬ ਦੀ ਸਿੱਖਾਂ ਦੇ ਮਨ ਵਿਚ ਸ਼ਰਧਾ-ਭਾਵਨਾ ਸੰਬੰਧੀ ਅੰਗਰੇਜ਼ ਅਧਿਕਾਰੀ ਚੰਗੀ ਤਰ੍ਹਾਂ ਜਾਣਦੇ ਸਨ। ਇਸ ਸਮੇਂ ਕਰਨੈਲ ਜੁਆਲਾ ਸਿੰਘ ਇੱਥੋਂ ਦਾ ਸਰਬਰਾਹ ਸੀ ਜਿਸ ਦੀਆਂ ਬਦਕਾਰੀਆਂ ਅਤੇ ਵਧੀਕੀਆਂ ਸੰਬੰਧੀ ਅਖ਼ਬਾਰਾਂ ਵਿਚ ਚਰਚਾ ਹੋਣ ਲੱਗੀ। ਭਾਵੇਂ ਕਿ ਸਰਬਰਾਹ ਨੇ ਇਨ੍ਹਾਂ ਦਾ ਕੋਈ ਵਿਰੋਧ ਨਾ ਕੀਤਾ ਪਰ ਉਸ ਦੀ ਚੁੱਪੀ ਨੇ ਇਹ ਸਾਬਿਤ ਕਰ ਦਿੱਤਾ ਸੀ ਕਿ ਉਸ 'ਤੇ ਲਗਾਏ ਜਾ ਰਹੇ ਦੋਸ਼ ਨਿਰਾਰਥਕ ਨਹੀਂ ਹਨ। ਸਿੱਖ ਚਾਹੁੰਦੇ ਸਨ ਕਿ ਸਰਬਰਾਹੀ ਪ੍ਰਬੰਧ ਬੰਦ ਕਰ ਕੇ ਇਹ ਕਾਰਜ ਸਿੱਧੇ ਤੌਰ 'ਤੇ ਸਿੱਖਾਂ ਨੂੰ ਸੌਂਪ ਦਿੱਤਾ ਜਾਵੇ, ਪਰ ਸਰਕਾਰ ਨੇ ਸਿੱਖਾਂ ਦੀ ਇਸ ਮੰਗ ਵੱਲ ਕੋਈ ਧਿਆਨ ਨਾ ਦਿੱਤਾ। ਸਿੱਖਾਂ ਦੇ ਮਨ ਸ਼ਾਂਤ ਕਰਨ ਲਈ ਸਰਕਾਰ ਨੇ ਸਰਬਰਾਹ ਤਬਦੀਲ ਕਰ ਦਿੱਤਾ। ਇਸ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਸਰਬਰਾਹੀ ਸਰਦਾਰ ਅਰੂੜ ਸਿੰਘ ਨੂੰ ਸੌਂਪੀ ਗਈ। ਮੁੱਢਲੇ ਰੂਪ ਵਿਚ ਤਾਂ ਇਸ ਦਾ ਸਿੱਖਾਂ 'ਤੇ ਚੰਗਾ ਪ੍ਰਭਾਵ ਪਿਆ। ਸਿੱਖ ਚਾਹੁੰਦੇ ਸਨ ਕਿ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਅਤੇ ਆਲਾ-ਦੁਆਲਾ ਗੁਰੂ ਦੀ ਭਾਉ-ਭਾਵਨੀ ਵਾਲਾ ਹੋਣਾ ਚਾਹੀਦਾ ਹੈ ਅਤੇ ਇਸੇ ਦ੍ਰਿਸ਼ਟੀ ਤੋਂ ਉਨ੍ਹਾਂ ਨਵੇਂ ਸਰਬਰਾਹ ਦਾ ਸਵਾਗਤ ਵੀ ਕੀਤਾ।

ਸਰਦਾਰ ਅਰੂੜ ਸਿੰਘ ਦੇ ਸਮੇਂ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਵਿਚ ਕੋਈ ਬਹੁਤਾ ਸੁਧਾਰ ਨਾ ਹੋ ਸਕਿਆ। ਸ਼ਾਂਤ ਹੋਣ ਦੀ ਬਜਾਏ ਸਿੱਖਾਂ ਦੇ ਮਨਾਂ ਵਿਚ ਹੋਰ ਵਧੇਰੇ ਰੋਸ ਪੈਦਾ ਹੋ ਗਿਆ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਧਾਰਮਿਕ ਚੌਗਿਰਦੇ ਵਿਚ ਜਿਹੜੀਆਂ ਹਿਰਦੇਵੇਦਕ ਘਟਨਾਵਾਂ ਵਾਪਰ ਰਹੀਆਂ ਸਨ, ਉਹ ਅਖ਼ਬਾਰਾਂ ਵਿਚ ਛਪਣ ਲੱਗੀਆਂ। ਸ੍ਰੀ ਅੰਮ੍ਰਿਤਸਰ ਦੇ ਕਟੜਾ ਰਾਮਗੜ੍ਹੀਆਂ ਦੇ ਸਰਦਾਰ ਕਰਤਾਰ ਸਿੰਘ ਨੇ ਇਕ ਚਿੱਠੀ ਸ੍ਰੀ ਹਰਿਮੰਦਰ ਸਾਹਿਬ ਦੇ ਸਰਬਰਾਹ ਨੂੰ ਲਿਖੀ ਜਿਹੜੀ ਕਿ ਉਸ ਸਮੇਂ ਦੇ ਹਾਲਾਤ ਬਿਆਨ ਕਰਦੀ ਹੈ[੧੦]:

ਅੱਜ ਕਲ ਦੇਖਯਾ ਜਾਂਦਾ ਹੈ ਕਿ ਹਰਿਮੰਦਰ ਸ੍ਰੀ ਦਰਬਾਰ ਸਾਹਿਬ ਵਿਚ ਅਨੇਕ ਤਰ੍ਹਾਂ ਦੇ ਹ੍ਰਿਦਾ ਕੰਬਾ ਦੇਣ ਵਾਲੇ ਉਪਦ੍ਰਵ ਹੋ ਰਹੇ ਹਨ, ਜਿਨ੍ਹਾਂ ਦਾ ਦੂਰ ਹੋਣਾ ਸਾਡੇ ਸਰਬਰਾਹ ਸਾਹਿਬ ਜੀ ਦੇ ਧਯਾਨ ਦੇਣੇ ਕਰ ਕੇ ਹੋ ਸਕਦਾ ਹੈ। ਯਥਾ:

੧. ਸੰਧਯਾ ਵੇਲੇ ਆਰਯਾ ਤ੍ਰੀਮਤਾਂ ਤੇ ਮਰਦ ਖਾਲਸਾ ਧਰਮ ਦੀ ਨਿੰਦਾ ਕਰਦੇ ਹਨ।

੨. ਸੰਧਯਾ ਸਮੇਂ ਗੁਰੂ ਕੇ ਬਾਗ਼ ਵਿਚ ਕਈ ਐਸੇ ਉਪਦੇਸ਼ਕ ਦੇਖੇ ਜਾਂਦੇ ਹਨ, ਜੋ ਇਹ ਕਹਿ ਕਹਿ ਕੇ ਕਿ ਈਸ਼ਵਰ ਕੋਈ ਚੀਜ ਨਹੀਂ, ਅਸੀਂ ਹੀ ਪਰਮੇਸੁਰ ਹਾਂ, ਜਗਯਾਸੂਆਂ ਦੇ ਹ੍ਰਿਦੇ ਦੇ ਰੌਸ਼ਨ ਚਿਰਾਗ ਨੂੰ ਬੁਝਾ ਦਿੰਦੇ ਹਨ।

੩. ਸਾਰੀ ਪ੍ਰਕਰਮਾ ਵਿਚ ਖਾਲਸਾ ਧਰਮ ਦੇ ਅਸੂਲਾਂ ਵਿਰੁੱਧ ਪੱਥਰ ਪੂਜਾ ਹੁੰਦੀ ਹੈ।

੪. ਪੁਜਾਰੀ ਸਾਹਿਬ, ਯਾਤ੍ਰੀਆਂ ਦੇ ਹੱਥਾਂ ਵਿੱਚੋਂ ਪੁਸ਼ਪ ਭੇਟਾ ਆਦਿਕ ਅੰਦਰ ਵੜਦਿਆਂ ਹੀ ਹੱਥ ਲੰਮੇ ਕਰ ਕੇ ਖੋਹ ਲੈਂਦੇ ਹਨ। ਸੰਗਤ ਨੂੰ ਬੜਾ ਖੇਦ ਪਹੁੰਚਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਤਕ ਫੂਲ ਸੇਹਰਾ ਪਹੁੰਚਨਾ ਨਹੀਂ ਮਿਲਦਾ। ਜੇਕਰ ਪੁਜਾਰੀ ਲੋਕ ਓਹੋ ਫੂਲ ਸ੍ਰੀ ਗੁਰੂ ਗ੍ਰੰਥ ਸਾਹਿਬ ਪਰ ਚੜ੍ਹਾ ਦੇਣ ਤਦ ਭੀ ਗਿਲੇ ਦੀ ਗੱਲ ਨਹੀਂ ਪਰ ਓਹ ਅਪਨੇ ਅੱਗੇ ਫੇਰੀ ਲਾਈ ਜਾਂਦੇ ਹਨ। ਮਾਨੋ ਓਹ ਆਪ ਗੁਰੂ ਬਨੇ ਬੈਠੇ ਹਨ।

੫. ਏਹ ਸਾਹਿਬ ਨਾਮ ਜਪਨਾ ਤਾਂ ਇਕ ਪਾਸੇ ਰਿਹਾ, ਚੁਪ ਵੀ ਨਹੀਂ ਰਹਿ ਸਕਦੇ, ਸ੍ਰੀ ਹਰਿਮੰਦਰ ਦੇ ਅੰਦਰ ਮੁਕੱਦਮੇਬਾਜੀ ਧੜੇਬਾਜੀ ਅਰ ਲੜਾਈਆਂ ਦੇ ਕਿੱਸੇ ਛੇੜੀ ਰੱਖਦੇ ਹਨ ਜੋ ਨਿਹਾਇਤ ਅਯੋਗ ਹੈ।

੬. ਚੌਥੇ ਪਹਿਰ ਸ੍ਰੀ ਅਕਾਲ ਬੁੰਗੇ ਦੇ ਅੱਗੇ ਤੀਵੀਆਂ ਦਾ ਜਮਘਟ ਹੋ ਕੇ ਬੈਠਣਾ ਤੇ ਉਨ੍ਹਾਂ ਦੇ ਵਿਚ ਤੇ ਆਲੇ-ਦੁਆਲੇ ਦੇ ਲੁੱਚੇ ਮੁਸਟੰਡਿਆਂ ਦੀ ਤਾੜ ਬਾਜੀ ਕਰਦੇ ਫਿਰਨਾ ਇੱਲਤ ਤੋਂ ਖਾਲੀ ਨਹੀਂ।

੭. ਸਵੇਰ ਵੇਲੇ ਅਕਸਰ ਤ੍ਰੀਮਤਾਂ ਪੌੜਿਆਂ ਤੋਂ ਬਾਹਰ ਨ੍ਹਾਉਂਦੀਆਂ ਹਨ, ਲੁੱਚੇ ਮੁਸਟੰਡਿਆਂ ਨੂੰ ਮਖੌਲ ਦਾ ਸਮਾਂ ਮਿਲਦਾ ਹੈ ਤੇ ਸ਼ਰੀਫ਼ ਲੋਕ ਸ਼ਰਮ ਦੇ ਮਾਰੇ ਸਿਰ ਨਹੀਂ ਚੁੱਕ ਸਕਦੇ। ਇਹ ਪ੍ਰਬੰਧ ਜਰੂਰੀ ਹੋਣਾ ਚਾਹੀਏ ਕਿ ਪੌੜਿਆਂ ਤੋਂ ਬਾਹਰ ਨਾ ਨ੍ਹਾਉਣ।

ਇਸੇ ਪ੍ਰਕਾਰ ਦੀਆਂ ਹੋਰ ਭੀ ਕਈ ਖਰਾਬੀਆਂ ਹਨ ਜੋ ਮੈਂ ਸਨੇ ਸਨੇ ਅਰਜ ਕਰਦਾ ਰਹਾਂਗਾ, ਉਮੈਦ ਹੈ ਕਿ ਸਰਬਰਾਹ ਸਾਹਿਬ ਜ਼ਰੂਰ ਇਸ ਪਾਸੇ ਗਹੁ ਕਰ ਕੇ ਇਨ੍ਹਾਂ ਕੁਰੀਤੀਆਂ ਦਾ ਪ੍ਰਹਾਰ ਕਰਨਗੇ।

ਆਪਣੇ ਗੁਰਧਾਮਾਂ ਦੀ ਬੇਅਦਬੀ ਦੇਖ ਕੇ ਸਿੱਖਾਂ ਦਾ ਹਿਰਦਾ ਅਸ਼ਾਂਤ ਹੋ ਜਾਂਦਾ ਸੀ। ਉਨ੍ਹਾਂ ਦੇ ਮਨ ਦੀ ਪੀੜ੍ਹਾ ਸੁਣਨ ਵਾਲਾ ਕੋਈ ਨਹੀਂ ਸੀ। ਇਸ ਸਮੱਸਿਆ ਦਾ ਇੱਕੋ-ਇਕ ਹੱਲ ਸੀ ਕਿ ਗੁਰਧਾਮਾਂ ਦੀ ਬੇਅਦਬੀ ਰੋਕਣ ਲਈ ਲੋਕ-ਲਹਿਰ ਖੜੀ ਕੀਤੀ ਜਾਵੇ। ਆਮ ਸਿੱਖ ਜਦੋਂ ਇਕ ਵੱਡੇ ਕਾਫ਼ਲੇ ਦੇ ਰੂਪ ਵਿਚ ਸਾਹਮਣੇ ਆਉਣਗੇ ਤਾਂ ਸਰਕਾਰ ਨੂੰ ਉਨ੍ਹਾਂ ਦੀ ਗੱਲ ਸੁਣਨ ਲਈ ਮਜਬੂਰ ਹੋਣਾ ਪਵੇਗਾ। ਸਿੱਖਾਂ ਵਿਚ ਜਿਹੜੀ ਚਿੰਤਾ ਪੈਦਾ ਹੋਈ ਸੀ, ਉਸ ਦੇ ਚਿੰਤਨ ਵਿੱਚੋਂ ਜਾਗ੍ਰਿਤੀ ਪੈਦਾ ਹੋਣ ਲੱਗੀ ਸੀ। ਧਾਰਮਿਕ ਸਿਧਾਂਤ ਅਤੇ ਮਰਯਾਦਾ ਵਿਚ ਜਿਹੜੀਆਂ ਕੁਰੀਤੀਆਂ ਨਜ਼ਰ ਆਉਂਦੀਆਂ ਸਨ, ਸਿੱਖਾਂ ਨੇ ਉਨ੍ਹਾਂ ਦੇ ਵਿਰੁੱਧ ਖੁੱਲ੍ਹ ਕੇ ਬੋਲਣਾ ਅਤੇ ਲਿਖਣਾ ਅਰੰਭ ਕਰ ਦਿੱਤਾ ਸੀ। ਸਿੱਖਾਂ ਵਿਚ ਆਪਣੇ ਧਾਰਮਿਕ ਸਿਧਾਂਤਾਂ ਪ੍ਰਤੀ ਪੈਦਾ ਹੋ ਰਹੀ ਚੇਤਨਾ ਵਿੱਚੋਂ ਇਹ ਗੱਲਾਂ ਪ੍ਰਮੁੱਖ ਤੌਰ 'ਤੇ ਸਾਹਮਣੇ ਆ ਰਹੀਆਂ ਸਨ:

*ਕੇਸਾਧਾਰੀ ਕਰਦੇ ਕਾਰ ਹਿੰਦੂਆਂ ਦੀ,*

*ਤਰਫ਼ ਸਿੱਖੀ ਦੇ ਮੂਲ ਧਯਾਨ ਨਹੀਂ ਸੀ।*
*ਵਿਆਹ ਸ਼ਾਦੀਆਂ ਵਿਚ ਹੋਇ ਪੋਪ ਲੀਲ੍ਹਾ,*
*ਗੁਰਮਤ ਦਾ ਕਿਤੇ ਭੀ ਤਾਨ ਨਹੀਂ ਸੀ।*
*ਜਿਹੜੇ ਸਿੱਖ ਓਹ ਭੀ ਚੁਰੜ ਘੁੱਗ ਬਣੇ,*
*ਕਮਜ਼ੋਰੀ ਦਾ ਕੁੱਝ ਬਿਆਨ ਨਹੀਂ ਸੀ।*
*ਦੇਵੀ ਦੇਉਤਿਆਂ ਗੰਗਾ ਦੇ ਮਗਰ ਲੱਗੇ,*
*ਗੁਰਬਾਣੀ ਦੀ ਕੁੱਝ ਸਿਆਨ ਨਹੀਂ ਸੀ।*
*ਰਹਿ ਗਈ ਸੀ ਗੁਰਮੁਖੀ ਕਿਤੇ ਕਿਤੇ,*
*ਢੂੰਡੇ ਮਿਲਦੇ ਕਿਤੇ ਵਿਦਵਾਨ ਨਹੀਂ ਸੀ।*
*ਸਿਰੀਂ ਕੇਸ ਤੇ ਮੁੰਨੀਆਂ ਦਾੜ੍ਹੀਆਂ ਸਨ,*
*ਕਰਦੇ ਸ਼ਰਮ ਇਸ ਗਲੋਂ ਜਵਾਨ ਨਹੀਂ ਸੀ।*
*ਇਕ ਬਿਨਾਂ ਪ੍ਰਚਾਰ ਕਰਤਾਰ ਸਿੰਘਾ,*
*ਰਿਹਾ ਸਿੱਖੀ ਦਾ ਕੁੱਝ ਗੁਮਾਨ ਨਹੀਂ ਸੀ।*[੧੧]

ਸ਼ਰਧਾਲੂ ਸਿੱਖ ਸਮਝ ਰਹੇ ਸਨ ਕਿ ਗੁਰਦੁਆਰਾ ਪ੍ਰਬੰਧ ਵਿਚ ਜਿਹੜਾ ਨਿਘਾਰ ਦੇਖਣ ਨੂੰ ਮਿਲ ਰਿਹਾ ਹੈ, ਉਸ ਲਈ ਹਰ ਇਕ ਆਮ-ਖਾਸ ਸਿੱਖ ਜ਼ਿੰਮੇਵਾਰ ਹੈ। ਸਿੱਖ ਦਾ ਜੀਵਨ ਗੁਰੂ-ਅਨੁਸਾਰੀ ਹੋਣਾ ਚਾਹੀਦਾ ਸੀ ਪਰ ਹੁਣ ਇਹ ਆਪਣੇ ਉਦੇਸ਼ ਤੋਂ ਭਟਕ ਕੇ ਮਾਇਆਧਾਰੀ, ਖ਼ੁਸ਼ਾਮਦੀ ਅਤੇ ਅਹੁਦਿਆਂ ਦੀ ਪ੍ਰਾਪਤੀ ਵਾਲੇ ਪਾਸੇ ਲੱਗ ਗਏ ਹਨ। ਸਿੱਖੀ ਕਿਰਦਾਰ ਦਿਨੋਂ-ਦਿਨ ਮਨਫ਼ੀ ਹੁੰਦਾ ਜਾ ਰਿਹਾ ਹੈ ਅਤੇ ਇਸੇ ਕਰ ਕੇ ਸਿੱਖ ਆਪਣੇ ਧਾਰਮਿਕ ਆਦਰਸ਼ਾਂ ਤੋਂ ਦੂਰ ਜਾ ਰਹੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਬਚਨ ਪ੍ਰਤੱਖ ਰੂਪ ਵਿਚ ਸਾਡੇ ਸਾਹਮਣੇ ਆ ਗਿਆ ਹੈ – *ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥* ਪਰਮੇਸਰ ਦਾ ਭੈਅ ਅਤੇ ਭਉ ਮਨ ਵਿਚੋਂ ਮਨਫ਼ੀ ਹੋਣ ਨਾਲ "ਸਾਡੇ ਗੁਰਦੁਆਰੇ ਭ੍ਰਿਸ਼ਟ ਹੋ ਕੇ ਪਾਪੀ, ਪਾਖੰਡੀ, ਸ਼ਰਾਬੀ, ਵੇਸਵਾਗਾਮੀ, ਖੁਦਗਰਜ਼ਾਂ ਦੇ ਡੇਰੇ ਬਣ ਗਏ ਹਨ, ਹੁਣ ਥਾਂ-ਥਾਂ ਧੱਕੇ ਖਾ ਰਹੇ ਹਾਂ, ਮੁਕੱਦਮੇ ਕਰ ਰਹੇ ਹਾਂ, ਜਨੇ ਖਨੇ ਦੀਆਂ ਝਿੜਕਾਂ ਖਾ ਰਹੇ ਹਾਂ, ਰੁਪਿਆ ਕੌਮ ਕੋਲੋਂ ਮੰਗ-ਮੰਗ ਕੇ ਕਈ ਤਰ੍ਹਾਂ ਦੀਆਂ ਤਕਲੀਫ਼ਾਂ ਝੱਲ ਰਹੇ ਹਾਂ ਪਰ ਕੁਝ ਨਹੀਂ ਬਣ ਰਿਹਾ। ਕੌਮ ਦੀ ਹਾਲਤ ਦੇਖ ਕੇ ਪਛਤਾਵਿਆਂ ਨਾਲ ਦਿਨ ਬਤੀਤ ਕਰ ਰਹੇ ਹਾਂ। ਕੌਮ ਵਿਚ ਜਿਨ੍ਹਾਂ ਪਾਸ ਮਾਇਆ ਹੈ ਉਹ ਟੰਗ 'ਤੇ ਟੰਗ ਧਰ ਕੇ ਘੂਕ ਸੁਤੇ ਹੋਏ ਹਨ। ਬਾਕੀ ਪ੍ਰੇਮੀ ਜੋ ਪੰਥ ਵਿਚ ਹਨ ਉਹ ਮਾਇਆ ਤੋਂ ਬਿਨਾਂ ਗ਼ੀਬੀ ਵਿਚ ਬਿੱਟ-ਬਿੱਟ ਤਾਰੇ ਗਿਣ ਕੇ ਸਮਾਂ ਲੰਘਾ ਰਹੇ ਹਨ। ਐ ਕੌਮ! ਇਤਫਾਕ ਤੋਂ ਬਿਨਾਂ, ਪ੍ਰੇਮ ਤੋਂ ਬਿਨਾਂ, ਗੁਰੂ ਜੀ ਦੀ ਸਿਖਯਾ ਤੋਂ ਬਿਨਾਂ ਸਾਡਾ ਇਹ ਹਾਲ ਹੋ ਰਿਹਾ ਹੈ। ਕਿਥੇ ਅਸੀਂ ਗੁਰੂ ਜੀ ਦਾ ਹੁਕਮ ਮੰਨਦੇ ਸਾਂ ਤਾਂ ਮੁਲਕ ਦੇ ਬਾਦਸ਼ਾਹ ਸਾਂ!"[੧੨]

ਸਿੱਖ ਅਜਿਹੇ ਦੌਰ ਵਿਚ ਪੁੱਜ ਗਏ ਸਨ ਜਦੋਂ ਊਚ-ਨੀਚ ਅਤੇ ਭੇਦਭਾਵ ਦੀ

ਨੀਤੀ ਇਨ੍ਹਾਂ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਤਕ ਪੁੱਜ ਗਈ ਸੀ। ਗੁਰਮਤਿ ਸਿਧਾਂਤ ਵਿਚ ਜਾਤ-ਪਾਤ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਸੀ ਅਤੇ ਗੁਰੂ ਸਾਹਿਬਾਨ ਨੇ ਚਾਰ ਵਰਣਾਂ ਨੂੰ ਇਕ ਕਰ ਕੇ ਆਦਰਸ਼ ਮਨੁੱਖ ਦੀ ਸਥਾਪਨਾ ਕੀਤੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਖਾਲਸਾ ਪੰਥ ਦੀ ਸਥਾਪਨਾ ਕਰ ਕੇ ਪਿਛਲੇ ਸਾਰੇ ਕਰਮ ਅਤੇ ਧਰਮ ਖ਼ਤਮ ਕਰ ਦਿੱਤੇ ਸਨ। ਖਾਲਸਾ ਜਥੇਬੰਦੀ ਦਾ ਅੰਗ ਬਣਨ ਵਾਲਾ ਹਰ ਇਕ ਗੁਰਸਿੱਖ ਹਰ ਤਰ੍ਹਾਂ ਨਾਲ ਬਰਾਬਰ ਸਮਝਿਆ ਜਾਂਦਾ ਸੀ। ਸਰਬਰਾਹੀ ਪ੍ਰਬੰਧ ਸਮੇਂ ਹਾਲਾਤ ਇਹ ਬਣ ਚੁੱਕੇ ਸਨ ਕਿ ਅਖੌਤੀ ਨੀਵੀਆਂ ਜਾਤਾਂ ਵਿੱਚੋਂ ਸਿੰਘ ਸਜਣ ਵਾਲਿਆਂ ਦਾ ਨਾ ਤਾਂ ਕੜਾਹ ਪ੍ਰਸ਼ਾਦ ਹੀ ਸਵੀਕਾਰ ਕੀਤਾ ਜਾਂਦਾ ਸੀ ਅਤੇ ਨਾ ਹੀ ਉਨ੍ਹਾਂ ਦੀ ਅਰਦਾਸ ਕੀਤੀ ਜਾਂਦੀ ਸੀ। ਸਿੱਖ ਧਰਮ ਦੇ ਕੇਂਦਰੀ ਅਸਥਾਨ 'ਤੇ ਅਜਿਹੀ ਸਥਿਤੀ ਪੈਦਾ ਹੋਣੀ ਚਿੰਤਾ ਦੀ ਗੱਲ ਸੀ। ਗੁਰਮਤਿ ਸਿਧਾਂਤਾਂ ਦੇ ਉਲਟ ਦਿਖਾਈ ਦੇ ਰਹੇ ਇਸ ਵਿਹਾਰ ਦਾ ਪ੍ਰਮੁੱਖ ਕਾਰਨ ਇਹ ਮੰਨਿਆ ਜਾ ਰਿਹਾ ਸੀ ਕਿ, "ਸਿੱਖੀ ਪਰ ਹਿੰਦੂ ਮਤ ਦਾ ਝਲਕਾਰਾ ਹੋਣ ਕਰ ਕੇ ਅਮਲੀ ਤੌਰ 'ਤੇ ਛੂਤ ਛਾਤ ਹਿੰਦੂਆਂ ਜਿਹੀ ਹੀ ਸੀ। ਇਸ ਕਰ ਕੇ ਪਿੱਛੇ ਰਹੀਆਂ ਸ਼੍ਰੇਣੀਆਂ ਦੇ ਅਖੌਤੀ ਸਿੰਘਾਂ ਨਾਲ ਸਿੱਖ ਗੁਰਦੁਆਰਿਆਂ ਵਿਚ ਅਛੂਤਾਂ ਜਿਹਾ ਹੀ ਸਲੂਕ ਹੁੰਦਾ ਸੀ। ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਇਨ੍ਹਾਂ ਪਰ ਪਾਬੰਦੀ ਲਾਈ ਹੋਈ ਸੀ। ਪਿੱਛੇ ਰਹੀਆਂ ਸਿੱਖ ਸ਼੍ਰੇਣੀਆਂ ਦੇ ਅਖੌਤੀ ਅਛੂਤ ਕੇਵਲ ਦਸ ਵਜੇ ਤੋਂ ਚਾਰ ਵਜੇ ਸ਼ਾਮ ਤਕ ਹੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜਾ ਸਕਦੇ ਹਨ, ਅੱਗੋਂ ਪਿੱਛੋਂ ਨਹੀਂ।"[੧੩]

ਸਿੱਖ ਧਰਮ ਵਿਚ ਦੋ ਸ਼੍ਰੇਣੀਆਂ ਹੀ ਸਾਹਮਣੇ ਆਉਂਦੀਆਂ ਹਨ - ਗੁਰਮੁਖ ਅਤੇ ਮਨਮੁਖ। ਗੁਰਮੁਖਾਂ ਦਾ ਸਮਾਜਿਕ, ਧਾਰਮਿਕ, ਰਾਜਨੀਤਿਕ ਜਾਂ ਆਰਥਿਕ ਰੁਤਬਾ ਕੋਈ ਵੀ ਹੋਵੇ, ਹਮੇਸ਼ਾਂ ਸਤਿਕਾਰ ਦਾ ਪਾਤਰ ਬਣਦੇ ਹਨ। ਇਨ੍ਹਾਂ ਦੀ ਸ਼ਰਧਾ-ਭਾਵਨਾ ਅਤੇ ਜੀਵਨ-ਜਾਚ ਸਿੱਖੀ ਆਦਰਸ਼ ਸਥਾਪਿਤ ਕਰਨ ਵੱਲ ਕੇਂਦਰਿਤ ਹੁੰਦੀ ਹੈ। ਇਸੇ ਦ੍ਰਿਸ਼ਟੀ ਤੋਂ ਦੇਖਿਆਂ ਪਤਾ ਲੱਗਦਾ ਹੈ ਕਿ ਵੀਹਵੀਂ ਸਦੀ ਦੇ ਅਰੰਭ ਵਿਚ ਸ਼ਰਧਾਲੂ ਸਿੱਖ ਮਾਇਕ ਪੱਖੋਂ ਭਾਵੇਂ ਬਹੁਤੇ ਅਮੀਰ ਨਹੀਂ ਸਨ ਪਰ ਉਨ੍ਹਾਂ ਦੇ ਮਨ ਵਿਚ ਆਪਣੇ ਧਰਮ ਦੇ ਆਦਰਸ਼ ਕਾਇਮ ਸਨ। ਇਸੇ ਕਰਕੇ ਜਦੋਂ ਉਹ ਧਰਮ ਦੇ ਆਦਰਸ਼ਾਂ ਵਿਚ ਗਿਰਾਵਟ ਦੇਖ ਰਹੇ ਸਨ ਤਾਂ ਮਨ ਵਿਚ ਚਿੰਤਾ ਪ੍ਰਗਟ ਕਰ ਰਹੇ ਸਨ। ਦੂਜੇ ਪਾਸੇ ਉਹ ਇਨ੍ਹਾਂ ਆਦਰਸ਼ਾਂ ਦੀ ਪੁਨਰ-ਸਥਾਪਤੀ ਲਈ ਪੂਰਨ ਤੌਰ 'ਤੇ ਯਤਨਸ਼ੀਲ ਸਨ। ਹਰ ਪ੍ਰਤਿਕੂਲ ਪ੍ਰਸਥਿਤੀ ਦੇ ਬਾਵਜੂਦ ਵੀ ਉਨ੍ਹਾਂ ਦੀ ਇਹ ਇੱਛਾ ਸੀ ਕਿ ਗੁਰਧਾਮਾਂ ਦਾ ਪ੍ਰਬੰਧ ਸੁਚਾਰੂ ਰੂਪ ਵਿਚ ਕਾਰਜ ਕਰਨ ਲੱਗ ਪਵੇ ਤਾਂ ਨੌਜਵਾਨ ਇਸ ਤੋਂ ਸੇਧ ਪ੍ਰਾਪਤ ਕਰ ਕੇ ਮੁੜ ਰਵਾਇਤੀ ਪਰੰਪਰਾਵਾਂ ਵੱਲ ਮੁੜ ਆਉਣਗੇ। ਜਿਹੜੇ ਆਦਰਸ਼ਾਂ ਦੇ ਬਲ 'ਤੇ ਸਿੱਖ ਮਾਣ ਮਹਿਸੂਸ ਕਰਦੇ ਹਨ, ਉਨ੍ਹਾਂ ਦੀ ਸਹੀ ਦਿਸ਼ਾ ਗੁਰਧਾਮਾਂ ਦੇ ਪ੍ਰਬੰਧ ਵਿਚ ਆ ਰਹੀ ਗਿਰਾਵਟ ਨੂੰ ਦੂਰ ਕਰਨ ਨਾਲ

ਕਾਇਮ ਹੋ ਜਾਵੇਗੀ। ਸਿੱਖਾਂ ਨੂੰ ਗੁਰੂ ਨੇ ਹਰ ਹਾਲ ਚੜ੍ਹਦੀ ਕਲਾ ਵਿਚ ਰਹਿਣ ਦਾ ਗੁਣ ਬਖ਼ਸ਼ਿਸ਼ ਕੀਤਾ ਹੈ ਅਤੇ ਅਜਿਹੇ ਸਮੇਂ ਵੀ ਇਕ ਆਸ ਦੀ ਕਿਰਨ ਉਨ੍ਹਾਂ ਦੇ ਮਨ ਵਿਚ ਕਾਇਮ ਰਹੀ ਕਿ ਜੇਕਰ ਸਿੱਖ ਗੁਰੂ ਵਾਲੇ ਬਣਨ ਤਾਂ ਗੁਰਧਾਮਾਂ ਦਾ ਪ੍ਰਬੰਧ ਸਹੀ ਕਰਨ ਵਿਚ ਕੋਈ ਵਿਸ਼ੇਸ਼ ਸਮੱਸਿਆ ਨਹੀਂ ਆ ਸਕਦੀ। ਸ਼ਰਧਾਲੂ ਸਿੱਖਾਂ ਦੇ ਮਨ ਵਿਚ ਇਸ ਵਾਕ ਨੇ ਸਕਾਰਾਤਮਕ ਭਾਵਨਾ ਪੈਦਾ ਕਰਨ ਦਾ ਕਾਰਜ ਕੀਤਾ:

*ਪ੍ਰੇਮੀ ਨੇਮੀ ਬਣ ਕੇ ਦੇਵੋ ਪੰਥ ਸੁਧਾਰ।*
*ਤੇਜ ਪ੍ਰਤਾਪ ਮਿਲੇਗਾ ਸਿਫ਼ਤ ਕਰੇ ਸੰਸਾਰ।*

ਸਿੱਖੀ ਪ੍ਰਤੀ ਸ਼ਰਧਾ ਅਤੇ ਗੁਰਧਾਮਾਂ ਪ੍ਰਤੀ ਚੇਤਨਾ ਰੱਖਣ ਵਾਲੇ ਸ਼ਰਧਾਲੂਆਂ ਵਿੱਚੋਂ ਸਿੰਘ ਸਭਾ ਨੇ ਜਨਮ ਲਿਆ। ਹੌਲੀ-ਹੌਲੀ ਇਨ੍ਹਾਂ ਦਾ ਆਧਾਰ ਵੱਧਣਾ ਸ਼ੁਰੂ ਹੋਇਆ ਤਾਂ ਪੰਥ ਪ੍ਰਤੀ ਹਮਦਰਦੀ ਰੱਖਣ ਵਾਲਿਆਂ ਦੀ ਗਿਣਤੀ ਵਧਣੀ ਸ਼ੁਰੂ ਹੋਈ। ਗੁਰਧਾਮਾਂ ਦੇ ਪ੍ਰਬੰਧ ਅਤੇ ਸਿੱਖੀ ਵਿਚ ਆਈ ਗਿਰਾਵਟ ਨੂੰ ਦੂਰ ਕਰਨ ਲਈ ਇਨ੍ਹਾਂ ਨੇ ਪੁਰਜ਼ੋਰ ਤਰੀਕੇ ਨਾਲ ਸਿੱਖੀ-ਪ੍ਰਚਾਰ ਦੀ ਲਹਿਰ ਚਲਾਈ। ਇਨ੍ਹਾਂ ਦੇ ਹਰ ਦੀਵਾਨ ਵਿਚ ਜਿਹੜੇ ਮਤੇ ਪਾਸ ਕੀਤੇ ਜਾਣ ਲੱਗੇ ਉਨ੍ਹਾਂ ਦੀ ਸੁਰ ਦਿਨੋਂ-ਦਿਨ ਤਿੱਖੀ ਹੋਣ ਲੱਗੀ। ਇਨ੍ਹਾਂ ਦੇ ਸਮੂਹ ਮਤਿਆਂ ਵਿਚ ਸਭ ਤੋਂ ਪਹਿਲੀ ਮੰਗ ਇਹ ਹੁੰਦੀ ਕਿ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅਤੇ ਹੋਰਨਾਂ ਇਤਿਹਾਸਿਕ ਗੁਰਧਾਮਾਂ ਦਾ ਪ੍ਰਬੰਧ ਸਰਬਰਾਹਾਂ ਅਤੇ ਮਹੰਤਾਂ ਹੱਥੋਂ ਲੈ ਕੇ ਕੌਮ ਨੂੰ ਦਿੱਤਾ ਜਾਵੇ।

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਅਤੇ ਹੋਰਨਾਂ ਪ੍ਰਬੰਧਕਾਂ 'ਤੇ ਸਿੰਘ ਸਭਾ ਦੇ ਵੱਧਦੇ ਪ੍ਰਭਾਵ ਦਾ ਅਸਰ ਹੋਣ ਲੱਗਿਆ। ਸਿੱਖਾਂ ਵਿਚ ਆਪਣੇ ਧਰਮ ਅਤੇ ਧਰਮ-ਅਸਥਾਨਾਂ ਪ੍ਰਤੀ ਵੱਧਦੀ ਚੇਤਨਾ ਨੇ ਪ੍ਰਬੰਧਕਾਂ ਦੇ ਹੌਂਸਲੇ ਨੂੰ ਭਾਰੀ ਢਾਹ ਲਾਈ ਸੀ। ਇਸ ਘਟਨਾਕ੍ਰਮ ਵਿਚ ਸਭ ਤੋਂ ਪ੍ਰਮੁੱਖ ਭੂਮਿਕਾ ਜਲਿਆਂਵਾਲਾ ਬਾਗ਼ ਵਿਚ ਸਜੇ ਦੀਵਾਨ ਨੇ ਨਿਭਾਈ। ੧੦-੧੧-੧੨ ਅਕਤੂਬਰ, ੧੯੨੦ ਨੂੰ ਜਲਿਆਂਵਾਲਾ ਬਾਗ਼ ਵਿਖੇ ਇਕ ਦੀਵਾਨ ਸਜਾ ਕੇ ਅਸਲੀ ਅਕਾਲੀ ਧਰਮ ਦੇ ਗੁਣਾਂ ਨੂੰ ਪ੍ਰਗਟ ਕੀਤਾ ਗਿਆ। ੧੧ ਤਾਰੀਖ਼ ਨੂੰ ਨੀਵੀਆਂ ਸਮਝੀਆਂ ਜਾਂਦੀਆਂ ਜਾਤਾਂ ਵਾਲਿਆਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਵਿਚ ਸ਼ਾਮਲ ਕੀਤਾ ਗਿਆ। ਅੰਮ੍ਰਿਤ ਛਕਣ ਵਾਲੇ ਸਮੂਹ ਸਿੰਘਾਂ ਦਾ ਜਥਾ ਅਗਲੇ ਦਿਨ ਕੜਾਹ ਪ੍ਰਸ਼ਾਦ ਲੈ ਕੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਗਿਆ। ਭਾਈ ਕਰਤਾਰ ਸਿੰਘ ਝੱਬਰ, ਭਾਈ ਤੇਜਾ ਸਿੰਘ ਚੂਹੜਕਾਣਾ, ਭਾਈ ਤੇਜਾ ਸਿੰਘ ਅਕਾਲੀ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਕੁਝ ਪ੍ਰੋਫ਼ੈਸਰ ਅਤੇ ਵਿਦਿਆਰਥੀ ਇਨ੍ਹਾਂ ਦੇ ਨਾਲ ਸਨ। ਪਹਿਲਾਂ ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦਾ ਗ੍ਰੰਥੀ ਭਾਈ ਗੁਰਬਚਨ ਸਿੰਘ ਮਹਾਰਾਜ ਦੀ ਤਾਬਿਆ ਮੌਜੂਦ ਸੀ ਜਿਸ ਨੇ ਅਰਦਾਸ ਕਰ ਕੇ ਵਾਕ ਲਿਆ ਜਿਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਇਹ ਸ਼ਬਦ ਪ੍ਰਗਟ ਹੋਇਆ:

*ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥*

*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥੧॥*
*ਹਰਿ ਜੀਉ ਆਪੇ ਬਖਸਿ ਮਿਲਾਇ॥*
*ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ॥ਰਹਾਉ॥*
*ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥*
*ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥੨॥*
*ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥*
*ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥੩॥*
*ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ॥*
*ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ॥੪॥*
*ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥*
*ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ॥੫॥*
*ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ॥*
*ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥੬॥*
*ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ॥*
*ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ॥੭॥*
*ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ॥*
*ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ॥੮॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੬)*

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਇਹ ਸ਼ਬਦ ਪਰਮਾਤਮਾ ਦੇ ਸਨਮੁਖ ਮਨੁੱਖੀ ਜੀਵਾਂ ਵਿਚ ਬਰਾਬਰੀ ਦੀ ਭਾਵਨਾ ਪੈਦਾ ਕਰਦਾ ਹੈ। ਸਮਾਜ ਵਿਚ ਅਖੌਤੀ ਨੀਚ ਸਮਝੇ ਜਾਂਦੇ ਮਨੁੱਖਾਂ ਨੂੰ ਵੀ ਪਰਮਾਤਮਾ ਉੱਚਾ ਕਰ ਕੇ ਆਪਣੇ ਨਾਲ ਮਿਲਾ ਲੈਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਰੋਕਤ ਵਾਕ ਸੰਗਤ ਵਿਚ ਪ੍ਰਗਟ ਹੋਇਆ ਤਾਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਜੀ ਦੇ ਪੁਜਾਰੀਆਂ ਨੇ ਅਖੌਤੀ ਅਛੂਤਾਂ ਦੀ ਅਰਦਾਸ ਕੀਤੀ ਅਤੇ ਉਨ੍ਹਾਂ ਦੁਆਰਾ ਲਿਆਂਦੀ ਗਈ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ। ਇੱਥੋਂ ਇਹ ਸਮੂਹ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪ੍ਰਸ਼ਾਦ ਲੈ ਕੇ ਪੁੱਜੇ ਤਾਂ ਪਤਾ ਲੱਗਿਆ ਕਿ ਪੁਜਾਰੀ ਸੇਵਾ ਛੱਡ ਕੇ ਚਲੇ ਗਏ ਹਨ। ਸੰਗਤ ਦੇ ਮਨ ਵਿਚ ਇਸ ਗੱਲ ਦਾ ਰੋਸ ਪੈਦਾ ਹੋ ਗਿਆ ਪਰ ਸੰਜਮ ਤੋਂ ਕੰਮ ਲੈਂਦੇ ਹੋਏ ਉਨ੍ਹਾਂ ਨੇ ਸਮੁੱਚੀ ਸਥਿਤੀ ਨੂੰ ਬਹੁਤ ਹੀ ਸੂਝਬੂਝ ਨਾਲ ਸੰਭਾਲ ਲਿਆ। ਸੇਵਾ ਕਰਨ ਦਾ ਵੇਲਾ ਸਿੰਘਾਂ ਹੱਥ ਆ ਗਿਆ। ਸਰਦਾਰ ਤੇਜਾ ਸਿੰਘ ਭੁੱਚਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਗਿਆ ਅਤੇ ਇੱਥੋਂ ਦੀ ਸੇਵਾ-ਸੰਭਾਲ ਲਈ ੨੫ ਮੈਂਬਰੀ ਆਰਜ਼ੀ ਕਮੇਟੀ ਦਾ ਗਠਨ ਕੀਤਾ ਗਿਆ। ਗੁਰਧਾਮਾਂ ਦੇ ਪ੍ਰਬੰਧ ਲਈ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਅਗਲੇ ਦਿਨ ਇਕ ਨੌਂ ਮੈਂਬਰੀ ਕਮੇਟੀ

ਦਾ ਗਠਨ ਕਰ ਦਿੱਤਾ, ਸਰਦਾਰ ਤੇਜਾ ਸਿੰਘ ਭੁੱਚਰ ਇਸ ਦੇ ਵੀ ਮੈਂਬਰ ਸਨ। ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਖ਼ਾਲਸਾ ਪੰਥ ਦੇ ਹੱਥਾਂ ਵਿਚ ਆ ਗਿਆ। ਇਸ ਪ੍ਰਬੰਧ ਨੂੰ ਪੱਕੇ ਪੈਰੀਂ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ੧੫ ਨਵੰਬਰ, ੧੯੨੦ ਈ. ਨੂੰ ਇਕ ਮੀਟਿੰਗ ਸੱਦੀ ਜਿਸ ਵਿਚ ਪੰਥ ਦੀਆਂ ਸਮੂਹ ਜਥੇਬੰਦੀਆਂ, ਸੰਸਥਾਵਾਂ ਅਤੇ ਦੀਵਾਨਾਂ ਨੂੰ ਸੱਦਾ ਭੇਜਿਆ ਗਿਆ। ਇਸ ਦਿਨ ਹੋਏ ਇਕੱਠ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ ਗਈ, ਮੌਜੂਦਾ ਸਮੇਂ ਵਿਚ ਜਿਹੜੀ ਇਤਿਹਾਸਿਕ ਗੁਰਧਾਮਾਂ ਦਾ ਪ੍ਰਬੰਧ ਕਰ ਰਹੀ ਹੈ।

**ਹਵਾਲੇ :**


੮. ਗਿਆਨੀ ਕਿਰਪਾਲ ਸਿੰਘ, *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,* ਪੰਨਾ ੩੪੫.

੯. ਉਹੀ, ਪੰਨਾ ੩੪੭.

੧੦. *ਖਾਲਸਾ ਸਮਾਚਾਰ,* ੨੦.੦੮.੧੯੦੨, ਪੰਨਾ ੬.

੧੧. ਕਰਤਾਰ ਸਿੰਘ ਕਲਾਸਵਾਲੀਆ, *ਸੁਧਾਰ ਖਾਲਸਾ,* ਪੰਨਾ ੩੩.

੧੨. *ਪੰਥ ਸੇਵਕ,* ੧੭.੦੯.੧੯੧੯, ਪੰਨਾ ੨.


੧੩. ਦਿਲਜੀਤ ਸਿੰਘ ਬੀ.ਏ., *ਸਿੰਘ ਸਭਾ ਦੇ ਮੋਢੀ ਅਰਥਾਤ ਜੀਵਨ ਬ੍ਰਿਤਾਂਤ ਗਿਆਨੀ ਦਿਤ ਸਿੰਘ ਜੀ,* ਪੰਨਾ ੮੪.


## *ਵੱਡਾ ਘਲੂੱਘਾਰਾ*

*ਸਫ਼ਾ ੭੪ ਦਾ ਬਾਕੀ . . .*

ਅੰਤ ਉਹ ਸਿੱਖਾਂ ਦੇ ਹੌਸਲੇ ਤੋਂ ਭੈਅਭੀਤ ਹੋ ਕੇ ਰਾਤ ਦੇ ਹਨ੍ਹੇਰੇ ਤੋਂ ਲਾਭ ਉਠਾਉਂਦਾ ਹੋਇਆ ਪਹਿਲਾਂ ਲਾਹੌਰ ਅਤੇ ਫਿਰ ਅਫਗਾਨਿਸਤਾਨ ਪਹੁੰਚ ਗਿਆ। ਵੱਡੇ ਘਲੂਘਾਰੇ 'ਚ ਸਿੱਖ ਕੌਮ ਦਾ ਇੰਨਾ ਵੱਡਾ ਜਾਨੀ ਨੁਕਸਾਨ ਹੋਣ ਦੇ ਬਾਵਜੂਦ ਸਿੱਖ ਪੰਥ ਨੇ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਂਡ ਹੇਠ ਜਿਸ ਤਰ੍ਹਾਂ ਸੂਰਬੀਰਤਾ ਦੇ ਜੌਹਰ ਵਿਖਾਏ, ਉਨ੍ਹਾਂ ਨੂੰ ਪੜ੍ਹ-ਸੁਣ ਕੇ ਵੱਡੇ-ਵੱਡੇ ਇਤਿਹਾਸਕਾਰ, ਯੋਧੇ ਜਰਨੈਲ ਸੁੰਨ ਹੋ ਜਾਂਦੇ ਹਨ, ਜੋ ਕਿ ਇਹ ਘਟਨਾ ਆਪਣੇ ਆਪ ਵਿਚ ਅੱਜ ਤਕ ਅਸਚਰਜਨਕ ਤੇ ਨਿਆਰੀ ਇਤਿਹਾਸਿਕ ਘਟਨਾ ਹੈ। ਇਹ ਘਟਨਾ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਦੀ ਹੈ। ਇਸ ਤੋਂ ਬਾਅਦ ਥੋੜੇ ਸਮੇਂ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਂਡ ਵਿਚ ਸਿੱਖਾਂ ਨੇ ਮੁੜ ਸਰਹੰਦ 'ਤੇ ਕਬਜ਼ਾ ਕਰ ਕੇ, ਲਾਹੌਰ ਫਤਿਹ ਕਰ ਕੇ ਉੱਥੇ ਸਿੱਖ ਪੰਥ ਦਾ ਕੇਸਰੀ ਨਿਸ਼ਾਨ ਲਹਿਰਾਇਆ ਤੇ ਇਸ ਦੇਸ਼ ਕੌਮ ਨੂੰ ਭਾਰਤ ਪੰਜਾਬ ਨੂੰ ਮੁਗ਼ਲਾਂ ਪਾਸੋਂ ਅਜ਼ਾਦ ਕਰਵਾਉਣ ਲਈ ਸਿੱਖ ਰਾਜ ਦੀ ਸਥਾਪਨਾ ਲਈ ਰਾਹ ਬਣਾਇਆ। ■

# ਪੁਸਤਕ ਰੀਵਿਊ




ਪੁਸਤਕ : ਸਿੱਖਜ਼ ਐਂਡ ਸਿੱਖਇਜ਼ਮ (ਅੰਗਰੇਜ਼ੀ)
ਲੇਖਕ : ਭਾਈ ਸਾਹਿਬ ਸਿਰਦਾਰ ਕਪੂਰ ਸਿੰਘ
ਪ੍ਰਕਾਸ਼ਕ : ਧਰਮ ਪ੍ਰਚਾਰ ਕਮੇਟੀ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ
ਐਡੀਸ਼ਨ : ਨਵੰਬਰ ੨੦੨੦
ਪੰਨੇ : ੧੩੬
ਭੇਟਾ : ਭੇਟਾ-ਰਹਿਤ

ਸਿਰਦਾਰ ਕਪੂਰ ਸਿੰਘ ਰੋਸ਼ਨ-ਦਿਮਾਗ, ਦੂਰ-ਅੰਦੇਸ਼ ਸਿੱਖ ਲੀਡਰ, ਸੁਘੜ ਪ੍ਰਬੰਧਕ, ਵਿਸ਼ਵ ਫ਼ਲਸਫ਼ੇ ਦੇ ਗਿਆਤਾ ਅਤੇ ਕੌਮ ਦੇ ਹੀਰੇ ਸਨ। ਪੰਥ ਨੂੰ ਸਿਰਦਾਰ ਸਾਹਿਬ ਉੱਪਰ ਹਮੇਸ਼ਾਂ ਮਾਣ ਰਹੇਗਾ ਅਤੇ ਕੌਮੀ ਉੱਨਤੀ ਲਈ ਅਜਿਹੇ ਕਿਰਦਾਰ ਦੀ ਲੋੜ ਮਹਿਸੂਸ ਹੁੰਦੀ ਰਹੇਗੀ।

ਸਿਰਦਾਰ ਸਾਹਿਬ ਨੇ ਵਿਸ਼ਵ ਸੱਭਿਅਤਾ ਦੇ ਫ਼ਲਸਫ਼ਿਆਂ ਨੂੰ ਗਹਿਰਾਈ ਨਾਲ ਵਾਚਿਆ ਅਤੇ ਬਹੁਤ ਉੱਚ ਪਾਏ ਦੀਆਂ ਰਚਨਾਵਾਂ ਰਚ ਕੇ ਸਿੱਖ ਸਾਹਿਤ ਨੂੰ ਅਮੀਰ ਬਣਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹਮੇਸ਼ਾਂ ਹੀ ਵਿਦਵਾਨਾਂ ਦੀ ਕਦਰਦਾਨ ਰਹੀ ਹੈ। ਸੰਸਥਾ ਦੁਆਰਾ ਲੰਮੇ ਅਰਸੇ ਤੋਂ ਸਿਰਦਾਰ ਕਪੂਰ ਸਿੰਘ ਜੀ ਦੀਆਂ ਕਿਤਾਬਾਂ ਅਤੇ ਭੇਟਾ-ਰਹਿਤ ਕਿਤਾਬਚੇ ਨਿਰੰਤਰ ਪ੍ਰਕਾਸ਼ਿਤ ਕੀਤੇ ਜਾਂਦੇ ਰਹੇ ਹਨ। ਵਿਚਾਰਅਧੀਨ ਪੁਸਤਕ ਵਿਚ ਸਮੇਂ-ਸਮੇਂ 'ਤੇ ਅੰਗਰੇਜ਼ੀ ਭਾਸ਼ਾ ਵਿਚ ਪ੍ਰਕਾਸ਼ਿਤ ਕੀਤੇ ਜਾਂਦੇ ਰਹੇ ਸਿਰਦਾਰ ਸਾਹਿਬ ਦੇ ਨੌਂ ਕਿਤਾਬਚਿਆਂ ਨੂੰ ਇੱਕੋ ਜਿਲਦ ਵਿਚ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਹ ਨੌਂ ਕਿਤਾਬਚੇ ਹਨ : A Note on the jap (u), An Incomparable Prophet Guru Amar Dass (1479-1574), The Golden Temple: Its Theo-Political Status, Sikhs and Sikhism, Sikhism and Politics, Sikhism and the World Society, Raj Karega Khalsa, The Essentials of Sikhism, Glossary of Terms Commonly Used in Sikh Writing. ਇਸ ਵਿਚ ਵਿਸ਼ਵੀਕਰਨ (Globlization) ਦੇ ਵੱਡੇ ਪਾਸਾਰ ਵਿਚ ਸਿੱਖ ਦਰਸ਼ਨ ਦੀ ਸਰਬੋਤਮਤਾ (Supermacy) ਅਤੇ ਵਿਲੱਖਣਤਾ ਵਿਚ ਵਿਚਰਨ ਵਾਲੀ ਸਿੱਖ ਰਾਜਨੀਤੀ ਦੀਆਂ ਦੈਵੀ ਪਰਤਾਂ ਨੂੰ ਅਭਿਵਿਅਕਤ ਕੀਤਾ ਗਿਆ ਹੈ। ਅੰਤਰਰਾਸ਼ਟਰੀ ਪੱਧਰ 'ਤੇ ਸਿੱਖ ਧਰਮ (Sikhism) ਦੀ ਸੂਝ ਲਈ ਇਹ ਪੁਸਤਕ ਕੁੱਜੇ ਵਿਚ ਸਮੁੰਦਰ ਨੂੰ ਸਮਾਉਣ ਦੀ ਨਿਆਈਂ ਬੇਹੱਦ ਕਾਰਗਰ ਸਿੱਧ ਹੋਵੇਗੀ। ਆਸ ਹੈ ਕਿ ਪਾਠਕ ਇਸ ਪੁਸਤਕ ਤੋਂ ਭਰਪੂਰ ਲਾਹਾ ਲੈਣਗੇ।

*-ਸਤਵਿੰਦਰ ਸਿੰਘ ਫੂਲਪੁਰ*
*ਮੋ. +੯੧੯੯੧੪੪-੧੯੪੯੪*

ਕਵਿਤਾ

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

-ਡਾ. ਹਰੀ ਸਿੰਘ ਜਾਚਕ*

*ਕੀਰਤਪੁਰ ਦੀ ਧਰਤੀ ਨੂੰ ਭਾਗ ਲੱਗੇ, ਹਰਿਰਾਇ* ਦਾ ਹੋਇਆ ਪ੍ਰਕਾਸ਼ ਹੈਸੀ।*
*ਨੂਰੀ ਮੁਖੜਾ ਤੱਕ ਕੇ ਸੰਗਤ ਨੂੰ, ਧੁਰ ਅੰਦਰੋਂ ਚੜ੍ਹਿਆ ਹੁਲਾਸ ਹੈਸੀ।*
*ਖੁਸ਼ੀਆਂ ਖੇੜੇ ਲੈ ਏਥੋਂ ਸੀ ਵਿਦਾ ਹੋਇਆ, ਜਿਹੜਾ ਜਿਹੜਾ ਵੀ ਆਇਆ ਉਦਾਸ ਹੈਸੀ।*
*ਸ਼ਸਤਰ-ਵਿੱਦਿਆ ਨਾਲ ਹੀ ਬਾਲਕੇ ਨੇ, ਘੋੜ-ਸਵਾਰੀ ਦਾ ਕੀਤਾ ਅਭਿਆਸ ਹੈਸੀ।*
*ਕਲੀਆਂਦਾਰ ਚੋਲਾ ਇਕ ਦਿਨ ਪਹਿਨ ਕੇ ਤੇ, ਟਹਿਲ ਰਹੇ ਹਰਿਰਾਇ ਸੀ ਬਾਗ ਅੰਦਰ।*
*ਫੁੱਲ ਟਹਿਣੀਓਂ ਟੁੱਟੇ ਜਦ ਨਾਲ ਅੜ ਕੇ, ਕੋਮਲ ਹਿਰਦਾ ਸੀ ਆਇਆ ਵੈਰਾਗ ਅੰਦਰ।*
*ਕਿਹਾ ਗੁਰਾਂ ਜਦ, ਦਾਮਨ ਸੰਕੋਚ ਚੱਲੋ, ਲੱਗ ਗਈ ਸੀ ਓਨ੍ਹਾਂ ਦੇ ਜਾਗ ਅੰਦਰ।*
*ਸਾਰੀ ਉਮਰ ਜੋ ਰੋਸ਼ਨੀ ਰਿਹਾ ਵੰਡਦਾ, ਜਗਮਗ ਜਗ ਪਿਆ ਕੋਈ ਚਿਰਾਗ ਅੰਦਰ।*
*੧੪ ਸਾਲ ਦੀ ਉਮਰ ਸੀ ਜਦੋਂ ਹੋਈ, ਛੇਵੇਂ ਪਾਤਸ਼ਾਹ ਹੱਥੀਂ ਗੁਰਿਆਈ ਬਖਸ਼ੀ।*
*ਯੋਗ ਜਾਣ ਕੇ ਆਪਣੇ ਪੋਤਰੇ ਨੂੰ, ਸਭ ਤੋਂ ਵੱਡੀ ਸੀ ਗੁਰਾਂ ਵਡਿਆਈ ਬਖਸ਼ੀ।*
*ਦੂਰ ਕਰਨ ਲਈ ਝੂਠ ਦੀ ਧੁੰਧ ਤਾਂਈਂ, ਨਾਨਕ ਜੋਤ ਦੀ ਪਾਵਨ ਰੁਸ਼ਨਾਈ ਬਖਸ਼ੀ।*
*ਆਪਣੇ ਸਮੇਂ 'ਚ ਗੁਰਾਂ ਨੇ ਹਰ ਪੱਖੋਂ, ਸਿੱਖ ਕੌਮ ਨੂੰ ਸੋਹਣੀ ਅਗਵਾਈ ਬਖਸ਼ੀ।*
*ਕੋਮਲ ਹਿਰਦਾ ਸੀ ਜਿਨ੍ਹਾਂ ਦਾ ਵਾਂਗ ਫੁੱਲਾਂ, ਵੰਡੀ ਵਿਚ ਸੰਸਾਰ ਸੁਗੰਧ ਓਨ੍ਹਾਂ।*
*ਰੱਬੀ ਪ੍ਰੇਮ ਦੀ ਤਾਰ ਨਾਲ ਬੰਨ੍ਹ ਸਭ ਨੂੰ, ਜੋੜ ਦਿੱਤੇ ਸੀ ਟੁੱਟੇ ਸਬੰਧ ਓਨ੍ਹਾਂ।*
*ਕਾਲ ਪਿਆ ਜਦ ਪੂਰੇ ਪੰਜਾਬ ਅੰਦਰ, ਲੇਖੇ ਲਾਇਆ ਸੀ ਸਾਰਾ ਦਸਵੰਧ ਓਨ੍ਹਾਂ।*
*ਲੋੜਵੰਦਾਂ ਦੀ ਲੋੜ ਨੂੰ ਮੁੱਖ ਰੱਖ ਕੇ, ਲੰਗਰ ਬਸਤਰ ਦਾ ਕੀਤਾ ਪ੍ਰਬੰਧ ਓਨ੍ਹਾਂ।*
*ਦੂਰ-ਦੂਰ ਤਕ ਸਿੱਖੀ ਪ੍ਰਚਾਰ ਕਰ ਕੇ, ਖਲਕਤ, ਸੁੱਤੀ ਜਗਾਈ ਸੀ ਪਾਤਸ਼ਾਹ ਨੇ।*
*ਰੱਖੇ ਬਾਈ ਸੌ ਘੋੜ ਸਵਾਰ ਭਾਵੇਂ, ਨਾ ਕੋਈ ਕੀਤੀ ਲੜਾਈ ਸੀ ਪਾਤਸ਼ਾਹ ਨੇ।*
*ਥਾਂ-ਥਾਂ ਖੋਲ੍ਹ ਗਰੀਬਾਂ ਲਈ ਦਵਾਖਾਨੇ, ਸੁਖੀ ਕੀਤੀ ਲੋਕਾਈ ਸੀ ਪਾਤਸ਼ਾਹ ਨੇ।*
*ਰਾਜੀ ਜੀਹਦੇ ਨਾਲ ਦਾਰਾ ਸ਼ਿਕੋਹ ਹੋਇਆ, ਏਥੋਂ ਭੇਜੀ ਦਵਾਈ ਸੀ ਪਾਤਸ਼ਾਹ ਨੇ।*
*ਸੱਦਾ ਆਇਆ ਔਰੰਗੇ ਦਾ ਗੁਰਾਂ ਤਾਂਈਂ, ਰਾਮਰਾਇ ਨੂੰ ਕੀਤਾ ਤਿਆਰ ਓਨ੍ਹਾਂ।*
*ਸਿੱਖੀ ਉੱਤੇ ਕੋਈ ਆਂਚ ਨਹੀਂ ਆਉਣ ਦੇਣੀ, ਕਿਹਾ ਓਸ ਨੂੰ ਨਾਲ ਪਿਆਰ ਓਨ੍ਹਾਂ।*
*ਓਹਨੇ ਜਦੋਂ ਗੁਰਬਾਣੀ ਦੀ ਤੁੱਕ ਬਦਲੀ, ਸਦਾ-ਸਦਾ ਲਈ ਦਿੱਤਾ ਦੁਰਕਾਰ ਓਨ੍ਹਾਂ।*
*ਕਰਕੇ ਸਦਾ ਦੇ ਲਈ ਬੇਦਖ਼ਲ 'ਜਾਚਕ', ਮੱਥੇ ਲਾਉਣ ਤੋਂ ਕੀਤਾ ਇਨਕਾਰ ਓਨ੍ਹਾਂ।*

*ਸ੍ਰੀ ਗੁਰੂ ਹਰਿਰਾਇ ਸਾਹਿਬ

*#੨੨੨, ਮਾਡਲ ਗਰਾਮ, ਲੁਧਿਆਣਾ-੧੪੧੦੦੨ ਮੋ: +੯੧੯੯੮੮੩-੨੧੨੪੫

ਕਵਿਤਾ

# ਚੱਲ ਸਿੰਘਾ! ਨਨਕਾਣੇ ਚੱਲੀਏ

-ਗਿਆਨੀ ਸੋਹਣ ਸਿੰਘ ਸੀਤਲ*

ਚੱਲ ਸਿੰਘਾ! ਨਨਕਾਣੇ ਚੱਲੀਏ, ਅਣਖ ਪਈ ਲਲਕਾਰੇ
ਚੱਲ ਸਿੰਘਾ! ਨਨਕਾਣੇ ਚੱਲੀਏ, ਗ਼ੈਰਤ ਵਾਜਾਂ ਮਾਰੇ
ਜਗਤ ਜਲੰਦਾ ਠਾਰਨ ਖ਼ਾਤਰ
ਜਿੱਥੇ ਸਤਿਗੁਰ ਆਇਆ
ਤ੍ਰਿਪਤਾ ਦੀ ਸ਼ੁਭ ਗੋਦੀ ਤਾਈਂ
ਭਾਗ ਹਰੀ ਨੇ ਲਾਇਆ
ਓਸ ਪਵਿੱਤਰ ਧਰਤੀ ਉੱਤੇ
ਕਹਿਰ ਮਲੇਸ਼ ਗੁਜ਼ਾਰੇ
ਚੱਲ ਸਿੰਘਾ! ਨਨਕਾਣੇ ਚੱਲੀਏ
ਅਣਖ ਪਈ ਲਲਕਾਰੇ
ਜਿੱਥੇ ਬਾਲਾਂ ਨੂੰ ਸੀ ਪਿਆਰਾ
'ਵਾਹਿਗੁਰੂ' ਨਾਮ ਜਪਾਂਦਾ
'ਅੱਲਾਹੂ ਅਕਬਰ' ਦੇ ਨਾਅਰੇ
ਓਥੇ 'ਸ਼ੌਕਤ' ਲਾਂਦਾ
ਝੰਡੇ ਲੀਗ ਝੁਲਾਏ ਆਪਣੇ
ਤੇਰੇ ਨਸ਼ਾਨ ਉਤਾਰੇ
ਚੱਲ ਸਿੰਘਾ! ਨਨਕਾਣੇ ਚੱਲੀਏ
ਅਣਖ ਪਈ ਲਲਕਾਰੇ
ਕੀਤੇ ਜ਼ੁਲਮ 'ਨਰੈਣੂ' ਨੇ ਜਦ
ਸੂਰੇ ਉਠ ਖਲੋਤੇ
ਪਾਪੀ ਦੇ ਪਾਪਾਂ ਦੇ ਲਾਏ
ਦਾਗ਼ ਲਹੂ ਨਾਲ ਧੋਤੇ
ਅੱਜ 'ਜਿਨਾਹ' ਦੇ ਕਾਰੇ ਕੀਤੇ
ਕਿਉਂ ਤੂੰ ਮਨੋ ਵਿਸਾਰੇ
ਚੱਲ ਸਿੰਘਾ! ਨਨਕਾਣੇ ਚੱਲੀਏ
ਅਣਖ ਪਈ ਲਲਕਾਰੇ
ਗੁਰਧਾਮਾਂ ਦੀ ਸੇਵਾ ਖ਼ਾਤਰ

*ਜੋ ਸਿਰ ਭੇਟਾ ਕਰਦੇ*
*ਉਹਨਾਂ ਦੀ ਤੂੰ ਅੰਸ ਸਦਾਵੇਂ*
*ਭੰਬਟ ਜੋ ਸੜ ਮਰਦੇ*
*ਨਾਲ ਜੰਡਾਂ ਦੇ ਬੱਝ ਕੇ ਸੜ ਗਏ*
*ਬਲਦੇ ਭੱਠੇ ਠਾਰੇ*
*ਚੱਲ ਸਿੰਘਾ! ਨਨਕਾਣੇ ਚੱਲੀਏ*
*ਅਣਖ ਪਈ ਲਲਕਾਰੇ*
*ਕਿੱਥੇ ਸਿੱਖੀ ਰਹਿ ਗਈ ਤੇਰੀ*
*ਮਾਣ ਕਰੇਂ ਕਿਸ ਗੱਲ ਦਾ?*
*ਅੱਜ ਤੇਰੇ ਨਨਕਾਣੇ ਉੱਤੇ*
*ਹੁਕਮ ਕਿਸੇ ਦਾ ਚੱਲਦਾ*
*ਫੁੱਲਾਂ ਦੀ ਵਰਖਾ ਦੀ ਥਾਂ ’ਤੇ*
*ਚੱਲਣ ਖ਼ੂਨ ਫੁਹਾਰੇ*
*ਚੱਲ ਸਿੰਘਾ! ਨਨਕਾਣੇ, ਚੱਲੀਏ*
*ਅਣਖ ਪਈ ਲਲਕਾਰੇ*
*ਗੁਰਪੁਰਬਾਂ ਥਾਂ ਈਦਾਂ ਹੋਸਣ*
*ਜ਼ਿਬਹਾ ਹੋਣ ਗੀਆਂ ਗਾਂਈਂ*
*ਭਾਈਆਂ ਥਾਂ ਮੁਲਵਾਣੇ ਬਣਸਨ*
*ਗੁਰਧਾਮਾਂ ਦੇ ਸਾਈਂ*
*ਕਿੱਥੇ ਸੀਸ ਝੁਕਾਵੇਂਗਾ ਫਿਰ?*
*ਨਾਨਕ ਦੇ ਦੁਲਾਰੇ!*
*ਚੱਲ ਸਿੰਘਾ! ਨਨਕਾਣੇ ਚੱਲੀਏ*
*ਅਣਖ ਪਈ ਲਲਕਾਰੇ*
*ਲੋਹੇ ’ਤੇ ਲੋਹਾ ਖੜਕਾਉਣਾ*
*ਤੇਰੀ ਬਾਣ ਧੁਰਾਂ ਦੀ*
*ਸ਼ੇਰਾਂ ਦੀ ਸੰਤਾਨ– ‘ਖ਼ਾਲਸਾ’।*
*ਤੈਨੂੰ ਦੁਨੀਆਂ ਆਹੰਦੀ*
*ਅੱਜ ਪੁਰਾਣਾ ਦੁਸ਼ਮਣ ਤੇਰਾ*
*ਤੈਨੂੰ ਫੇਰ ਵੰਗਾਰੇ*
*ਚੱਲ ਸਿੰਘਾ! ਨਨਕਾਣੇ ਚੱਲੀਏ*
*ਅਣਖ ਪਈ ਲਲਕਾਰੇ*

*ਛੱਡ ਦੇ ਮੋਹ ਜੀਵਨ ਦਾ ਸਿੰਘਾ।*
*ਨਾ ਕਰ ਜਾਨ ਪਿਆਰੀ*
*ਸੀਸ ਤਲੀ 'ਤੇ ਧਰ ਕੇ ਸ਼ੇਰਾ*
*ਕਰ ਲੈ ਕੂਚ ਤਿਆਰੀ*
*ਜਾਂ ਨਨਕਾਣਾ ਲੈ ਲਿਆ ਆਪਣਾ*
*ਜਾਂ ਫਿਰ ਸੁਰਗ ਸਿਧਾਰੇ*
*ਚੱਲ ਸਿੰਘਾ! ਨਨਕਾਣੇ ਚੱਲੀਏ*
*ਅਣਖ ਪਈ ਲਲਕਾਰੇ*

***੨੩-੧੦-੪੭ ਈ.***

*'ਸੀਤਲ ਵਾਰਾਂ' ਵਿੱਚੋਂ ਧੰਨਵਾਦ ਸਹਿਤ*

■

## ਬੇਨਤੀ

ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿੰਨ੍ਹਾਂ ਪਾਸ ਘਰਾਂ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਪਾਵਨ ਸਰੂਪ ਬਿਰਾਜਮਾਨ ਹਨ, ਉਨ੍ਹਾਂ ਨੇ ਇਸ ਦੀ ਸੂਚਨਾ ਤਖ਼ਤ ਸਾਹਿਬਾਨ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਨੇੜਲੇ ਗੁਰਦੁਆਰਾ ਸਾਹਿਬਾਨ ਵਿਖੇ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਗੁਰੂ-ਪੰਥ ਦਾ ਦਾਸ
ਸਕੱਤਰ,
ਧਰਮ ਪ੍ਰਚਾਰ ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ਕਵਿਤਾ

# ਹਾਇ! ਪਕੜ ਕੇ ਜ਼ਿੰਦਾ ਜਲਾ ਦਿੱਤਾ

-ਸ. ਬਿਸ਼ਨ ਸਿੰਘ*

*ਸਾਕਾ ਜਨਮ ਅਸਥਾਨ ਵਿਚ ਵਰਤਿਆ ਜੋ,*
*ਕੀਕੂੰ ਦੱਸ ਕੇ ਕਰਾਂ ਬਿਆਨ ਵੀਰੋ।*
*ਤਾਕਤ ਨਹੀਂ ਜੋ ਲੇਖਣੀ ਲਿਖ ਸਕੇ,*
*ਹਿੰਮਤ ਨਹੀਂ ਜੋ ਕਹੇ ਜ਼ਬਾਨ ਵੀਰੋ।*
*ਸੀਨਾ ਚਾਕ ਹੁੰਦਾ ਮੂੰਹੋਂ ਆਖਦਿਆਂ ਥੀਂ,*
*ਫਟੇ ਜ਼ਿਮੀਂ ਤੇ ਡਿੱਗੇ ਅਸਮਾਨ ਵੀਰੋ।*
*ਬਿਸ਼ਨ ਸਿੰਘ ਇਹ ਜ਼ੁਲਮ ਦੀ ਅੱਤ ਹੋਈ,*
*ਮਚੀ ਧੁਮ ਸਾਰੇ ਹਿੰਦੁਸਤਾਨ ਵੀਰੋ।*

*ਡਾਢਾ ਕਹਿਰ ਕੀਤਾ ਨਰੈਣ ਦਾਸ ਪਾਪੀ,*
*ਦਰਸ਼ਨ ਕਰਨ ਆਇਆਂ ਨੂੰ ਕੁਹਾ ਦਿੱਤਾ।*
*ਨਾਮ ਸਾਧ ਕਰਤੂਤ ਕਸਾਈਆਂ ਦੀ,*
*ਵਾਂਗ ਬੱਕਰੇ ਜ਼ਿਬਾਹ ਕਰਾ ਦਿੱਤਾ।*
*ਸਿੰਘਾਂ ਪਿਆਰਿਆਂ ਸਿਦਕੀ ਪ੍ਰੇਮੀਆਂ ਨੂੰ,*
*ਹਾਇ ਪਕੜ ਕੇ ਜ਼ਿੰਦਾ ਜਲਾ ਦਿੱਤਾ।*
*ਹੇ ਮਰਦੂਦ ਕੀ ਦੇਸੇਂ ਜਵਾਬ ਅੱਗੇ,*
*ਜੋ ਨਿਰਦੋਸ਼ਾਂ ਦਾ ਖ਼ੂਨ ਵਹਾ ਦਿੱਤਾ।*

*ਬਸ ਅੱਤ ਹੋਈ ਤੇਰੇ ਜ਼ੁਲਮ ਸੰਦੀ,*
*ਪੱਥਰ ਦਿਲ ਪਾਪੀ ਨਾ ਕੋਈ ਰਹਿਮ ਆਯਾ।*
*ਜਾ ਪੁੱਛ ਕੇ ਵੇਖ ਕਸਾਈਆਂ ਨੂੰ,*
*ਚਿੱਤ ਉਨ੍ਹਾਂ ਦੇ ਭੀ ਹੁੰਦੀ ਕੁਝ ਦਇਆ।*
*ਇੱਕੋ ਵੇਰ ਵੱਢ ਦੇਣ ਉਹ ਬੱਕਰੇ ਨੂੰ,*
*ਕਿਹਾ ਰੱਬ ਦੇ ਜੀਵ ਨੇ ਦੁੱਖ ਪਾਇਆ।*
*ਰੂਪ ਸਾਧ ਦਾ ਧਾਰ ਕੇ ਪਾਪੀਆ ਓਏ,*
*ਇਹ ਕੀ ਵਿਚ ਸੰਸਾਰ ਦੇ ਕਲੰਕ ਲਾਇਆ।*

*ਚਕਵਾਲ

*ਜਿਸ ਮਾਇਆ ਨੂੰ ਛੋਡ ਕੇ ਸਾਧ ਬਣਿਓਂ,*
*ਕਾਹਨੂੰ ਓਸ ਦੇ ਵਿਚ ਗਲਤਾਨ ਹੋਇਓਂ।*
*ਨਾਮ ਰੱਬ ਦਾ ਲੈਣਾ ਸੀ ਸਾਧ ਹੋ ਕੇ,*
*ਵਿਸ਼ੇ ਭੋਗ ਦੇ ਵਿਚ ਮਸਤਾਨ ਹੋਇਓਂ।*
*ਨਾਰੀ ਘਰ ਦੀ ਤਜੀ ਫ਼ਕੀਰ ਹੋ ਕੇ,*
*ਰੱਖ ਮਿਰਾਸਣਾਂ ਨਸ਼ਰ ਜਹਾਨ ਹੋਇਓਂ।*
*ਦੱਸ ਇਸ ਫ਼ਕੀਰੀ ਤੋਂ ਖੱਟਿਆ ਕੀ,*
*ਭਗਵਾ ਵੇਸ ਬਾਹਰੋਂ ਦਿਲ ਸ਼ੈਤਾਨ ਹੋਇਓਂ।*

*(ਪੰਜਾਬ ਦਰਪਣ, ਅੰਮ੍ਰਿਤਸਰ, ੧੦ ਮਾਰਚ, ੧੯੨੧ ਈ. )*

■

## ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਨੌਵੀਂ ਕਰਹਾਲੀ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਭਾਈ ਪਰਵਿੰਦਰ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਨੌਵੀਂ, ਕਰਹਾਲੀ ਸਾਹਿਬ, ਜ਼ਿਲ੍ਹਾ ਪਟਿਆਲਾ ਵਿਖੇ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਪ੍ਰੇਰਨਾ ਸਦਕਾ ੧੯ ਦਸੰਬਰ, ੨੦੨੦ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ੮੫ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ। ਪੰਜ ਪਿਆਰੇ ਸਾਹਿਬਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਪਹੁੰਚੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ। ਇਸ ਮੌਕੇ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਵੱਲੋਂ ਸੰਗਤ ਦਾ ਧੰਨਵਾਦ ਕੀਤਾ ਗਿਆ ਅਤੇ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਣਾ ਵੀ ਕੀਤੀ ਗਈ। ਇਸ ਮੌਕੇ ਗਿਆਨੀ ਸਤਪਾਲ ਸਿੰਘ ਹੈੱਡ ਗ੍ਰੰਥੀ, ਸ. ਕਮਲਜੀਤ ਸਿੰਘ ਜੋਗੀਪੁਰ, ਮੈਨੇਜਰ ਅਤੇ ਸਮੂਹ ਸੰਗਤ ਦਾ ਵਿਸ਼ੇਸ਼ ਸਹਿਯੋਗ ਰਿਹਾ।

ਖ਼ਬਰਨਾਮਾ

## ਕਿਸਾਨ ਸੰਘਰਸ਼ 'ਚ ਦਿੱਲੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਰੰਤਰ ਚਲਾਏ ਜਾ ਰਹੇ ਹਨ ਸੇਵਾ ਕਾਰਜ

ਸ੍ਰੀ ਅੰਮ੍ਰਿਤਸਰ, ੨੮ ਦਸੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਵਿਚ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨ ਲੰਗਰ ਸਮੇਤ ਹੋਰ ਸੇਵਾਵਾਂ ਲਗਾਤਾਰ ਜਾਰੀ ਰੱਖੀਆਂ ਹੋਈਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਦੇ ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਰਿਆਣਾ ਨਾਲ ਸੰਬੰਧਿਤ ਗੁਰਦੁਆਰਿਆਂ ਤੋਂ ਦਿੱਲੀ ਸਰਹੱਦ 'ਤੇ ਲੰਗਰਾਂ ਦੇ ਪ੍ਰਬੰਧ ਤੋਂ ਇਲਾਵਾ ਰਿਹਾਇਸ਼, ਮੈਡੀਕਲ ਸੇਵਾਵਾਂ ਅਤੇ ਪਖਾਨਿਆਂ ਆਦਿ ਦਾ ਪ੍ਰਬੰਧ ਕੀਤਾ ਹੈ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਸਮੇਂ-ਸਮੇਂ ਦਿੱਲੀ ਜਾ ਕੇ ਇਨ੍ਹਾਂ ਸੇਵਾਵਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਦਿੱਲੀ ਪੁੱਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਗੁਰਿੰਦਰਪਾਲ ਸਿੰਘ ਰਣੀਕੇ ਨੇ ਕਿਸਾਨਾਂ ਲਈ ਕੀਤੇ ਗਏ ਵੱਖ-ਵੱਖ ਪ੍ਰਬੰਧਾਂ ਦਾ ਜਾਇਜ਼ਾ ਲੈਣ ਉਪਰੰਤ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਦਿਨ-ਰਾਤ ਸੇਵਾਵਾਂ ਵਿਚ ਜੁਟੇ ਹੋਏ ਹਨ। ਉਨ੍ਹਾਂ ਦੱਸਿਆ ਕਿ ਕਿਸਾਨਾਂ ਦੀ ਰਿਹਾਇਸ਼ ਲਈ ਵਾਟਰ ਪਰੂਫ ਟੈਂਟ, ਗੱਦੇ ਅਤੇ ਰਜਾਈਆਂ ਆਦਿ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਤਿੰਨ ਮੈਡੀਕਲ ਟੀਮਾਂ ਕਾਰਜਸ਼ੀਲ ਹਨ, ਜਦਕਿ ਬੀਬੀਆਂ ਲਈ ਪਖਾਨਿਆਂ ਦੀ ਵਿਵਸਥਾ ਵੀ ਕੀਤੀ ਗਈ ਹੈ। ਇਸੇ ਤਰ੍ਹਾਂ ਟਿਕਰੀ ਬਾਰਡਰ, ਸਿੰਘੂ ਬਾਰਡਰ ਅਤੇ ਅੰਬਾਲਾ ਨੇੜੇ ਲੰਗਰ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਵੱਡੀ ਗਿਣਤੀ ਕਰਮਚਾਰੀ ਦਿੱਲੀ ਵਿਖੇ ਤਾਇਨਾਤ ਹਨ। ਦੱਸਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਿਸਾਨ ਸੰਘਰਸ਼ ਦੌਰਾਨ ਚਲਾਣਾ ਕਰਨ ਵਾਲੇ ਕਿਸਾਨਾਂ ਲਈ ਇੱਕ-ਇੱਕ ਲੱਖ ਰੁਪਏ ਦੀ ਸਹਾਇਤਾ ਦਾ ਵੀ ਐਲਾਨ ਕੀਤਾ ਹੋਇਆ ਹੈ।

## ਬੀਬੀ ਜਗੀਰ ਕੌਰ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਮਾਤਾ ਉਪਕਾਰ ਕੌਰ ਦੇ ਚਲਾਣੇ 'ਤੇ ਦੁਖ ਪ੍ਰਗਟ ਕੀਤਾ

ਸ੍ਰੀ ਅੰਮ੍ਰਿਤਸਰ, ੨੯ ਦਸੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਮਾਤਾ ਉਪਕਾਰ ਕੌਰ

ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬੀਬੀ ਜਗੀਰ ਕੌਰ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਮਾਤਾ ਉਪਕਾਰ ਕੌਰ ਤਿਆਗ ਦੀ ਮੂਰਤ ਸਨ। ਉਨ੍ਹਾਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਸੁਰਜੀਤ ਸਿੰਘ ਭਿਟੇਵੱਡ, ਜੂਨੀਅਰ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ, ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਅਤੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਸਮੇਤ ਹੋਰਨਾਂ ਨੇ ਵੀ ਮਾਤਾ ਉਪਕਾਰ ਕੌਰ ਦੇ ਚਲਾਣੇ 'ਤੇ ਦੁਖ ਦਾ ਇਜ਼ਹਾਰ ਕੀਤਾ।

## ਭਾਈ ਸੁਖਦੇਵ ਸਿੰਘ ਸੁੱਖਾ ਦੇ ਪਿਤਾ ਸ. ਮਹਿੰਗਾ ਸਿੰਘ ਦੇ ਚਲਾਣੇ 'ਤੇ ਬੀਬੀ ਜਗੀਰ ਕੌਰ ਨੇ ਦੁੱਖ ਪ੍ਰਗਟਾਇਆ

ਸ੍ਰੀ ਅੰਮ੍ਰਿਤਸਰ, ੭ ਜਨਵਰੀ : ਸਿੱਖ ਸੰਘਰਸ਼ ਦੇ ਯੋਧੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੇ ਪਿਤਾ ਸ. ਮਹਿੰਗਾ ਸਿੰਘ ਦੇ ਅਕਾਲ ਚਲਾਣੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਦੱਸਣਯੋਗ ਹੈ ਕਿ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦਾ ਪਰਵਾਰ ਰਾਜਸਥਾਨ 'ਚ ਤਹਿਸੀਲ ਕਰਨਪੁਰ ਦੇ ਪਿੰਡ ੧੯ ਐਫ.ਐਫ. ਵਿਖੇ ਰਹਿੰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ. ਮਹਿੰਗਾ ਸਿੰਘ ਦੇ ਚਲਾਣੇ 'ਤੇ ਸੰਵੇਦਨਾ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਸ. ਮਹਿੰਗਾ ਸਿੰਘ ਦਾ ਚਲਾਣਾ ਦੁਖਦਾਈ ਹੈ। ਬੀਬੀ ਜਗੀਰ ਕੌਰ ਨੇ ਕਰਤਾ ਪੁਰਖ ਦੇ ਚਰਨਾਂ ਵਿਚ ਸ. ਮਹਿੰਗਾ ਸਿੰਘ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਸੁਰਜੀਤ ਸਿੰਘ ਭਿੱਟੇਵੱਡ, ਜੂਨੀਅਰ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ, ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ, ਅੰਤ੍ਰਿੰਗ ਮੈਂਬਰ ਬਾਬਾ ਚਰਨਜੀਤ ਸਿੰਘ ਜੱਸੋਵਾਲ ਅਤੇ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ ਨੇ ਵੀ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੇ ਪਿਤਾ ਸ. ਮਹਿੰਗਾ ਸਿੰਘ ਦੇ ਚਲਾਣੇ 'ਤੇ ਅਫ਼ਸੋਸ ਪ੍ਰਗਟ ਕੀਤਾ। ■



**ਫਲਾਈਂਗ ਅਫ਼ਸਰ ਨਿਰਮਲਜੀਤ ਸਿੰਘ (ਸੇਖੋਂ) ਪਰਮਵੀਰ ਚੱਕਰ**

**ਸੋਧ:- ਜਨਵਰੀ 2021 ਦੇ ਅੰਕ ਵਿਚ ਫਲਾਈਂਗ ਅਫ਼ਸਰ ਨਿਰਮਲਜੀਤ ਸਿੰਘ (ਸੇਖੋਂ) ਪਰਮਵੀਰ ਚੱਕਰ ਦੀ ਥਾਂ 'ਤੇ ਸੂਬੇਦਾਰ ਨਿਰਮਲ ਸਿੰਘ ਪਰਮਵੀਰ ਚੱਕਰ ਦੀ ਫ਼ੋਟੋ ਗ਼ਲਤੀ ਨਾਲ ਛਪ ਗਈ ਸੀ। ਪਾਠਕਾਂ ਨੂੰ ਹੋਈ ਅਸੁਵਿਧਾ ਲਈ ਅਸੀਂ ਖ਼ਿਮਾ ਮੰਗਦੇ ਹਾਂ। ਇਸ ਅੰਕ ਵਿਚ ਫਲਾਈਂਗ ਅਫ਼ਸਰ ਨਿਰਮਲਜੀਤ ਸਿੰਘ (ਸੇਖੋਂ) ਪਰਮਵੀਰ ਚੱਕਰ ਦੀ ਫ਼ੋਟੋ ਛਾਪੀ ਗਈ ਹੈ।**

Registered with Registrar of Newspaper at No. 354/57

Postal Regd.No.L-I/PB-ASR/007/2019-2021 Without Pre-payment of Postage under License no. PB/0370/2019-21

# GURMAT PARKASH

February 2021

Dharam Parchar Committee, Shiromani Gurdwara Parbandhak Committee, Sri Amritsar Sahib



ਜਰਨਲ ਬਿਕਰਮ ਸਿੰਘ

Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 5-2-2021